# ਸਮਤਾ

ਜਨਵਰੀ 1984 (ਅੰਕ 44)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੰਜੀ ਲਾਇਬ੍ਰੇਰੀ ਵਿੱਚੋਂ।

ਜਨਵਰੀ 1984 44
ਮੁੱਲ—ਦੋ ਰੁਪਏ

## ਸੰਪਾਦਕੀ

ਸਾਲ 1984 ਕੁਝ ਨਵੀਆਂ ਚੁਣੌਤੀਆਂ ਅੌਤੇ ਨਵੀਆਂ ਸੰਭਾਵਨਾਵਾਂ ਲੈ ਕੇ ਚੜ੍ਹਿਆ ਹੈ। ਸੰਸਾਰ ਪੱਧਰ ਤੇ ਜੇ ਮਨੁੱਖ–ਦੋਖੀ ਜੰਗਬਾਜ਼ਾਂ ਨੇ ਨਵੇਂ ਤੋਂ ਨਵੇਂ ਮਾਰੂ ਹਥਿਆਰ ਈਜਾਦ ਕੀਤੇ ਹਨ; ਜਿਹੜੇ ਜੰਗ ਹੋਣ ਤੇ ਸਾਰੇ ਸੰਸਾਰ ਦੇ ਲੋਕਾਂ ਨੂੰ ਤਬਾਹ ਜਾਂ ਅਪਾਹਜ ਕਰ ਸਕਦੇ ਹਨ, ਤਾਂ ਉਹਨਾਂ ਦੇ ਵਿਰੁਧ ਜਿਹੜੇ ਵਿਖਾਵੇ ਹੋਏ ਹਨ, ਉਹਨਾਂ ਨੇ ਜੰਗਬਾਜ਼ਾਂ ਦੇ ਮਨਸੂਬਿਆਂ ਉਤੇ ਭਾਰੀ ਸੱਟ ਮਾਰੀ ਹੈ। ਯੋਰਪ ਵਿਚ ਇਕੱਲੇ ਬਰਲਿਨ ਸ਼ਹਿਰ ਵਿਚ ਦੋ ਲੱਖ ਲੋਕ, ਇਸਤ੍ਰੀਆਂ, ਮਰਦ ਤੇ ਬੱਚੇ ਸੜਕ ਤੇ ਆਏ ਅਤੇ ਮਨੁੱਖਤਾ ਦੀ ਆਵਾਜ਼ ਨੂੰ ਬੁਲੰਦ ਕਰਦਿਆਂ ਜੰਗਬਾਜ਼ਾਂ ਨੂੰ ਚੁਣੌਤੀ ਦਿਤੀ ਕਿ ਉਹ ਨਵੀਂ ਸੰਸਾਰ ਜੰਗ ਨੂੰ ਕਦੀ ਨਹੀਂ ਹੋਣ ਦੇਣਗੇ। ਯੂ.ਐਨ.ਓ. ਦੇ ਪ੍ਰਧਾਨ ਨੇ ਵੀ ਇਹ ਐਲਾਨ ਕੀਤਾ ਕਿ ਜੰਗ ਦਾ ਮਸਲਾ ਹੁਣ ਵਡੀਆਂ ਤਾਕਤਾਂ ਦਾ ਮਸਲਾ ਹੀ ਨਹੀਂ ਰਹਿ ਗਿਆ, ਇਹਦੇ ਵਿਚ ਸਾਰੀ ਦੁਨੀਆਂ ਦੇ ਲੋਕਾਂ ਦਾ ਭਵਿਖ ਦਾਅ ਤੇ ਲਗਦਾ ਹੈ। ਇਸ ਤਬਾਹੀ ਦੇ ਅਹਿਸਾਸ ਨੇ ਕੌਮਾਂ ਅਤੇ ਦੇਸ਼ਾਂ ਦੀਆਂ ਹਦਬੰਦੀਆਂ ਤੋੜਦਿਆਂ ਹੋਇਆਂ ਲੋਕਾਂ ਨੂੰ ਦੋ ਧਿਰਾਂ ਵਿਚ ਵੰਡ ਦਿਤਾ ਹੈ, ਇਕ ਧਿਰ ਮਨੁੱਖ ਦੋਖੀ ਲੋਕਾਂ ਦੀ ਹੈ ਅਤੇ ਦੂਜੀ ਧਿਰ ਮਨੁੱਖ ਦੇ ਹਿੱਤਾਂ ਦੀ ਰਖਵਾਲੀ ਕਰਨ ਵਾਲਿਆਂ ਦੀ ਹੈ। ਸਾਡੀ ਆਪਣੀ ਸਰਕਾਰ ਦੇ ਆਗੂ ਜ਼ਾਹਰਾ ਤੌਰ ਤੇ ਜੰਗੀ ਨੀਤੀਆਂ ਦੇ ਵਿਰੁਧ ਜ਼ੋਰਦਾਰ ਆਵਾਜ਼ ਉਠਾਂਦੇ ਹਨ ਅਤੇ ਸਾਡੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅੰਤਰਰਾਸ਼ਟਰੀ ਪੱਧਰ ਤੇ ਜੰਗ ਵਿਰੋਧੀ ਧਿਰ ਦੀ ਸਰਕਰਦਾ ਨੁਮਾਇੰਦਾ ਹੈ, ਪਰ ਆਪਣੇ ਦੇਸ਼ ਉਤੇ ਇਹ ਨੀਤੀਆਂ ਲਾਗੂ ਕਰਨ ਲਗਿਆਂ ਉਹਨੇ ਕਦੀ ਸੁਹਿਰਦਤਾ ਨਹੀਂ ਵਿਖਾਈ। ਹਰ ਸਮੇਂ ਇਹੋ ਦੁਹਾਈ ਦੇਈ ਰੱਖਣਾ ਕਿ ਹਿੰਦੋਸਤਾਨ ਨੂੰ ਪਾਕਿਸਤਾਨ ਤੋਂ ਖਤਰਾ ਹੈ, ਜਾਣ ਬੁੱਝ ਕੇ ਪਾਕਿਸਤਾਨ ਅਤੇ ਹਿੰਦੋਸਤਾਨ ਦੇ ਲੋਕਾਂ ਵਿਚ ਖਿਚਾਅ ਪਾਉਣ ਦੀ ਅਤੇ ਆਪਣੀਆਂ ਘਰੇਲੂ ਨੀਤੀਆਂ ਦੀ ਅਸਫਲਤਾ ਨੂੰ ਛੁਪਾਉਣ ਦੀ ਗਿਣੀ ਮਿਥੀ ਸ਼ਤਰੰਜੀ ਚਾਲ ਹੈ। ਅਖੇ ਪਾਕਿਸਤਾਨ ਅਮਰੀਕਾ ਤੋਂ ਬੜੇ ਮਾਰੂ ਹਥਿਆਰ ਲੈ ਰਿਹਾ ਹੈ, ਕੀ ਹਿੰਦੋਸਤਾਨ ਬਗ਼ੈਰ ਇਹਨਾਂ ਮਾਰੂ ਹਥਿਆਰਾਂ ਦੇ ਹੀ ਬੈਠਾ ਹੈ? ਜਦੋਂ ਦੀ ਅਸੀਂ ਹੋਸ਼ ਸੰਭਾਲੀ ਹੈ ਦੋ ਖ਼ਤਰੇ ਹਮੇਸ਼ਾ ਹੀ ਸਾਡੇ ਤੇ ਚੜ੍ਹੇ ਆਏ ਹਨ। ਵੱਡੀ ਪੱਧਰ ਤੇ ਹਿੰਦੋਸਤਾਨ 'ਖ਼ਤਰੇ' ਵਿਚ ਹੁੰਦਾ ਹੈ ਅਤੇ ਆਪਣੇ ਸੂਬੇ ਦੀ ਪੱਧਰ ਤੇ ਪੰਥ 'ਖ਼ਤਰੇ' ਵਿਚ ਹੁੰਦਾ ਹੈ। ਕੁਰਸੀਆਂ ਦੀ ਲੜਾਈ ਲਈ ਇਹਨਾਂ 'ਖ਼ਤਰਿਆਂ' ਨੂੰ ਮੋਹਰਾਂ ਬਨਾਉਣ ਦੀ ਚਾਲ ਸਾਡੇ ਸਾਰੇ ਲੋਕਾਂ ਨੂੰ ਸਮਝਣੀ ਚਾਹੀਦੀ ਹੈ, ਤਾਂ ਹੀ ਅਸੀਂ ਮਨੁੱਖੀ ਹਿੱਤਾਂ ਦੀ ਰਖਵਾਲੀ ਵਾਲੀ ਧਿਰ ਦੇ ਨਾਲ ਪੱਕੀ ਤਰ੍ਹਾਂ ਖਲੋ ਸਕਾਂਗੇ। ਇਹਦੇ ਲਈ ਜ਼ਾਤ, ਧਰਮ, ਦੇਸ਼ ਦੀਆਂ ਸੌੜੀਆਂ ਵਲਗਣਾਂ ਤੋਂ ਉਪਰ ਉੱਠਕੇ ਸੋਚਣ ਦੀ ਲੋੜ ਹੈ। ਮਾਰੂ ਹਥਿਆਰਾਂ ਦੀ ਸ਼ਾਇਦ ਇਹ ਹਾਂ-ਪੱਖੀ ਦੇਣ ਹੈ ਕਿ ਉਸਨੇ ਸਮੂਹ ਮਨੁੱਖ ਲਈ ਖ਼ਤਰਾ ਪੈਦਾ ਕਰ ਦਿਤਾ ਹੈ ਅਤੇ ਸਮੂਹ ਮਨੁੱਖ ਨੂੰ ਮੈਦਾਨ ਵਿਚ ਆਉਣ ਦੀ ਚੁਣੌਤੀ ਦਿਤੀ ਹੈ। ਸਾਨੂੰ ਇਹ ਚੁਣੌਤੀ ਕਬੂਲ ਕਰਨੀ ਪਏਗੀ।

ਆਪਣੇ ਦੇਸ਼ ਵਿਚ ਸਾਨੂੰ ਵੱਡੀ ਚੁਣੌਤੀ ਭ੍ਰਿਸ਼ਟਾਚਾਰੀ ਵਰਤਾਰੇ ਵਲੋਂ ਹੈ। ਇਹ ਭ੍ਰਿਸ਼ਟਾਚਾਰ ਉਤੋਂ ਰਾਜਸੀ ਪੱਧਰ ਤੋਂ ਚਲਦਾ ਹੋਇਆ ਹੁਣ ਸਮਾਜ ਦੇ ਹਰ ਪਹਿਲੂ ਨੂੰ ਆਪਣੀ ਲਪੇਟ ਵਿਚ ਲੈ ਚੁੱਕਿਆ ਹੈ। ਸਾਰੀਆਂ ਮਨੁੱਖੀ ਕਦਰਾਂ ਕੀਮਤਾਂ ਹੁਣ ਸਮਾਜ ਵਿਚ ਖਤਮ ਹੋ ਰਹੀਆਂ ਹਨ ਜਾਂ ਖਤਮ ਹੋ ਚੁਕੀਆਂ ਹਨ। ਬਹੁਤ ਸਾਰੀਆਂ ਸ਼ਕਤੀਆਂ ਜਿਨ੍ਹਾਂ ਨੇ ਜਥੇਬੰਦੀ ਦੇ ਤੌਰ ਤੇ ਇਸ ਭ੍ਰਿਸ਼ਟਾਚਾਰ ਦਾ ਮੁਕਾਬਲਾ ਕਰਨਾ ਸੀ, ਉਹਨਾਂ ਨੇ ਆਪਣੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਇਹ ਕਹਿ ਕੇ ਸੁਰਖ਼ਰੂ ਕਰ ਲਿਆ ਹੈ ਕਿ ਇਹ ਸਭ ਕੁਝ ਸਿਸਟਮ ਦੀ ਦੇਣ ਹੈ। ਮਿਹਨਤਕਸ਼ ਜਮਾਤ ਦੀ

### ਇਸ ਅੰਕ ਵਿਚ

ਸੰਪਾਦਕੀ—ਨਵੇਂ ਸਾਲ ਦੀਆਂ ਚੁਣੌਤੀਆਂ
ਵਿਚਾਰ ਚਰਚਾ—ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਵਿਚਾਰ
ਕਹਾਣੀ—ਉਹ ਵੀ ਕੀ ਕਰਦਾ/ਲਾਲ ਸਿੰਘ
ਕਵਿਤਾਵਾਂ—ਸੁਰਿੰਦਰ ਮਚਾਕੀ, ਜਸਪਾਲ ਜੱਸੀ, ਗੁਰਦਿਆਲ ਦਲਾਲ, ਜਗਤਾਰ ਢਾਅ ਅਤੇ ਹਰਜੀਤ ਦੌਧਰੀਆ
ਨਾਟਕ—ਹਰ ਇਕ ਨੂੰ ਜੀਣ ਦਾ ਹੱਕ ਚਾਹੀਦੈ/ਗੁਰਸ਼ਰਨ ਸਿੰਘ
ਪਾਠਕ ਲੇਖਕ ਫੋਰਮ—ਗੁਰਮੀਤ ਕੱਲਰ ਮਾਜਰੀ ਇਕ ਪਾਠਕ, ਤਰਲੋਚਨ ਸਮਾਧਵੀ, ਹਰਚਰਨ ਬਾਸੀ, ਚਰਨ ਸਿੰਘ, ਸੁਖਜੀਤ ਅਤੇ ਅਜਮੇਰ ਸੰਧੂ

ਸਰਦਾਰੀ ਵਿਚ ਇਨਕਲਾਬ ਆਵੇਗਾ ਅਤੇ ਫੇਰ ਹੀ ਇਹ ਭ੍ਰਿਸ਼ਟਾਚਾਰ ਖਤਮ ਹੋਏਗਾ। ਜੇ ਇਹ ਸਵਾਲ ਪੁਛਿਆ ਜਾਏ ਕਿ ਮਿਹਨਤਕਸ਼ ਜਮਾਤ ਕਦੋਂ ਜਥੇਬੰਦ ਹੋਏਗੀ, ਉਹ ਇਸ ਇਨਕਲਾਬ ਦੀ ਸਰਦਾਰੀ ਕਦੋਂ ਸਾਂਭੇਗੀ, ਤਾਂ ਘੜਿਆ ਘੜਾਇਆ ਜਵਾਬ ਹੈ ਕਿ ਸੰਸਾਰ ਭਰ ਵਿਚ ਸਰਮਾਏਦਾਰੀ ਸਿਸਟਮ ਸੰਕਟ ਵਿਚ ਹੈ ਅਤੇ ਉਹ ਜਲਦੀ ਹੀ ਢਹਿ ਜਾਏਗਾ। ਸਥਿਤੀ ਇਹ ਹੈ ਕਿ ਲੋਕਾਂ ਦਾ ਸਿਆਸਤ ਜਾਂ ਸਿਆਸੀ ਪਾਰਟੀਆਂ ਵਿਚੋਂ ਵਿਸ਼ਵਾਸ਼ ਟੁੱਟ ਚੁੱਕਿਆ ਹੈ ਅਤੇ ਉਹ ਬੇਦਿਲੇ ਜਿਹੇ ਹੋ ਕੇ ਇਕੋ 'ਜਿਉਂ ਦੀ ਤਿਉਂ' ਜ਼ਿੰਦਗੀ ਗੁਜ਼ਾਰੀ ਜਾਂਦੇ ਹਨ, ਚੋਣਾਂ ਨੂੰ 'ਇਕ ਪਰਚੀਆਂ ਦਾ ਮੇਲਾ' ਸਮਝਕੇ ਸ਼ੁਗਲ ਦੇ ਰੌਂ ਵਿਚ ਪਰਚੀਆਂ ਪਾ ਦੇਂਦੇ ਹਨ ਤੇ ਮੇਲੇ ਵਿਚ ਜਿਹੜਾ ਆਪਣੀ ਦੁਕਾਨ ਨੂੰ ਬਹੁਤ ਲਿਸ਼ਕਾ ਸਕਦਾ ਹੈ ਜਾਂ ਸਜਾਵਟ ਕਰਕੇ ਖਿੱਚ ਪੈਦਾ ਕਰ ਸਕਦਾ ਹੈ, ਰੌਣਕ ਉਹਦੇ ਆਲੇ ਦੁਆਲੇ ਬਹੁਤ ਲੱਗ ਜਾਂਦੀ ਹੈ ਤੇ ਇਹ ਦੁਕਾਨ ਪੈਸੇ ਵਾਲੇ ਲੋਕ ਬਹੁਤ ਚੰਗੀ ਤਰ੍ਹਾਂ ਸਜਾ ਸਕਦੇ ਹਨ। ਲੋਕਾਂ ਨੂੰ ਚੇਤਨ ਕਰਨ ਲਈ ਹੁਣ ਇਕ ਐਸੀ ਲਹਿਰ ਦੀ ਜ਼ਰੂਰਤ ਹੈ, ਜਿਸਦੀ ਸਿਆਸਤ ਬੜੀ ਸਪੱਸ਼ਟ ਹੋਵੇ ਪਰ ਜਥੇਬੰਦਕ ਰੂਪ ਰੇਖਾ ਸਥਾਪਤ ਸਿਆਸੀ ਪਾਰਟੀਆਂ ਤੋਂ ਬਿਲਕੁਲ ਵੱਖ ਹੋਵੇ। ਸ਼ਹਿਰਾਂ ਵਿਚ ਮੁਹੱਲੇ ਨੂੰ ਯੂਨਿਟ ਮੰਨ ਕੇ, ਪਿੰਡਾਂ ਵਿਚ ਪਿੰਡ ਨੂੰ ਯੂਨਿਟ ਮੰਨ ਕੇ; ਲੋਕਾਂ ਨੂੰ ਚੇਤਨ ਕੀਤਾ ਜਾਏ ਕਿ ਚੰਗਾ ਜੀਵਨ ਉਹਨਾਂ ਦਾ ਹੱਕ ਹੈ, ਸਫਾਈ, ਰੌਸ਼ਨੀ, ਡਾਕਟਰੀ ਸਹੂਲਤਾਂ, ਵਿਦਿਆ, ਚੰਗਾ ਮਨਪ੍ਰਚਾਵਾ ਚੰਗੇ ਜੀਵਨ ਦਾ ਅੰਗ ਹਨ, ਜੇ ਸਰਕਾਰ ਇਹ ਨਹੀਂ ਦੇ ਸਕਦੀ ਤਾਂ ਅਸੀਂ ਆਪਣੀਆਂ ਕੋਸ਼ਿਸ਼ਾਂ ਨਾਲ ਇਕੱਠੇ ਹੋ ਕੇ ਆਪਣੇ ਲਈ ਇਹ ਮੁਹੱਈਆ ਕਰੀਏ। ਲੋਕਾਂ ਨੂੰ ਸਮਾਜਕ ਜ਼ਿੰਮੇਵਾਰੀਆਂ ਲਈ ਘਰਾਂ ਤੋਂ ਬਾਹਰ ਕੱਢਣਾ ਸਾਡਾ ਮੁੱਢਲਾ ਕੰਮ ਹੈ। ਉਹਨਾਂ ਨੂੰ 'ਵਿਅਕਤੀ' ਤੋਂ 'ਸਮੂਹ' ਦੇ ਹਿੱਤਾਂ ਲਈ ਕੰਮ ਕਰਨ ਦੀ ਪ੍ਰੇਰਨਾ ਅਤੇ ਇਹ ਕੰਮ ਕਰਨ ਦਾ ਪਲੇਟਫਾਰਮ ਦੇਣਾ ਹੈ। ਇਹੀ ਇਕੋ ਅਮਲ ਹੈ, ਜਿਹਦੇ ਨਾਲ ਹੱਕਾਂ ਦੀ ਸੋਝੀ ਵੱਧਦੀ ਹੈ ਅਤੇ ਇਹ ਸੋਝੀ ਹੀ ਚੰਗੀ ਜ਼ਿੰਦਗੀ ਲਈ ਸੰਘਰਸ਼ ਦੀ ਪੌੜੀ ਦਾ ਪਹਿਲਾ ਡੰਡਾ ਬਣਦਾ ਹੈ। ਮਨੁੱਖੀ ਹਿੱਤਾਂ ਦੀ ਸਿਆਸਤ ਪ੍ਰਚਾਰਨ ਵਾਲਿਆਂ ਦੀ ਵਿੱਧੀ ਮਨੁੱਖ ਦੋਖੀ ਜਾਂ ਭ੍ਰਿਸ਼ਟੀ ਹੋਈ ਸਿਆਸਤ ਨਾਲੋਂ ਸਪੱਸ਼ਟ ਤੌਰ ਤੇ ਅਲੱਗ ਦਿਸਣੀ ਚਾਹੀਦੀ ਹੈ। ਉਹਨਾਂ ਨੂੰ ਆਪਣੇ ਆਪ ਨੂੰ ਚਾਨਣ ਮੁਨਾਰੇ ਸਥਾਪਤ ਕਰਨਾ ਪਏਗਾ। ਇਹ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਕਿ ਕਿਸੇ ਸਮੇਂ ਕਮਿਊਨਿਸਟ ਇਹ ਚਾਨਣ ਮੁਨਾਰੇ ਸਨ। ਚੋਣਾਂ ਵਿਚ ਹਿੱਸਾ ਵੀ ਲੈਂਦੇ ਸਨ ਪਰ ਉਹ ਉਹੋ ਜਿਹੇ ਹੱਥਕੰਡੇ ਵਰਤਨ ਤੋਂ ਗੁਰੇਜ਼ ਕਰਦੇ ਸਨ, ਜਿਹੜੇ ਦੂਜੇ ਉਮੀਦਵਾਰ ਵਰਤਦੇ ਸਨ। ਉਹ ਚੋਣਾਂ ਹਾਰ ਵੀ ਜਾਂਦੇ ਸਨ, ਪਰ ਉਹਨਾਂ ਦਾ ਪ੍ਰਭਾਵ ਸਮਾਜ ਵਿਚ ਇਮਾਨਦਾਰ ਲੋਕਾਂ ਦੇ ਤੌਰ ਤੇ ਕਾਇਮ ਰਹਿੰਦਾ ਸੀ। ਸੁਹਿਰਦ ਲੋਕ ਕਹਿੰਦੇ ਸਨ ਕਿ ਇਹ ਸ੍ਵਿਰਲੱਥ ਕਿਸਮ ਦੇ ਲੋਕ ਬੇਲੋਗ ਹੋ ਕੇ ਕੰਮ ਕਰਦੇ ਹਨ। ਬਾਅਦ ਵਿਚ ਹੌਲੇ ਹੌਲੇ ਇਹ ਨੀਤੀ ਬਣ ਗਈ ਕਿ ਇਹ ਖੇਡ ਜੇਕਰ ਖੇਡਣੀ ਹੀ ਹੈ, ਤਾਂ ਜਿੱਤਾਂ ਹਾਸਲ ਕਰਨੀਆਂ ਜ਼ਰੂਰੀ ਹਨ। ਫੇਰ ਸਮਝੌਤੇ, ਯੂਨਾਈਟਿਡ ਫਰੰਟ ਆਦਿਕ ਦੀਆਂ ਲਚਕਦਾਰ ਪਾਲਸੀਆਂ ਅਪਣਾਉਂਦੇ ਹੋਏ ਕਮਿਊਨਿਸਟਾਂ ਦਾ ਪ੍ਰਭਾਵ ਵੀ ਹੋਰਨਾਂ ਸਿਆਸਤਦਾਨਾਂ ਵਾਂਗੂੰ ਹੀ ਬਣ ਗਿਆ ਹੈ।

ਸੋ ਉਹ ਲੋਕ ਜੋ ਸਮਾਜਿਕ ਨਿਆਂ ਲਈ ਸੁਹਿਰਦ ਹਨ, ਉਨ੍ਹਾਂ ਲਈ ਇਹ ਗੱਲਾਂ ਸੋਚਣੀਆਂ ਬੜੀਆਂ ਜ਼ਰੂਰੀ ਹਨ। ਚਾਨਣ ਮੁਨਾਰੇ ਬਣਕੇ ਲੋਕਾਂ ਨੂੰ ਸਮੂਹ ਭਲਾਈ ਦੇ ਕੰਮਾਂ ਲਈ ਸਰਗਰਮ ਕਰਨਾ ਬੜਾ ਜ਼ਰੂਰੀ ਹੈ। ਲੋਕਾਂ 'ਚ ਕੰਮ ਕਰਦੇ ਹੋਏ ਲੋਕਾਂ ਦੀ ਐਜੂਕੇਸ਼ਨ ਕਰਨਾ ਵੱਡਾ ਕੰਮ ਹੈ, ਪਰ ਇਹ ਐਜੂਕੇਸ਼ਨ ਤਾਂ ਹੀ ਹੋ ਸਕੇਗੀ, ਜੇਕਰ 'ਟੀਚਰ' ਵਾਲਾ ਪ੍ਰਭਾਵ ਪੂਰਾ ਕਾਇਮ ਰਹੇ। ਇਕ ਵਿਸ਼ਾਲ ਲੋਕ ਲਹਿਰ ਨੂੰ ਮਨੁੱਖੀ ਕਦਰਾਂ ਕੀਮਤਾਂ ਦੇ ਪੱਖ ਵਿਚ ਲਾਮਬੰਦ ਕਰਨਾ ਅੱਜ ਇਕ ਵੱਡੀ ਚੁਣੌਤੀ ਹੈ। ਜ਼ਾਤਾਂ ਅਤੇ ਧਰਮਾਂ ਦੇ ਸੌੜੇ ਹਿਤਾਂ ਦੇ ਆਧਾਰ ਤੇ ਜੇਕਰ ਲੋਕਾਂ ਨੂੰ ਵੰਡਣਾ ਗਲਤ ਹੈ ਤਾਂ ਸੁਹਿਰਦ ਲੋਕਾਂ ਨੂੰ ਸੌੜੇ ਸਿਆਸੀ ਹਿੱਤਾਂ ਦੇ ਆਧਾਰ ਤੇ ਵੰਡਣਾ ਵੀ ਉਤਨਾ ਹੀ ਗਲਤ ਹੈ।

ਨਵਾਂ ਸਾਲ ਚੁਣੌਤੀਆਂ ਦਾ ਸਾਲ ਹੈ, ਇਹਨਾਂ ਚੁਣੌਤੀਆਂ ਨੂੰ ਸਵੀਕਾਰ ਕਰਨਾ ਸਮੇਂ ਦੀ ਲੋੜ ਹੈ।

**ਗੁਰਸ਼ਰਨ ਸਿੰਘ**

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਚਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁੱਖ ਪ੍ਰਿੰਟਰਜ਼, ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ, ਡਾਕ: ਖਾਲਸਾ ਕਾਲਜ, ਅੰਮ੍ਰਿਤਸਰ-143002. ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਡਾਕ ਰਾਹੀਂ : 10, ਰੁਪਏ

# ਨਾਵੱਲਕਾਰ ਜਸਵੰਤ ਸਿੰਘ ਕੰਵਲ ਦੇ ਵਿਚਾਰ

ਪੰਜਾਬ ਦੀ ਸਥਿਤੀ ਬਾਰੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਪਿੱਛੇ ਜਹੇ ਆਪਣੇ ਵਿਚਾਰ ਦੇਸ ਤੇ ਪ੍ਰਦੇਸ ਕਈ ਅਖਬਾਰਾਂ ਵਿੱਚ ਲੇਖਾਂ ਅਤੇ ਇੰਟਰਵੀਊਆਂ ਦੇ ਰੂਪ ਵਿੱਚ ਛਪਵਾਏ ਹਨ। ਇਹਨਾਂ ਤੇ ਇਹਨ੍ਹਾਂ ਨਾਲ ਮਿਲਦੇ ਹੋਏ ਬਹੁਤ ਸਾਰੇ ਵਿਚਾਰ ਇਸ ਵੇਲੇ ਪੰਜਾਬ ਦੇ ਪਿੜਾਂ 'ਚ ਸੱਥ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਹਨਾਂ ਬਾਰੇ ਵਿਸਥਾਰ ਨਾਲ ਵਿਚਾਰ ਕਰਨ ਲਈ ਅਸੀਂ ਇਥੇ ਹੇਠ ਲਿਖੇ ਦਸਤਾਵੇਜ਼ ਦੇ ਰਹੇ ਹਾਂ :-

1. ਪੰਜਾਬ ਲਿਟਰੇਰੀ ਐਸੋਸੀਏਸ਼ਨ, ਐਡਮਿੰਟਨ, ਕੈਨੇਡਾ ਵਲੋਂ ਜਸਵੰਤ ਸਿੰਘ ਕੰਵਲ ਨੂੰ ਪੁਛੇ ਕੁਝ ਸਵਾਲ
2. ਜਸਵੰਤ ਸਿੰਘ ਕੰਵਲ ਵਲੋਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਚਿਠੀ ਦੇ ਉਤਰ ਵਿਚ ਸਪਸ਼ਟਤਾ
3. ਸਾਥੀ ਸੁਰਿੰਦਰ ਸਿੰਘ (ਚੂੜੀਵਾਲਾ ਧੰਨਾ) ਦੀ ਜਸਵੰਤ ਸਿੰਘ ਕੰਵਲ ਨਾਲ ਚਿਠੀ ਪੱਤਰ
4. ਅਜਮੇਰ ਕਵੈਂਟਰੀ ਦੇ ਹਿੰਦੋਸਤਾਨ ਮਜ਼ਦੂਰ ਸਭਾ ਗਰੇਟ ਬਰੀਟੇਨ ਦੇ ਬੁਲਾਰੇ 'ਲਲਕਾਰ' ਵਿੱਚ ਛਪੇ ਲੇਖ 'ਮੌਕਾ ਪ੍ਰਸਤਾਂ ਦਾ ਲੱਕੜਦਾਦਾ–ਜਸਵੰਤ ਕੰਵਲ' ਦੇ ਕੁਝ ਅੰਸ਼
5. ਮਹਿੰਦਰ ਮੱਟੂ ਦਾ ਲੇਖ 'ਕੰਵਲ ਦੀ ਗੈਰਮਾਰਕਸੀ ਸੋਚ'

—ਸੰਪਾਦਕ

## 1. ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦ ਕੁਝ ਸਵਾਲ

1. ਕੰਵਲ ਜੀ, ਤੁਸੀਂ ਫਰਮਾਉਂਦੇ ਹੋ : ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਤੋਂ ਬਾਦ ਭਿੰਡਰਾਂ ਵਾਲਾ ਪੰਜਾਬ ਨੂੰ ਅਸਲੀ ਲੀਡਰ ਮਿਲਿਆ ਹੈ। ਢਿਲਵਾਂ ਨੇੜੇ 6 ਬੱਸ ਮੁਸਾਫਰਾਂ ਦਾ ਕਤਲ ਹੋਇਆ ਹੈ। ਅਕਾਲੀ ਦਲ ਨੇ ਮਤਾ ਪਾਸ ਕਰਕੇ ਇਸ ਕਤਲੇਆਮ ਦੀ ਨਿੰਦਾ ਕੀਤੀ ਹੈ ਅਤੇ ਤੁਹਾਡੇ ਇਸ ਅਸਲੀ ਲੀਡਰ ਨੇ ਉਸ ਮਤੇ ਦਾ ਵਿਰੋਧ ਕੀਤਾ ਹੈ। ਜਿਸ ਸ਼ਖਸ ਵਿੱਚ ਜਨੂੰਨੀਆਂ ਵਾਲੇ ਸਾਰੇ ਅੰਸ਼ ਮੌਜੂਦ ਹੋਣ, ਕੰਵਲ ਜੀ ਉਹ ਜਨੂੰਨੀ ਹੋਇਆ ਜਾਂ ਅਸਲੀ ਲੀਡਰ ?
2. ਯੂ.ਪੀ. ਅਤੇ ਬਿਹਾਰ ਤੋਂ ਆਏ ਭਈਆਂ ਨੂੰ ਨਾ ਤਾਂ ਪੰਜਾਬ ਵਿੱਚ ਪੱਕੇ ਤੌਰ 'ਤੇ ਰਹਿਣ ਦਾ ਹੱਕ ਹੋਣਾ ਚਾਹੀਦਾ ਹੈ, ਨਾ ਵੋਟ ਪਾਉਣ ਦਾ। ਹਰ ਕੋਈ ਉਥੇ ਵੋਟ ਪਾਵੇ ਜਿਥੇ ਉਹ ਜੰਮਿਆਂ ਹੈ : ਜਥੇਦਾਰ ਟੌਹੜਾ ਤੋਂ ਪ੍ਰਾਪਤ ਕੀਤੇ ਇਸ ਗਿਆਨ ਨਾਲ, ਤੁਸੀਂ ਕਿਹੜੇ ਵਰਗ ਦੀ ਸੇਵਾ ਕਰ ਰਹੇ ਹੋ ? ਭਾਈ ਲਾਲੋਆਂ ਦੀ ਜਾਂ ਮਲਕ ਭਾਗੋਆਂ ਦੀ ?
3. ਤੁਸੀਂ ਫਰਮਾਇਆ ਹੈ : ਇੰਡੀਆ ਵਿਚ ਸੈਕੂਲਰਇਜ਼ਮ ਹੈ ਹੀ ਨਹੀਂ।—ਕੀ ਇਸ ਦਾ ਭਾਵ ਇਹ ਲੈ ਲਿਆ ਜਾਵੇ ਕਿ ਇੰਡੀਆ ਵਿੱਚ ਸੈਕੂਲਰਇਜ਼ਮ ਦੀ ਜ਼ਰੂਰਤ ਹੀ ਕੋਈ ਨਹੀਂ। ਤੁਸੀਂ ਇਸ ਗੱਲ ਨੂੰ ਦਰੁਸਤ ਸਮਝਦੇ ਹੋ ਕਿ ਹਿੰਦੂ, ਸਿੱਖ, ਮੁਸਲਮਾਨ, ਇਸਾਈ, ਬੋਧੀ ਅਤੇ ਹੋਰ ਮਜ਼ਹਬ ਆਪ ਆਪਣੀ ਹੋਂਦ ਨੂੰ ਖ਼ਤਰਾ ਦੱਸ ਕੇ ਯੁੱਧ ਦੇ ਬਿਗਲ ਵਜਾਉਂਦੇ ਰਹਿਣ ਅਤੇ ਖੰਡੇ ਖੜਕਾਉਂਦੇ ਰਹਿਣ ?
4. ਅੱਜ ਮਨੁੱਖ ਰੋਜ਼ੀ ਦੀ ਭਾਲ ਵਿੱਚ ਪਿੰਡਾਂ ਜਾਂ ਜ਼ਿਲਿਆਂ ਦੀਆਂ ਹੱਦਾਂ ਹੀ ਨਹੀਂ ਟੱਪ ਗਿਆ ਸਗੋਂ ਸੂਬਿਆਂ ਅਤੇ ਦੇਸ਼ਾਂ ਦੀਆਂ ਵੀ। ਹਰ ਸਾਲ ਹਜ਼ਾਰਾਂ ਅੰਗਰੇਜ਼ ਲੋਕ ਅਮਰੀਕਾ, ਕੈਨੇਡਾ ਆਉਂਦੇ ਹਨ ਅਤੇ ਹਜ਼ਾਰਾਂ ਲੋਕ ਇਨ੍ਹਾਂ ਮੁਲਕਾਂ ਤੋਂ ਉਨ੍ਹਾਂ ਮੁਲਕਾਂ ਨੂੰ ਜਾਂਦੇ ਹਨ ਜਿੱਥੇ ਉਨ੍ਹਾਂ ਨੂੰ ਰੁਜ਼ਗਾਰ ਮਿਲਦਾ ਹੈ। ਤੁਸੀਂ ਕਲਚਰ ਦਾ ਵਾਸਤਾ ਪਾ ਕੇ ਕਿਹੜੇ ਮਾਰਕਸੀ ਸਿਧਾਂਤ ਦੀ ਵਿਆਖਿਆ ਕਰ ਰਹੇ ਹੋ ?
5. ਤੁਸੀਂ ਨਸਲਵਾਦੀ ਈਨਕ ਪੌਵਲ ਨੂੰ ਦਰੁਸਤ ਦਸਦੇ ਹੋ। ਉਹ ਜਦੋਂ ਵੀ ਮੂੰਹ ਖੋਲ੍ਹਦਾ ਹੈ, ਉਹਦੇ ਮੂੰਹ ਵਿਚੋਂ ਨਸਲੀ-ਅੱਗ ਵਰ੍ਹਦੀ ਹੈ ਅਤੇ ਇਹ ਅੱਗ ਏਸ਼ੀਅਨਾਂ ਦੇ ਇਕ ਦੋ ਘਰ ਜ਼ਰੂਰ ਉਜਾੜਦੀ ਹੈ। ਈਨਕ ਪਾਵਲ ਦੇ ਜਮਾਤੀ ਭਾਈ ਨੇ ਮਜ਼ਦੂਰ ਪੱਖੀ ਹੋਣ ਦਾ ਬੁਰਕਾ ਕਿਵੇਂ ਪਾਈ ਰੱਖਿਆ ?
6. ਕੰਵਲ ਜੀ, ਤੁਸੀਂ ਵਾਰ ਵਾਰ ਇਹ ਦਾਅਵਾ ਕਰਦੇ ਹੋ ਕਿ ਤੁਸੀਂ ਲੋਕਾਂ ਦੇ ਲੇਖਕ ਹੋ। ਲੋਕ ਉਹ ਹਨ ਜੋ ਰੋਟੀ ਖ਼ਾਤਰ ਘਰੋਂ ਬੇਘਰ ਹੋਏ ਫਿਰਦੇ ਹਨ ਜਾਂ ਉਹ ਜਥੇਦਾਰ—ਜਿਨ੍ਹਾਂ ਦੀ ਤੁਸੀਂ 'ਹਾਂ' ਵਿਚ 'ਹਾਂ' ਮਿਲਾਉਂਦੇ ਹੋ ?

ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਉਪਰੋਕਤ ਸਵਾਲਾਂ ਦੇ ਜਵਾਬ ਦੇ ਕੇ ਸਾਹਿਤਕ ਹਲਕਿਆਂ ਵਿਚ ਪਾਏ ਗੰਧਲੇਪਣ ਨੂੰ ਦੂਰ ਕਰੋਗੇ।

ਬੜੀ ਤੀਬਰਤਾ ਨਾਲ ਜਵਾਬ ਦੀ ਉਡੀਕ ਵਿਚ,

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ,
ਅਲਬਰਟਾ, ਕੈਨੇਡਾ

## 2. ਜਸਵੰਤ ਸਿੰਘ ਕੰਵਲ ਵੱਲੋਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਚਿੱਠੀ ਦੇ ਉਤਰ ਵਿਚ ਸਪਸ਼ਟਤਾ

(1) ਮੈਂ ਆਖਿਆ ਹੈ, ਇਸ ਵੇਲੇ ਸਿੱਖ ਹਲਕਿਆਂ ਵਿਚ ਸਭ ਤੋਂ ਵਧ ਸ਼ਰਧਾ ਰੱਖਣ ਵਾਲਾ ਸੰਤ ਜਰਨੈਲ ਸਿੰਘ ਹੈ। ਅਸਲੀ ਲੀਡਰ ਮੈਂ ਕਦੇ ਨਹੀਂ ਕਿਹਾ। ਸਹੀ ਗੱਲ ਨੂੰ ਤੋੜ ਮਰੋੜ ਕੇ ਪੇਸ਼ ਕਰਨਾ ਠੀਕ ਨਹੀਂ। ਜਿਥੋਂ ਤੱਕ ਸਿੱਖਾਂ ਵਿਚ ਸ਼ਰਧਾ ਤੇ ਸਤਿਕਾਰ ਦਾ ਤੁਅੱਲਕ ਹੈ, ਉਹ ਜਿਉਂ ਦਾ ਤਿਉਂ ਕਾਇਮ ਹੈ। ਅੱਜ ਅੱਖੀਂ ਵੇਖਿਆ ਜਾ ਸਕਦਾ ਹੈ। ਭਲਕ ਦਾ ਪਤਾ ਨਹੀਂ।

(2) ਪੰਜਾਬ ਤੋਂ ਬਾਹਰੋਂ ਆਏ ਭਈਆਂ ਨੂੰ ਪੱਕੇ ਤੌਰ ਤੇ ਰਹਿਣ ਦੇਣਾ ਹੈ, ਤਾਂ ਪੰਜਾਬ ਨੂੰ ਬੇਦਖ਼ਲ ਹੋਣਾ ਪਵੇਗਾ। ਇਉਂ ਵਧ ਆਬਾਦੀ ਵਾਲੇ ਰਾਜ, ਛੋਟੇ ਰਾਜਾਂ ਦੇ ਆਰਥਿਕ ਤੇ ਸਭਿਆਚਾਰਕ ਢਾਂਚੇ ਨੂੰ ਤਬਾਹ ਕਰਨਗੇ। ਆਸਾਮ ਦਾ ਮਸਲਾ ਇਸ ਤੋਂ ਵੱਖਰਾ ਨਹੀਂ। ਪੰਜਾਬ ਇਸ ਸਮੇਂ ਤਕਰੀਬਨ ਅੱਧੋ ਅੱਧ ਦੀ ਰੇਸ਼ੋ ਨਾਲ ਖਲੋਤਾ ਹੈ। ਪੰਜਾਬ ਵੀ ਲਾਲਿਆਂ ਨਾਲ ਭਰਿਆ ਪਿਆ ਹੈ। ਸਗੋਂ ਏਥੋਂ ਲਾਲੇ ਧੜਾਧੜ ਬਾਹਰ ਨੂੰ ਜਾ ਰਹੇ ਹਨ। ਅਸਲ ਵਿਚ ਬਾਹਰ ਜਾਣ ਵਾਲੇ ਹੀ ਇਹ ਸੀਟਾਂ ਖਾਲੀ ਕਰਕੇ ਗਏ ਐ। ਆਰਥਿਕ ਪੱਖੋਂ ਪੰਜਾਬ ਦੇ ਲਾਲਿਆਂ ਦਾ ਗਲ ਘੁੱਟਿਆਂ ਜਾਣਾ ਕੁਦਰਤੀ ਹੈ। ਕਿਸੇ ਸੋਸ਼ਲਿਸਟ ਦੇਸ਼ ਨੇ ਬਾਹਰਲੇ ਮਜ਼ਦੂਰਾਂ ਨੂੰ ਆਪਣੇ ਦੇਸ਼ ਵਿਚ ਵੜਨ ਨਹੀਂ ਦਿੱਤਾ। ਕਿਉਂ? ਕੀ ਉਹਨਾਂ ਨੂੰ ਮਲਕ ਭਾਗੋ ਆਖੀਏ? ਭਾਰਤ ਬਹੁ ਕੌਮੀ ਦੇਸ਼ ਹੈ। ਹਰ ਕੌਮੀਅਤ ਨੂੰ ਆਪਣੀ ਹਸਤੀ ਕਾਇਮ ਤੇ ਆਜ਼ਾਦ ਰੱਖਣ ਦਾ ਹੱਕ ਹੈ। ਜੇ ਕਿਸੇ ਹੋਰ ਢੰਗ ਨਾਲ ਹਸਤੀ ਕਾਇਮ ਰੱਖੀ ਜਾ ਸਕਦੀ ਹੈ, ਉਹ ਢੰਗ ਲੋਕਾਂ ਵਿਚ ਆਉਣਾ ਚਾਹੀਦਾ ਹੈ।

(3) ਭਾਰਤ ਵਿਚ ਸੈਕੂਲਰਇਜ਼ਮ ਦੀ ਘਾਟ ਕਾਰਨ ਹੀ ਹੁਣ ਤੱਕ ਫਿਰਕੂ ਫਸਾਦ ਚੱਲ ਰਹੇ ਹਨ। ਜਿਹਨਾਂ ਹੱਥਾਂ ਵਿਚ ਰਾਜਸੀ ਤਾਕਤ ਰਹੀ ਹੈ; ਉਹਨਾਂ ਮਜ਼ਬੂਤੀ ਨਾਲ ਇਸ ਨੂੰ ਲਾਗੂ ਨਹੀਂ ਕੀਤਾ। ਜਨੂੰਨੀ ਲੜਾਈ ਦੇ ਨਤੀਜੇ ਹਿੰਦੋਸਤਾਨ ਭੁਗਤ ਚੁੱਕਾ ਹੈ। ਸੈਕੂਲਰਇਜ਼ਮ ਦੀ ਦੋਹਾਈ ਦੇਣ ਵਾਲੇ ਹੀ ਇਸ ਨੂੰ ਪਿੱਠ ਦੇ ਗਏ ਤੇ ਲੋਕਾਂ ਨੂੰ ਰਾਜਸੀ ਧਾਂਦਲੀ ਦੇ ਮੂੰਹ ਧੱਕ ਦਿੱਤਾ। ਸਰਮਾਏਦਾਰੀ ਨੇ ਆਪਣੀ ਲੁੱਟ ਜਾਰੀ ਰੱਖਣ ਲਈ ਫਿਰਕੂ ਜਜ਼ਬਾਤ ਨੂੰ ਉਭਾਰਨਾ ਹੀ ਸੀ, ਪਰ ਸਰਮਾਏਦਾਰੀ ਨੂੰ ਖਤਮ ਕਰਨ ਦੇ ਦਾਅਵੇਦਾਰਾਂ ਨੇ ਵੀ ਕੁਝ ਨਹੀਂ ਸਵਾਰਿਆ ਕੁਦਰਤ ਦਾ ਨੇਮ ਹੈ, ਹਰ ਸਮੇਂ ਕੁਝ ਨਾ ਕੁਝ ਹੁੰਦਾ ਰਹਿੰਦਾ ਹੈ। ਮੈਦਾਨ ਖਾਲੀ ਵੇਖ ਕੇ ਸਰਮਾਏਦਾਰਾਂ ਨੇ ਕਬਜ਼ਾ ਕਰ ਲਿਆ। ਪਰ ਮੈਂ ਹਰ ਮਤ ਦੇ ਲੋਕਾਂ ਨੂੰ ਭਾਈਚਾਰਕ ਸਾਂਝ ਨਾਲ ਵੱਸਦੇ ਵੇਖਣਾ ਚਾਹੁੰਦਾ ਹਾਂ।

(4) ਮੈਂ ਅਜਿਹੀ ਮਾਰਕਸਿਜ਼ਮ ਕਿਤੇ ਨਹੀਂ ਪੜ੍ਹੀ, ਜਿਹੜੀ ਵੱਡੇ ਹੱਥੋਂ ਛੋਟੇ ਕਲਚਰ ਨੂੰ ਕੁਚਲਵਾਉਂਦੀ ਹੋਵੇ। ਸਗੋਂ ਹਰ ਕਲਚਰ ਨੂੰ ਵਧਣ ਫੁਲਣ ਲਈ ਸਹੂਲਤ ਤੇ ਸੁਰਖਸ਼ਾ ਜ਼ਰੂਰ ਦੇਂਦੀ ਹੈ। ਇੰਗਲੈਂਡ, ਅਮਰੀਕਾ ਤੇ ਕਨੇਡਾ ਦੇ ਕਲਚਰਾਂ ਵਿਚ ਬਹੁਤਾ ਫਰਕ ਨਹੀਂ। ਬਾਹਰ ਜਾਣ ਵਾਲੇ ਲੱਖ ਜਤਨਾਂ ਦੇ ਬਾਵਜੂਦ ਬਹੁ ਗਿਣਤੀ ਦੇ ਕਲਚਰ ਵਿਚ ਆਪੇ ਨੂੰ ਆਉਣੋਂ ਰੋਕ ਨਹੀਂ ਸਕਣਗੇ। ਜੇ ਪੰਜਾਬੀਅਤ ਹੀ ਨਾ ਰਹੀ, ਪੰਜਾਬ ਕੀ ਹੋਇਆ ਜਿਹਨਾਂ ਦੇ ਸਾਹਮਣੇ ਪੰਜਾਬ ਹੈ, ਨਹੀਂ ਹੈ, ਇਕ ਬਰਾਬਰ ਹੈ, ਮੈਂ ਉਹਨਾਂ ਦੇ ਵਿਚਾਰਾਂ ਨਾਲ ਨਹੀਂ ਖਲੋ ਸਕਦਾ। ਹਰ ਕੌਮੀਅਤ ਦੀਆਂ ਕੁਝ ਭਿੰਨ ਸਮੱਸਿਆਵਾਂ ਹੁੰਦੀਆਂ ਹਨ, ਕਸ਼ਮੀਰੀ ਨੂੰ ਮਦਰਾਸੀ ਨਾਲ ਨਹੀਂ ਰਲਾਇਆ ਜਾ ਸਕਦਾ। ਹਾਲਾਂ ਕਿ ਦੇਸ਼ ਇਕ ਹੈ।

(5) ਈਨਕਪਾਵਲ ਜਿਥੋਂ ਤੱਕ ਆਪਣੀ ਸਭਿਅਤਾ ਨੂੰ ਬਚਾਉਣ (ਜਿਸ ਨੂੰ ਕੋਈ ਖਤਰਾ ਨਹੀਂ) ਦੀ ਗੱਲ ਕਰਦਾ ਹੈ, ਠੀਕ ਹੈ। ਜਦੋਂ ਉਹ ਨਸਲੀ ਵਿਤਕਰੇ ਤੇ ਲੜਾਈ ਦੀ ਗੱਲ ਛੇੜਦਾ ਹੈ; ਕੌਮ ਵਿਰੋਧੀ ਹੋ ਜਾਂਦਾ ਹੈ। ਇੰਗਲੈਂਡ ਤੇ ਪੰਜਾਬ ਦੀ ਸਥਿਤੀ ਵਿਚ ਹਜ਼ਾਰਾਂ ਕੋਹਾਂ ਦਾ ਫਰਕ ਹੈ; ਮੁਕਾਬਲਾ ਹੀ ਕੋਈ ਨਹੀਂ। ਪੰਜਾਬ ਖੁਰ ਰਿਹਾ ਹੈ। ਇਸ ਨੂੰ ਜਾਣ ਬੁਝ ਕੇ ਘਟ ਗਿਣਤੀ ਵਿਚ ਲਿਆਂਦਾ ਜਾ ਰਿਹਾ ਹੈ। ਅਕਾਲੀ ਪੰਜਾਬ ਦੇ ਮਧ ਵਰਗ ਤੇ ਟੁੱਟ ਰਹੇ ਦੀ ਤਰਜਮਾਨੀ ਕਰਦੇ ਹਨ। ਮੈਂ ਉਹਨਾਂ ਦੀ ਸਿਆਸਤ ਨਾਲ ਸਹਿਮਤ ਨਹੀਂ। ਇਹ ਸਾਫ ਹੈ, ਉਹਨਾਂ ਨੂੰ ਆਪਣੀ ਮੰਜ਼ਲ ਦਾ ਆਪ ਪਤਾ ਨਹੀਂ। ਪਰ ਉਹਨਾਂ ਦੇ ਚੱਲ ਰਹੇ ਮੋਰਚੇ ਦੀਆਂ ਮੰਗਾਂ ਸਵਾਏ ਕਾਂਗਰਸ ਦੇ ਸਭ ਵਿਰੋਧੀ ਪਾਰਟੀਆਂ ਵੀ ਠੀਕ ਮੰਨਦੀਆਂ ਹਨ। ਮੈਂ ਵੀ ਇਹਨਾਂ ਮੰਗਾਂ ਦੀ ਸਮੱਰਥਨ ਕਰਦਾ ਹਾਂ। ਜਿਹੜੇ ਇਹਨਾਂ ਮੰਗਾਂ ਨੂੰ ਠੀਕ ਨਹੀਂ ਮੰਨਦੇ, ਉਹ ਇੰਦਰਾ ਨੂੰ ਠੀਕ ਮੰਨਦੇ ਹਨ। ਨਿਰਾ ਤਮਾਸ਼ਾ ਵੇਖਣ ਵਾਲਿਆਂ ਨੂੰ ਕੀ ਆਖਿਆ ਜਾਵੇ।

(6) ਮੈਂ ਕਦੇ ਦਾਅਵਾ ਨਹੀਂ ਕੀਤਾ ਕਿ ਲੋਕਾਂ ਦਾ ਲੇਖਕ ਹਾਂ। ਲੋਕਾਂ ਨੂੰ ਮਹਾਨ ਤੇ ਆਗੂ ਜ਼ਰੂਰ ਮੰਨਿਆ ਹੈ। ਹਰ ਲੇਖਕ ਬਾਰੇ ਉਹਦੀ ਲਿਖਤ ਹੀ ਨਿਰਣਾ ਕਰਦੀ ਹੈ ਕਿ ਉਹ ਕੀ ਹੈ। ਆਪਣੀਆਂ ਗੱਲਾਂ ਕਿਸੇ ਦੇ ਮੂੰਹ ਪਾਉਣ ਨਾਲ ਸੱਚ ਨਹੀਂ ਉਘੜਦਾ। ਮੇਰਾ ਨਿਸਚਾ ਹੈ, ਚੱਲ ਰਹੇ ਸੱਚ ਦਾ ਪੱਲਾ ਹਰ ਲੇਖਕ ਨੂੰ ਫੜ ਕੇ ਰੱਖਣਾ ਚਾਹੀਦਾ ਹੈ।

ਕੁਝ ਹੋਰ :

ਅਕਾਲੀ ਕਿਸੇ ਇਨਕਲਾਬ ਲਈ ਨਹੀਂ ਲੜ ਰਹੇ, ਛੋਟਾ ਸੱਜਾ ਤਬਾਹ ਹੋਣ ਤੋਂ ਬਚਣ ਲਈ ਵੱਡੇ ਸੱਜੇ ਤੋਂ ਕੁਝ ਰਿਆਇਤਾਂ ਭਾਲ ਰਿਹਾ ਹੈ। ਇਹ ਕੋਈ ਗੁਨਾਹ ਨਹੀਂ, ਅਕਾਲੀ ਮੋਰਚਾ ਜੇ ਕਾਮਯਾਬ ਹੋ ਜਾਵੇ; ਪੰਜਾਬ ਦੀ ਆਰਥਿਕਤਾ ਨੂੰ ਸਥਿਰਤਾ ਮਿਲਦੀ ਹੈ। ਇਸ ਤਰ੍ਹਾਂ ਵਤਨੋਂ ਬੇਵਤਨ ਹੋਇਆਂ ਨੂੰ ਮੁਹਾਰਾਂ ਮੋੜਨ ਦਾ ਅਵਸਰ ਮਿਲ ਸਕਦਾ ਹੈ। ਅੰਦਰੂਨੀ ਖੁਦਮੁਖਤਾਰੀ ਦਾ ਨਾਅਰਾ ਜਥੇਦਾਰਾਂ ਨੇ ਲਾਇਆ; ਕਿਸੇ ਹੋਰ ਰਾਜਸੀ ਪਾਰਟੀ ਨੇ ਨਹੀਂ। ਕਿਉਂਕਿ ਮੋਰਚਾ ਅਕਾਲੀਆਂ ਲਾਇਆ ਹੈ; ਇਸ ਲਈ ਵਿਰੋਧਤਾ ਠੀਕ ਨਹੀਂ। ਮੈਦਾਨ ਖੁੱਲ੍ਹਾ ਸੀ, ਕੋਈ ਵੀ ਤੜੇ ਮਾਰ ਸਕਦਾ ਸੀ। ਜੇ ਇਹ ਮੰਗ ਦਰੁਸਤ ਹੈ ਤਾਂ ਇਸ ਦੀ ਹਮਾਇਤ ਹੋਣੀ ਚਾਹੀਦੀ ਹੈ। ਖ਼ਾਮੋਸ਼ੀ ਮੈਨੂੰ ਦੋਸ਼ ਵਰਗੀ ਲਗਦੀ ਹੈ।

ਹਰ ਸੂਝਵਾਨ ਨੂੰ ਫੈਸਲਾ ਕਰਨਾ ਹੋਵੇਗਾ: ਸੱਚ ਇੰਦਰਾ ਨਾਲ ਹੈ ਜਾਂ ਅਕਾਲੀ ਮੰਗਾਂ ਨਾਲ ? ਇਕੱਲੀ ਇੰਦਰਾ ਇਹ ਰੇੜਕਾ ਮੁਕਾਉਣਾ ਨਹੀਂ ਚਾਹੁੰਦੀ ਤੇ ਹਾਲਾਤ ਬਰਾਬਰ ਵਿਗੜ ਰਹੇ ਹਨ। ਸੋਸ਼ਲਿਜ਼ਮ ਤੇ ਇਨਕਲਾਬ ਦੀ ਗੱਲ ਭਾਰਤ ਵਿਚ ਗੁੱਠੇ ਲਾ ਕੇ ਰੱਖ ਦਿੱਤੀ ਹੈ। ਕੀਹਨੇ ? ਇਹ ਬਿਲਕੁਲ ਵੱਖਰਾ ਮਸਲਾ ਹੈ।

ਪੰਜਾਬ ਦਾ ਕਿਸਾਨ ਜੇ ਅਕਾਲੀਆਂ ਨਾਲ ਨਾ ਆਇਆ ਹੁੰਦਾ, ਮੋਰਚਾ ਕਦੇ ਸਾਲ ਦਾ ਟਪਦਾ। ਜਦੋਂ ਹਾਲੋਂ ਬੇਹਾਲ ਕਿਸਾਨ ਦੀ ਬਾਂਹ ਫੜਨ ਵਾਲਾ ਹੀ ਕੋਈ ਨਾ ਹੋਵੇ, ਉਹ ਜਾਵੇ ਕਿਧਰ ਨੂੰ ? ਕਾਂਗਰਸ ਦੀ ਹੀ ਕੁੱਟ ਖਾਈ ਜਾਵੇ। ਅਕਾਲੀਆਂ ਉਸ ਨੂੰ ਗਲ ਨਾਲ ਲਾ ਲਿਆ। ਚੱਲ ਰਹੇ ਮੋਰਚੇ ਤੋਂ ਅੰਦਾਜ਼ਾ ਲਾਉਣਾ ਔਖਾ ਨਹੀਂ, ਪੰਜਾਬ ਦਾ ਮਾਸਜ਼ ਅੱਜ ਕੀਹਦੇ ਨਾਲ ਹੈ। ਕਲ੍ਹ ਕਿਸੇ ਨਹੀਂ ਵੇਖਿਆ।

ਗੱਲ ਤੁਰਨੀ ਚਾਹੀਦੀ ਹੈ ਪੰਜਾਬੀ ਪੌਂਤੜੇ ਤੋਂ ਜਿਸ ਤੇ ਆ ਕੇ ਵੀ ਅਕਾਲੀ ਥਿੜਕ ਜਾਂਦੇ ਹਨ। ਇਹ ਉਹਨਾਂ ਦੇ ਵੱਸ ਦੀ ਗੱਲ ਨਹੀਂ। ਉਹਨਾਂ ਮੁੱਢ ਤੋਂ ਹੀ ਸਿਧਾਂਤਾਂ ਅਨੁਸਾਰ ਸੋਚਿਆ ਹੈ। ਲੋੜ ਹੈ ਪੰਜਾਬੀ ਪੈਂਤੜੇ ਨੂੰ ਮਜ਼ਬੂਤ ਕਰਨ ਦੀ। ਪੰਜਾਬੀਆਂ ਦੀ ਏਕਤਾ ਪ੍ਰਾਪਤੀਆਂ ਕਰ ਸਕਦੀ ਹੈ। ਇਹ ਇਕ-ਇਕੱਲੇ ਦਾ ਕੰਮ ਨਹੀਂ। ਪੰਜਾਬ ਮਜ਼ਬੂਤ, ਭਾਰਤ ਮਜ਼ਬੂਤ।

ਕਿਸੇ ਫਿਰਕੇ ਦੇ ਬੇਗੁਨਾਹਾਂ ਦਾ ਕਤਲ ਭਾਰੀ ਅਪਰਾਧ ਹੈ। ਉਸ ਦੀ ਹਰ ਤਰ੍ਹਾਂ ਨਿੰਦਾ ਹੋਣੀ ਚਾਹੀਦੀ ਹੈ। ਪੰਜਾਬ ਦੇ ਏਕੇ ਨੂੰ ਸੱਟ ਮਾਰਿਆਂ ਕੋਈ ਪ੍ਰਾਪਤੀ ਨਹੀਂ ਹੋਣੀ। ਕਈ ਪਾਰਟੀਆਂ ਮੋਰਚਾ ਲੱਗਣ ਨਾਲ ਆਪਣੀ ਸਾਖ ਮਰਦੀ ਵੇਖ ਕੇ ਸਾੜਾ ਕੀਤਾ ਹੈ। ਗਲਤ ਨੂੰ ਸਹੀ ਤੇ ਲਿਆਉਣਾ ਵੀ ਪ੍ਰਾਪਤੀ ਹੈ। ਮੋਰਚੇ ਦੀ ਨਿਰੀ ਨੁਕਤਾਚੀਨੀ ਸਹੀ ਨੂੰ ਕਮਜ਼ੋਰ ਤੇ ਗਲਤ (ਇੰਦਰਾ) ਨੂੰ ਤਕੜਿਆਂ ਕਰੇਗੀ।

ਸਟੈਂਡ ਬਣਨਾ ਚਾਹੀਦਾ ਹੈ, ਪੰਜਾਬ ਨੂੰ ਆਰਥਿਕ ਪੱਖੋਂ ਪੈਰਾਂ ਸਿਰ ਕਰਨ ਦਾ। ਪੈਰਾਂ ਸਿਰ ਇਹ ਤਦ ਹੀ ਹੋ ਸਕਦਾ ਹੈ ਜੇ ਆਪਣੇ ਵਸੀਲਿਆਂ (ਬਿਜਲੀ, ਪਾਣੀ) ਨੂੰ ਆਪ ਵਰਤੇ। ਆਪਣੀ ਉਪਜ ਦਾ ਮੁੱਲ ਕਿਸੇ ਹੋਰ ਦੇ ਹੱਥ ਵਿਚ ਨਾ ਦੇਵੇ।

ਭਾਰਤ ਵਿਚ ਸਾਰੀਆਂ ਰਾਜਸੀ ਪਾਰਟੀਆਂ ਦਾ ਰੋਲ ਲੋਕ ਹਿਤਾਂ ਵਾਲਾ ਨਹੀਂ ਰਿਹਾ। ਜਿਹਨਾਂ ਨਰੋਈ ਦਿਸ਼ਾ ਵਲ ਕਦਮ ਪੁੱਟੇ ਸਨ, ਪਾਟੋਧਾੜ ਹੋ ਗਏ। ਕੀਹਨੇ ਕਦੋਂ ਗਲਤ ਹੋ ਜਾਣਾ ਹੈ, ਭਰੋਸਾ ਹੀ ਨਹੀਂ ਰਿਹਾ। ਰਾਜਸੀ ਪਾਰਟੀਆਂ ਨਾਲੋਂ ਪੰਜਾਬ ਦੇ ਕਿਸਾਨਾਂ ਦੇ ਨਾਲ ਖਲੋਣਾ ਮੈਨੂੰ ਜਚਦਾ ਹੈ। ਤੇ ਮੈਂ ਤੁਰਿਆ ਜਾ ਰਿਹਾ ਹਾਂ।

—ਜਸਵੰਤ ਸਿੰਘ ਕੰਵਲ

## 3. ਸੁਰਿੰਦਰ ਸਿੰਘ ਨਾਲ ਚਿੱਠੀ ਪੱਤ੍ਰ

ਜਸਵੰਤ ਸਿੰਘ ਕੰਵਲ ਨੇ ਜੋ 'ਉਲਟ ਮਾਰਕਸਵਾਦੀ ਫਲਸਫਾ' ਅੱਜ ਕੱਲ ਲੋਕਾਂ ਸਾਮ੍ਹਣੇ ਪੇਸ਼ ਕੀਤਾ ਹੈ ਤੇ ਅਕਾਲੀਆਂ ਦੀ ਜ਼ਹਿਰੀਲੀ ਬੋਲੀ ਬੋਲ ਰਿਹਾ ਹੈ! ਉਸ ਨੂੰ ਮੈਂ ਇਕ ਪੱਤਰ ਲਿਖਿਆ ਸੀ, ਜਿਸ ਦੇ ਜਵਾਬ ਵਿਚ ਉਸ ਨੇ ਇਨਕਲਾਬੀ ਪਾਰਟੀਆਂ ਤੇ ਚਿੱਕੜ ਉਛਾਲੀ ਕੀਤੀ ਹੈ ਤੇ ਆਪਣੀ ਤੰਗ ਤੇ ਸੌੜੀ ਵਿਚਾਰਧਾਰਾ ਦਾ ਖੁਲ ਕੇ ਮੁਜ਼ਾਹਰਾ ਕੀਤਾ ਹੈ। ਤੇ ਇਸ ਦੇ ਨਾਲ ਹੀ ਪਿਛਾਂਹ ਖਿੱਚੂ ਅਕਾਲੀ ਪਾਰਟੀ ਦਾ ਸਮਰਥਨ ਕੀਤਾ ਹੈ ਉਹ ਚਿੱਠੀ ਬਿਲਕੁਲ ਉਸ ਤਰ੍ਹਾਂ ਹੀ ਦਿੱਤੀ ਜਾ ਰਹੀ ਹੈ ਤਾਂ ਕਿ ਉਸ ਦਾ ਅਸਲੀ ਚੇਹਰਾ ਮੋਹਰਾ ਮੇਰੇ ਮਹਾਨ ਕਿਰਤੀ ਲੋਕਾਂ ਸਾਹਮਣੇ ਸਪਸ਼ਟ ਨੰਗਾ ਕੀਤਾ ਜਾ ਸਕੇ।

### ਕੰਵਲ ਦੀ ਚਿੱਠੀ

"ਮੈਨੂੰ ਪੰਜਾਬ ਵਿਚ ਇਸ ਵੇਲੇ ਇਨਕਲਾਬੀ ਪਾਰਟੀ ਦਾ ਕਿਸੇ ਦਾ ਵੀ ਰੋਲ ਠੀਕ ਲੋਕਾਂ ਦੀ ਸੇਵਾ, ਜਥੇਬੰਦੀ ਅਤੇ ਹਿੱਤਾਂ ਲਈ ਲੜਨ ਵਾਲਾ ਨਹੀਂ ਦਿਸਦਾ ਪੰਜਾਬ ਵਿਚ ਲੋਕ ਅਕਾਲੀਆਂ ਨਾਲ ਹਨ ਕਿਉਂਕਿ ਉਹਨਾਂ ਕਿਸਾਨਾ ਦੇ ਹਿੱਤਾਂ ਦੀਆਂ ਮੰਗਾਂ ਨੂੰ ਸਰਕਾਰ ਨਾਲ ਆਹਡਾ ਲਾ ਕੇ ਅੱਗੇ ਲਿਆਂਦਾ ਹੈ। ਜਿਹਨਾ ਇਹ ਫਰੰਟ ਸਾਂਭਣਾ ਤੇ ਅਗਵਾਈ ਕਰਨੀ ਸੀ, ਉਹ ਖੱਲਾਂ-ਖੂੰਜਿਆਂ ਵਿਚ ਵੜੇ ਬੈਠੇ ਹਨ, ਦਿਨ ਕੱਟੀ ਕਰ ਰਹੇ ਸਨ—ਜਾਂ ਰੂਸ ਦੀਆਂ ਸੈਰਾਂ ਕਰ ਰਹੇ ਹਨ।

'ਪੰਜਾਬ-ਭਾਸ਼ਾ' ਪੱਖੋਂ ਘੱਟ ਗਿਣਤੀ ਵਿਚ ਹੋ ਗਿਆ ਲਗਦਾ ਹੈ। ਇਸੇ ਲਈ ਸਰਕਾਰ ਨੇ 1881 ਦੀ ਮਰਦਮ ਸ਼ੁਮਾਰੀ ਦੇ ਭਾਸ਼ਾ ਤੇ ਧਰਮ ਦੇ ਖਾਨੇ ਜਾਣ ਕੇ ਛੱਡ ਦਿੱਤੇ ਹਨ।

ਹਰ ਜਮਹੂਰੀਅਤ ਵਿਚ ਜੇ ਘੱਟ ਗਿਣਤੀ

ਨੂੰ ਸੁਰੱਖਿਅਤਾ ਨਾ ਦਿੱਤੀ ਜਾਏ ਤਾਂ ਉਹ ਬਹੁ ਗਿਣਤੀ ਦੀ ਗੁਲਾਮ ਹੁੰਦੀ ਹੈ ਤੇ ਪੰਜਾਬ ਆਰਥਕ ਭਾਸ਼ਾਈ ਤੇ ਸਭਿਆਚਾਰਕ ਪੱਖੋਂ ਗੁਲਾਮੀ ਹੰਡਾ ਰਿਹਾ ਹੈ।

ਪੰਜਾਬ ਦੀ ਆਰਥਕਤਾ ਹੀ ਨਹੀਂ ਲੁੱਟੀ ਜਾ ਰਹੀ ਉਸਦੀ ਪੈਦਾਵਾਰ ਮਨਮਰਜ਼ੀ ਦੇ ਭਾਅ ਚੁੱਕ ਕੇ ਇਸ ਨੂੰ ਘਸਿਆਰਾਂ ਬਣਾਉਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ ਤਾ ਕਿ ਪੰਜਾਬ ਦਾ ਕਿਸਾਨ ਯੂ.ਪੀ ਤੇ ਬਿਹਾਰ ਦੇ ਕਿਸਾਨ ਵਾਂਗ ਸਰਮਾਏਦਾਰੀ ਅਗੇ ਲੰਮਾ ਪੈ ਜਾਵੇ।

ਪੰਜਾਬ ਵਿਚੋਂ ਪੰਜਾਬੀ ਪ੍ਰਦੇਸਾਂ ਨੂੰ ਜਾ ਰਹੇ ਹਨ। ਛਾਉਣੀਆ ਤੇ ਡੈਮਾਂ ਨਾਲ ਉਠਾਈ ਪੰਜਾਬੀ ਅਬਾਦੀ ਨੂੰ ਬਾਹਰਲੇ ਸੂਬਿਆ ਵਿਚ ਵਸਾਇਆ ਜਾ ਰਿਹਾ ਹੈ U.P. Bihar, Rajisthan ਦੀਆ ਧਾੜਾਂ ਪੰਜਾਬ ਨੂੰ ਅਸਲੋਂ ਘੱਟ ਗਿਣਤੀ ਨੇੜੇ ਲੈ ਆਦਾਂ ਹੈ। ਆਰਥਕ ਪੱਖੋਂ ਹੀਣੇ ਹੋ ਜਾਣ ਤੇ ਮਨੁੱਖ ਅਪਣਾ ਧਰਮ ਵੀ ਬਦਲ ਲੈਂਦਾ ਹੈ ਤੇ ਸਿੱਖੀ ਵੀ ਇਉਂ ਥੋੜੇ ਵਰ੍ਹਿਆਂ ਦੀ ਪ੍ਰਾਹੁਣੀ ਹੈ, ਮੁਸਲਮਾਨਾਂ ਤੇ ਅੰਗਰੇਜ਼ਾਂ ਸਮੇਂ ਸੱਭ ਤੋਂ ਗਰੀਬ ਲੋਕ ਹੀ ਇਸਾਈ ਤੇ ਮੁਸਲਮਾਨ ਬਣੇ ਸਨ।

ਹਿੰਦੁਸਤਾਨ ਵਿਚ ਹਿੰਦੂ ਉਹ ਵੀ ਫਿਰਕੂ ਭਾਵਨਾ ਵਾਲੀ ਹਿੰਦੂ ਬੁਰਜਵਾਜ਼ੀ ਰਾਜ ਕਰ ਰਹੀ ਹੈ। ਕਾਂਗਰਸ ਨੇ ਦੇਸ਼ ਦੀ ਵੰਡ ਵੇਲੇ ਹਿੰਦੂਆਂ ਦੀ ਨੁਮਾਇੰਦਗੀ ਕੀਤੀ ਸੀ, ਜਿਵੇਂ ਜਿਨਾਹ ਦੀ ਲੀਗ ਨੇ ਮੁਸਲਮਾਨਾਂ ਦੀ। ਹੁਣ ਤੱਕ ਦੀਆਂ ਖੱਬੀਆਂ ਪਾਰਟੀਆਂ ਦਾ ਰੋਲ ਕਾਂਗਰਸ ਅਥਵਾ ਹਿੰਦੂ ਬੁਰਜਵਾਜ਼ੀ ਦੇ ਹੱਥ ਮਜ਼ਬੂਤ ਕਰਦਾ ਆਇਆ ਹੈ ਤੇ ਆਖ ਲੀਰੋ ਲੀਰ ਹੋ ਕੇ ਲੋਕਾਂ ਦਾ ਵਿਸ਼ਵਾਸ ਵੀ ਗਵਾ ਲਿਆ ਹੈ। ਮੈਂ ਇਹਨਾਂ ਪਾਰਟੀਆਂ ਦੇ ਨਾਲ ਨਹੀਂ ਖਲੋਤਾ। ਮੈਂ ਆਪਣੇ ਲੋਕਾਂ ਨਾਲ ਖਲੋਤਾ ਹਾਂ ਤੇ ਪੰਜਾਬ ਦੀ ਆਰਥਕਤਾ ਭਾਸ਼ਾ ਸਭਿਆਚਾਰ ਰਵਾਇਤਾਂ ਤੇ ਇਨਕਲਾਬੀ ਇਤਿਹਾਸ ਨੂੰ ਬਚਾਉਣ ਲਈ ਆਵਾਜ਼ ਬੁਲੰਦ ਕੀਤੀ ਹੈ। ਜੇ ਬਾਹਰਲੇ ਵੱਗ ਇਥੇ ਪਾਉਂਦੇ ਰਹੇ, ਪੰਜਾਬੀ ਕੌਮੀਅਤ ਨਾਲ ਉਹਦੇ ਪੱਖ ਵੀ ਖੜਮ ਹੋ ਜਾਣਗੇ। ਪੰਜਾਬ ਖ਼ੁਦਕਸ਼ੀ ਦੇ ਮੂੰਹ ਆਇਆ ਹੋਇਆ ਹੈ ਤੇ ਅਖੌਤੀ ਇਨਕਲਾਬੀ ਪਾਰਟੀਆਂ ਬੰਸੀ ਵਜਾ ਰਹੀਆਂ ਹਨ। ਕਮਿਊਨਿਸਟ ਪਾਰਟੀ ਨੂੰ ਸਿੱਖੀ ਤੇ ਉਹਦਾ ਇਨਕਲਾਬੀ ਇਤਿਹਾਸ ਹੁਣ ਤੱਕ ਚੁਭਦਾ ਰਿਹਾ ਹੈ। ਹੁਣ ਤਾਂ ਇਹ ਫੈਸਲਾ ਕਰਨਾ ਪੈਣਾ ਹੈ, ਸਿੱਖ ਰਹਿਣਾ ਹੈ ਜਾਂ ਨਹੀਂ। ਪੰਜਾਬ ਨੂੰ ਪੰਜਾਬ ਰੱਖਣਾ ਹੈ ਜਾਂ ਨਹੀਂ ? ਜਿਹੜੇ ਇਹਨਾਂ ਦੋ ਇਤਿਹਾਸਕ ਸੱਚਾਂ ਨਾਲ ਨਹੀਂ ਜਾ ਸਕਦੇ, ਮੈਂ ਉਹਨਾਂ ਨੂੰ ਪੰਜਾਬ ਦੇ ਲੋਕਾਂ ਦੇ ਖੱਬੇ ਸੱਜੇ ਦੁਸ਼ਮਣ ਹੀ ਆਖਾਂਗਾ।

(1) ਪੰਜਾਬ ਫੈਡਰਲ ਢਾਂਚੇ ਬਿਨਾ ਕਿਵੇਂ ਵੀ ਨਹੀਂ ਬਚਾਇਆ ਜਾ ਸਕਦਾ।

(2) ਬਾਹਰਲੀ ਆਬਾਦੀ ਨੂੰ ਜੇ ਨਾ ਰੋਕਿਆ, ਫੈਡਰਲ ਢਾਂਚਾ ਵੀ ਨਹੀਂ ਬਚ ਸਕੇਗਾ, ਆਸਾਮ ਬਾਰੇ ਇਨਕਲਾਬੀ ਪਾਰਟੀਆਂ ਦਾ ਹੀਜੜਾ ਰੋਲ ਅਸਾਮੀ ਲੋਕਾਂ ਵੇਖ ਲਿਆ ਹੈ।

ਜਦੋਂ ਵੀ ਸਹੀ ਗੱਲ ਅੱਗੇ ਆਈ ਹੈ, ਉਦੋਂ ਉਹਦੀ ਮੁਖਾਫਲਤ ਵੀ ਹੋਈ ਹੈ, ਇਹਦੇ ਸਹੀ ਤੇ ਸੱਚ ਦੀ ਪਰਖ ਆਉਣ ਵਾਲਾ ਸਮਾਂ ਹੀ ਕਰੇਗਾ। ਉਹ ਲੋਕ ਕੀ ਆਖ ਸਕਦੇ ਹਨ, ਜਿਹਨਾਂ ਨੂੰ ਸਹੀ ਰਾਹ ਨਹੀਂ ਦਿੱਸਿਆ ਤੇ ਅੰਨ੍ਹੀ ਗਲੀ ਵਿਚ ਧੱਕੇ ਖਾਈ ਜਾਈ ਜਾ ਰਹੇ ਹਨ।

ਆਪਣੇ ਸਟੈਂਡ ਤੇ ਦ੍ਰਿੜ੍ਹਤਾ ਨਾਲ ਖਲੋਤਾ
—ਜਸਵੰਤ ਕੰਵਲ

ਇਹ ਸੀ ਜਸਵੰਤ 'ਕੰਵਲ' ਦਾ ਫਲਸਫਾ। ਇਹ ਸੀ ਜਸਵੰਤ ਕੰਵਲ ਦਾ ਸੈਹੀ ਰਾਹ। ਹੋਰ ਏਹਦੇ ਭਾਣੇ ਸੁਰਖ ਰੇਖਾ, ਜੈ ਕਾਰਾ, ਸਮਤਾ ਵਗੈਰਾ ਦਾ ਰਾਹ ਗਲਤ ਹੈ। ਕੀ ਬਾਹਰਲੀ ਆਬਾਦੀ ਨੂੰ ਰੋਕਣ ਦਾ ਇਹ ਮਤਲਬ ਨਹੀਂ ਕਿ ਏਥੇ 1947 ਵਾਲਾ ਖੂਨੀ ਕਾਂਡ ਰਚਾਇਆ ਜਾਵੇ। ਕੀ ਇਹ ਕੰਵਲ ਜਾਂ ਇਸਦੇ ਪਾਲਤੂ ਭਿੰਡਰਾਂ ਵਾਲਾ, ਬਲਵੰਤ ਰਾਮੂਵਾਲੀਆ ਤਾਂ ਜਗਦੇਵ ਤਲਵੰਡੀ ਦੇ ਸਿਖ ਫਲਸਫੇ ਦਾ ਸਰਬੱਤ ਦਾ ਭਲਾ ਮਗਣ ਵਾਲਾ ਸਿਧਾਂਤ ਹੈ। ਮੇਰੇ ਖ਼ਿਆਲ ਮੁਤਾਬਕ ਤਾਂ ਕੰਵਲ ਜਾਂ ਇਸਦੇ ਪਾਲਤੂ ਜਾਗੀਰਦਾਰਾਂ ਨੂੰ ਦੂਜੇ ਸੂਬੇ ਭੁੱਖੇ ਮਰਦੇ ਚੰਗੇ ਲਗਦੇ ਹਨ। ਕੀ ਇਹ ਇਨਸਾਨੀਅਤ ਹੈ ਕਿ ਇਕ ਕਿਰਤ ਕਰਨ ਵਾਲੇ ਨੂੰ ਪੰਜਾਬ ਜਾਂ ਕਿਸੇ ਹੋਰ ਖੁਸ਼ਹਾਲ ਇਲਾਕੇ ਵਿਚ ਕਿਰਤ ਨਾ ਕਰਨ ਦਿੱਤੀ ਜਾਵੇ।

"ਦੁਨੀਆ ਭਰ ਦੇ ਕਾਮਿਓਂ, ਇਕ ਹੋ ਜਾਉ" ਵਰਗੇ ਖਾੜਕੂ ਨਾਅਰੇ ਦੀ ਕੀ ਕੰਵਲ ਵਿਰੋਧਤਾ ਨਹੀਂ ਕਰ ਰਿਹਾ ਤੇ ਇਸ ਨਾਅਰੇ ਤੇ ਅਧਾਰਤ ਨਾਵਲ 'ਲਹੂ ਦੀ ਲੋਅ', 'ਰਾਤ ਬਾਕੀ ਹੈ' ਫਿਰ ਤਾਂ ਗਲਤ ਹੋ ਗਏ ਹਨ। ਕੀ ਇਹ ਆਪਾ ਵਿਰੋਧੀ ਨਹੀਂ। ਸੋ ਇਹੋ ਜਿਹੇ ਸੰਧਵਾਦੀ ਲੇਖਕ ਦੀ ਜਿੰਨੀ ਵੀ ਵਿਰੋਧਤਾ ਕੀਤੀ ਜਾਵੇ ਓਨੀ ਹੀ ਘੱਟ ਹੈ ਤੇ ਸੁਰਖ ਰੇਖਾ ਨੇ ਜੋ ਨੋਟਿਸ ਲਿਆ ਹੈ, ਉਹ ਦਰੁਸਤ ਹੈ। ਇਹਦੇ ਬਾਰੇ ਜ਼ਰੂਰ ਲੋਕਾਂ ਨੂੰ ਦੱਸਣਾ ਚਾਹੀਦਾ ਏ ਤੇ ਸਾਰੇ ਸੰਸਾਰ ਦੇ ਕਿਰਤੀ ਲੋਕਾਂ ਨੂੰ ਇਕ ਮੁੱਠ ਕਰਨਾ ਚਾਹੀਦਾ ਹੈ, ਚਾਹੇ ਉਹ ਕਿਸੇ ਵੀ ਦੇਸ ਇਲਾਕੇ, ਰੰਗ, ਜ਼ਾਤ ਜਾਂ ਮਜ਼ਬ ਦੇ ਹੋਣ।

ਮਹਾਨ ਕਿਰਤੀ ਲੋਕਾਂ ਦਾ ਸਾਥੀ ਬੇਲੀ
—ਸੁਰਿੰਦਰ ਸਿੰਘ ਚੂੜ੍ਹੀਵਾਲਾ ਧੰਨਾ

## 4 ਮੌਕਾਪ੍ਰਸਤਾਂ ਦਾ ਲਕੜਦਾਦਾ—ਜਸਵੰਤ ਕੰਵਲ

ਪਿਛਲੇ ਕੁਝ ਸਮੇਂ ਤੋਂ, ਅਸੀਂ ਜਸਵੰਤ ਸਿੰਘ ਕੰਵਲ ਦੇ ਬੜੇ ਅਜੀਬੋ ਗਰੀਬ ਅਤੇ ਊਲ ਜਲੂਲ ਬਿਆਨ ਪੜ੍ਹੇ ਅਤੇ ਉਸਦੇ ਉਤਰ ਵਿਚ ਬਹੁਤ ਸੁਚੱਜੇ ਉੱਤਰ "ਦੇਸ ਪ੍ਰਦੇਸ" ਵਿਚ ਪੜ੍ਹੇ। ਆਸ ਤਾਂ ਇਹ ਸੀ ਕਿ ਕੰਵਲ ਸਾਹਿਬ ਠੰਡੇ ਦਿਲ ਨਾਲ ਬੈਠ ਜਾਂਦੇ ਅਤੇ ਸੋਚਦੇ ਕਿ ਉਹ ਕਿੱਧਰ ਜਾ ਰਹੇ ਹਨ। ਪੰਜਾਬ ਦੀ ਵਰਤਮਾਨ ਹਾਲਤ ਅਤੇ ਦਿੱਲੀ ਵਿਚ ਹੋ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਸਬੰਧੀ; ਜਿਹੜਾ ਕੰਵਲ ਦਾ (ਅਸਲੀ) ਜਗੀਰੂ ਅਤੇ ਮੌਕਾ ਪ੍ਰਸਤੀ ਵਾਲਾ ਚਿਹਰਾ ਨਿੱਖਰ ਕੇ ਲੋਕਾਂ ਸਾਹਮਣੇ ਆਇਆ ਭਾਵੇਂ ਇਸ ਨਾਲ ਕਈ ਪਾਠਕਾਂ ਨੂੰ ਕੁਝ ਝਟਕਾ ਜਿਹਾ ਵੱਜਾ ਪਰ ਗੱਲ ਬਹੁਤ ਚੰਗੀ ਹੋਈ ਕਿਉਂਕਿ ਇਸ 'ਲਾਲ-ਬੁਝੱਕੜ' ਨੇ ਅਗਾਂਹ ਵਧੂ ਲਿਖਾਰੀ ਵਾਲਾ ਬੁਰਕਾ ਪਾਇਆ ਹੈ ਉਹ ਆਖਰ ਪਾਟਣਾ ਹੀ ਸੀ ਅਤੇ ਜਿੰਨੀ ਛੇਤੀ ਇਹ ਪਾਟਿਆ, ਉੱਨਾ ਹੀ ਠੀਕ ਸੀ। ਅਸੀਂ ਬਾਈ ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ ਦਾ ਨਿਰਨਾ ਤਾਂ ਫਿਰ ਕਦੇ ਦੂਜੇ ਲੇਖ ਵਿਚ ਕਰਾਂਗੇ ਪਰ ਇਸ ਲੇਖ ਵਿਚ ਸਾਡਾ ਸਬੰਧ ਉਸ ਦੇ 28 ਅਕਤੂਬਰ (1983) ਦੇ "ਦੇਸ ਪ੍ਰਦੇਸ" ਵਿਚ ਛਪੀ ਗੁਲਫਸ਼ਾਨੀ ਨਾਲ ਹੈ ਜਿਸ ਦਾ ਸ਼ੀਰਸ਼ਕ ਹੈ "ਪੰਜਾਬ ਕਿਵੇਂ ਪੰਜਾਬ ਰਹੇ।"

ਇਸ ਸਕੇਚ ਵਿਚ ਕੰਵਲ ਬਾਈ ਨੇ ਮੋਟੇ ਤੌਰ ਤੇ ਪੰਜਾਬ ਦੀ ਵਰਤਮਾਨ ਹਾਲਤ ਦੇ ਸਬੰਧ ਵਿਚ ਕਈ ਸਵਾਲ ਉਠਾਏ ਹਨ। ਭਾਵੇਂ ਉਹ ਹਰਿਆਂ ਗਾਈਂ ਵਾਂਗੂ ਕਦੇ ਕਿਤੇ ਮੂੰਹ ਮਾਰਦਾ ਹੈ ਅਤੇ ਕਦੇ ਕਿਤੇ ਅਤੇ ਬੁਖਲਾਇਆ ਹੋਇਆ ਬਹੁਤ ਹੀ ਉੱਘ ਪਤਾਲ ਦੀਆਂ ਮਾਰ ਗਿਆ ਹੈ ਪਰ ਉਸ ਦੇ ਊਲ-ਜਲੂਲ ਦੇ 'ਮੰਤਵ ਦੀ ਤਹਿ ਤੱਕ ਪੁੱਜਣ ਤੋਂ ਪਹਿਲਾਂ ਸਾਨੂੰ ਕੰਵਲ ਬਾਈ ਦੇ ਉਠਾਏ ਹੋਏ ਮੋਟੇ ਮੋਟੇ ਨੁਕਤਿਆਂ ਨਾਲ ਨਿਪਟਣਾ ਜ਼ਰੂਰੀ ਹੈ। ਕੰਵਲ ਦੀਆਂ ਬੇ ਤੁਕੀਆਂ ਹੇਠ ਲਿਖੇ ਸਵਾਲਾਂ ਦੁਆਲੇ ਘੁੰਮਦੀਆਂ ਹਨ:-

1. ਮੁਲਕ ਦੀ ਵੰਡ ਸਮੇਂ ਕਿਹੜੀ ਪਾਰਟੀ ਨੇ ਕਿਹਦੀ ਨੁਮਾਇੰਦੀ ਕੀਤੀ ?

2. ਕੀ ਪੰਜਾਬ ਦਾ ਕਿਸਾਨ, ਬਾਕੀ ਦੇਸ਼ ਦੇ ਕਿਸਾਨਾਂ ਨਾਲੋਂ ਵਧੇਰੇ ਖਾੜਕੂ, ਲੁੱਟ ਵਿਰੋਧੀ ਅਤੇ ਗੈਰਤਮੰਦ ਅਤੇ ਜਬਰ ਜ਼ੁਲਮ ਵਿਰੁੱਧ ਲੜਣ ਵਾਲਾ ਹੈ ?

3. ਕੀ ਪੰਜਾਬ ਦਾ ਕਿਸਾਨ ਸਿਰਫ ਸਿਖ ਹੀ ਹਨ ਜਾਂ ਹੋਰ ਵੀ ?

4. ਕੀ ਪੰਜਾਬ ਦਾ ਇਤਿਹਾਸ ਸਿਰਫ਼ ਅਤੇ ਸਿਰਫ਼ ਸਿਖਾਂ ਦਾ ਇਤਿਹਾਸ ਹੀ ਹੈ ਜਾਂ ਉਸ ਵਿਚ ਕਦੇ ਕਿਸੇ ਹੋਰ ਧਰਮ ਦੇ ਬੰਦਿਆਂ ਨੇ ਵੀ ਕੋਈ ਭਾਗ ਪਾਇਆ ਹੈ ?

5. ਕੀ ਪੰਜਾਬੀਆਂ ਨੇ ਪੰਜਾਬ ਛੱਡ ਕੇ ਅਤੇ ਬਾਹਰਲੇ ਦੇਸ਼ਾਂ ਵਿਚ ਆ ਕੇ "ਇਕ ਅਜ਼ੀਮ ਗੁਨਾਹ ਕੀਤਾ ਹੈ" ਅਤੇ ਕੀ ਉਨਾਂ ਨੇ ਪੰਜਾਬ ਛੱਡ ਕੇ ਪੰਜਾਬ ਨਾਲ ਧਰੋਹ ਕੀਤਾ ਹੈ ?

6. ਕੀ ਪੰਜਾਬ ਵਿਚ ਬਾਹਰਲੇ ਸੂਬਿਆਂ ਤੋਂ ਮਜ਼ਦੂਰੀ ਕਰਨ ਆਏ ਭਈਆਂ (ਬਿਹਾਰੀਆਂ) ਆਦਿ ਨੂੰ ਵੋਟ ਦਾ ਹੱਕ ਹੋਣਾ ਚਾਹੀਦਾ ਹੈ ਜਾਂ ਨਹੀਂ ?

7. ਕੀ ਮਜ਼ਹਬ ਕੌਮ ਹੁੰਦੀ ਹੈ ?

8. ਹਿੰਦੂ ਬੁਰਜੂਆਜ਼ੀ ਲੁਟ ਕਰਦੀ ਹੈ ਪਰ ਕੀ ਸਿੱਖ ਬੁਰਜੂਆਜ਼ੀ ਜਾਂ ਹੋਰ ਜਾਗੀਰੂ ਲੋਟੂ, ਆਮ ਲੋਕਾਂ ਨਾਲ ਘੱਟ ਕਰਦੇ ਆਏ ਹਨ ਜਾਂ ਘੱਟ ਕਰਨਗੇ ?

9. "ਪੰਜਾਬ ਘਟ ਗਿਣਤੀ ਵਿਚ ਬਦਲ ਜਾਵੇਗਾ" ਕੰਵਲ ਇਹ ਗੋਲ ਮੋਲ ਗੱਲ ਕਰਕੇ ਕਿਸ ਦਾ ਬੁੱਧੂ ਬਣਾਉਣਾ ਚਾਹੁੰਦਾ ਹੈ ? ਅਤੇ "ਘੱਟ ਗਿਣਤੀ ਹੋਏ ਪੰਜਾਬ" ਦਾ ਕੀ ਅਰਥ ਹੈ ?

10. ਕੀ ਸਿੱਖ ਹੀ ਪੰਜਾਬੀ ਹਨ ਹੋਰ ਕੋਈ ਪੰਜਾਬੀ ਨਹੀਂ ?

11. ਕੰਵਲ ਨੇ ਬਾਹਰਲੇ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਮੰਦੇ ਹਾਲ, ਉਹਨਾਂ ਦੀ ਅਕਲ ਅਤੇ ਅਮਲ ਦੇ ਇਮਤਹਾਨ ਦੀ ਗੱਲ ਸਬੰਧੀ ਵੀ ਚਿਤਾਵਨੀ ਦਿੱਤੀ ਹੈ...ਆਦਿ।

12. ਪੰਜਾਬ ਦੀ ਪੰਜਾਬੀਅਤ ਕੀ ਹੈ ?

ਇਨ੍ਹਾਂ ਸਾਰੇ ਨੁਕਤਿਆਂ ਸਬੰਧੀ ਲੋੜ ਹੈ ਵੇਰਵੇ ਨਾਲ ਬਹਿਸ ਕਰਨ ਦੀ ਪਰ ਅਜੇਹਾ ਕਰਨਾ ਮੁਸ਼ਕਿਲ ਹੈ। ਸਮਾਂ ਅਤੇ ਥਾਂ ਇਸ ਗੱਲ ਦੀ ਆਗਿਆ ਨਹੀਂ ਦਿੰਦੇ ਪਰ ਅਸੀਂ ਕੋਸ਼ਿਸ਼ ਕਰਾਂਗੇ ਕਿ ਥੋੜੇ ਸ਼ਬਦਾਂ ਵਿਚ ਹਰ ਇਕ ਨੁਕਤੇ ਸਬੰਧੀ ਆਪਣੇ ਵਿਚਾਰ ਪੇਸ਼ ਕਰੀਏ। ਨੁਕਤਿਆਂ ਦੀ ਬਹੁਗਿਣਤੀ ਅਜੇਹੀ ਹੈ ਕਿ ਉਹਨਾਂ ਸਬੰਧੀ ਹਰ ਇਕ ਦੀ ਸਹਿਮਤੀ ਹੋਣੀ ਜ਼ਰੂਰੀ ਨਹੀਂ। ਵਿਚਾਰ ਵਖਰੇ ਵਖਰੇ ਹੋ ਸਕਦੇ ਹਨ। ਅਸੀਂ ਆਪਣੀ ਬੁੱਝ-ਬੁੱਧੀ ਅਨੁਸਾਰ ਆਪਣੇ ਵਿਚਾਰ ਪੇਸ਼ ਕਰ ਰਹੇ ਹਾਂ ਪਰ ਸਾਨੂੰ ਖਿਆਲ ਰਖਣਾ ਚਾਹੀਦਾ ਹੈ ਕੁਝ ਨੁਕਤੇ ਸਾਇੰਟੇਫਿਕ ਢੰਗ ਰਾਹੀਂ ਜਾਂ ਇਤਿਹਾਸਕ ਤੌਰ ਤੇ ਪਹਿਲੋਂ ਹੀ ਨਿੱਖਰੇ ਹੋਏ ਹਨ ਅਤੇ ਬਾਈ ਜਸਵੰਤ ਸਿੰਘ ਕੰਵਲ ਨੇ ਉਨ੍ਹਾਂ ਨੂੰ ਆਪਣੀ ਪੰਡਤਾਈ ਨਾਲ ਤੋੜ ਮਰੋੜ ਕੇ ਧੂੜ ਵਿਚ ਟੱਟੂ ਦੁੜਾਇਆ ਹੈ ਤਾ ਕਿ ਉਹ ਅਕਾਲੀ ਪਾਰਟੀ ਨੂੰ ਖੁਸ਼ ਕਰ ਸਕੇ। ਕੰਵਲ ਸ਼ਾਇਦ ਅਕਾਲੀ ਪਾਰਟੀ ਤੋਂ ਟਿਕਟ ਲੈ ਕੇ ਵਜ਼ਾਰਤ ਦੇ ਸੁਪਨੇ ਲੈ ਰਿਹਾ ਹੈ ! ਉਂਜ ਬਾਈ ਦਾ ਜੱਟਵਾਦ ਬਹੁਤ ਨਿੱਖਰ ਕੇ ਅਤੇ ਫਿਊਡਲ ਸੋਚ ਬਹੁਤ ਉੱਘੜ ਕੇ, ਉਹਦੀ ਕਮਿਊਨਿਸਟ ਸਾਹਿਤ ਦੀ ਸ਼ਬਦਾਵਲੀ ਦੇ ਚਾਰ ਅੱਖਰਾਂ

ਵਿਚੋਂ ਬੁਰੀ ਤਰ੍ਹਾਂ ਨੰਗੀ ਹੋ ਕੇ ਚੁਰਾਹੇ ਵਿਚ ਨੱਚ ਪਈ ਹੈ।

ਕੰਵਲ ਲਿਖਦਾ ਹੈ ਕਿ "ਮੁਲਕ ਦੀ ਵੰਡ ਸਮੇਂ ਕਾਂਗਰਸ ਨੇ ਹਿੰਦੂ ਕੌਮ ਦੀ ਨੁਮਾਇੰਦਗੀ ਕੀਤੀ ਮੁਸਲਮ ਲੀਗ ਨੇ ਮੁਸਲਮਾਨਾਂ ਦੀ ਅਤੇ ਅਕਾਲੀ ਦਲ ਨੇ ਸਿੱਖਾਂ ਦੀ, ਇਤਿਹਾਸ ਇਸ ਦਾ ਗਵਾਹ ਹੈ।" ਪਤਾ ਨਹੀਂ ਬਾਈ ਕੰਵਲ ਇਤਿਹਾਸ ਨੂੰ ਕਿਹੜੇ ਸ਼ੀਸ਼ਿਆਂ ਵਿਚੋਂ ਪੜ੍ਹ ਰਿਹਾ ਹੈ? ਕਾਂਗਰਸ ਨੇ. ਸਾਰੇ ਦੇਸ਼ ਦੀ ਨੁਮਾਇੰਦਗੀ ਕੀਤੀ, ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਸਾਰੇ ਹੀ ਸਨ। ਕੀ ਅਕਾਲੀ ਦਲ 'ਸਿਆਸੀ ਪਾਰਟੀ ਦੇ ਤੌਰ ਤੇ ਸਾਰੇ ਸਿੱਖਾਂ ਦੀ ਨੁਮਾਇੰਦਾ ਪਾਰਟੀ ਸੀ? ਕੀ ਕਮਿਊਨਿਸਟ ਪਾਰਟੀ ਅਤੇ ਕਾਂਗਰਸ ਪਾਰਟੀ ਅਤੇ ਹੋਰ ਕਈਆਂ ਜ਼ਾਤਾਂ ਦੇ ਸਿੱਖ ਅਕਾਲੀ ਦਲ ਨੂੰ ਆਪਣਾ ਪ੍ਰਤੀਨਿਧ ਸਮਝਦੇ ਸਨ? (ਜਾਂ ਕੀ ਅੱਜ ਵੀ ਇਹ ਸੱਚ ਨਹੀਂ ਕਿ ਅਕਾਲੀ ਦਲ ਸਾਰੇ ਸਿੱਖਾਂ ਦੀ ਵਾਹਦ ਪ੍ਰਤੀਨਿਧ ਸਿਆਸੀ ਪਾਰਟੀ ਨਹੀਂ?) ਇਹ ਠੀਕ ਹੈ ਕਿ ਭਾਰਤ ਦੀ ਲੋਟੂ ਹਾਕਮ ਜਮਾਤ ਲੋਕਾਂ ਨੂੰ ਧਰਮ, ਸੂਬੇ ਅਤੇ ਬੋਲੀ ਆਦਿ ਦੇ ਨਾਂ ਉੱਤੇ ਵੰਡਦੀ ਆਈ ਹੈ ਅਤੇ ਅੰਗਰੇਜ਼ ਸਾਮਰਾਜ ਦੇ ਕਦਮਾਂ ਉੱਤੇ ਚਲਦੀ ਅੱਜ ਵੀ ਲੋਕਾਂ ਨੂੰ ਵੰਡ ਕੇ ਲੜਾ ਰਹੀ ਹੈ ਅਤੇ ਲੁੱਟ ਰਹੀ ਹੈ ਹੈ ਪਰ ਕੰਵਲ ਸਾਹਬ ਕੀ ਲੋਕਾਂ ਦੇ ਦੁੱਖਾਂ ਦਾ ਇਲਾਜ ਉਨ੍ਹਾਂ ਨੂੰ ਹਾਕਮ ਜਮਾਤ ਦੇ ਦਿੱਤੇ ਮਜ਼ਹਬ, ਬੋਲੀ ਅਤੇ ਪ੍ਰਾਂਤਕ ਵੰਡਾਂ ਦੇ ਸੰਗਲਾਂ ਨਾਲ ਨੂੜਨ ਨਾਲ ਹੈ ਜਾਂ ਇਨਾਂ ਵੰਡਾਂ ਨੂੰ ਦੂਰ ਕਰਨ ਲਈ ਸਾਂਝੇ ਘੋਲਾਂ ਵਿਚ ਲਾਮਬੰਦ ਕਰਨ ਵਿਚ ਹੈ? ਖਾਲਿਸਤਾਨ ਦੀ ਗੋਲ ਮੋਲ ਅੱਖਰਾਂ ਵਿਚ ਵਕਾਲਤ ਕਰਨ ਵਾਲਾ ਕੰਵਲ ਕਿਸ ਧਿਰ ਦੀ ਸੇਵਾ ਕਰ ਰਿਹਾ ਹੈ ਅਤੇ ਕਿਹੜੇ ਅਗਾਹ ਵਧੂ ਘੋਲ ਦੇ ਸੁਪਨੇ ਲੈ ਰਿਹਾ ਹੈ? ਪੰਜਾਬ ਦੀ ਆਰਥਕ ਲੁੱਟ ਦਾ ਸ਼ਿਕਾਰ ਹੋਣ ਵਾਲਿਆਂ ਵਿਚ ਵੀ ਸਿੱਖ ਹਨ ਅਤੇ ਲੁੱਟਣ ਵਾਲਿਆਂ ਵਿਚ ਸਿਖ ਜਾਗੀਰਦਾਰ ਸ਼ਾਮਲ ਹਨ। ਬਾਈ ਜਸਵੰਤ ਸਿੰਘ ਕੰਵਲ ਕਿਹੜੀ ਧਿਰ ਨਾਲ ਖੜਾ ਹੈ? ਇਥੇ ਇਹ ਗੱਲ ਕੁਥਾਂਹ ਨਹੀਂ ਹੋਵੇਗੀ ਜੇ ਹਿੰਦੁਸਤਾਨ ਦੀ ਪੱਧਰ ਉੱਤੇ ਦੇਖੀਏ ਤਾਂ ਲੁਟੇ ਜਾਣ ਵਾਲਿਆਂ ਵਿਚ ਬਹੁਸੰਖਿਆ ਹਿੰਦੂਆਂ ਦੀ ਹੈ।

ਕੰਵਲ ਸਾਹਿਬ ਅਗਲੇ ਪੈਰੇ ਵਿਚ ਫੁਰਮਾਉਂਦੇ ਹਨ, "ਬਾਕੀ ਰਾਜਾਂ ਦਾ ਕਿਸਾਨ ਹਿੰਦੂ ਬੁਰਜੂਆਜ਼ੀ ਦੀ ਲੁੱਟ ਅੱਗੇ ਬਿਰਕਦਾ ਤੱਕ ਨਹੀਂ...' ਬੜੀ ਸ਼ਰਮ ਦੀ ਗੱਲ ਹੈ ਕਿ ਕੰਵਲ ਵਰਗਾ ਸਥਾਪਤ ਲੇਖਕ ਇਤਿਹਾਸ ਸਬੰਧੀ ਰੱਤੀ ਭਰ ਵੀ ਵਾਕਫ਼ੀਅਤ ਨਹੀਂ ਰੱਖਦਾ। ਸ਼ਾਇਦ ਉਹ ਇਤਿਹਾਸ ਦਾ ਤਾਂ ਕਾਫੀ ਗਿਆਨ ਰਖਦਾ ਹੈ ਪਰ ਜੱਟਵਾਦ ਦੇ ਅੰਨ੍ਹੇ ਨਸ਼ੇ ਵਿਚ ਉਸ ਨੂੰ ਸਿਰਫ ਪੰਜਾਬ ਹੀ ਪੰਜਾਬ ਦਿਸਦਾ ਹੈ, ਚੜਦੇ ਵੀ ਪੰਜਾਬ, ਲਹਿੰਦੇ ਵੀ ਪੰਜਾਬ, ਉੱਤਰ ਵੀ ਪੰਜਾਬ, ਦੱਖਣ ਵੀ ਪੰਜਾਬ ਜਲ ਵੀ ਪੰਜਾਬ ਥਲ ਵੀ ਪੰਜਾਬ। ਹਾਲੀਂ ਤਾਂ ਉਸ ਦੀ "ਲਹੂ ਦੀ ਲੋਅ" ਵਾਲੇ ਨਾਵਲ ਦੀ ਮਹਾਨ ਇਨਕਲਾਬੀ ਲਹਿਰ ਦੇ ਸ਼ਹੀਦਾਂ ਦਾ ਖ਼ੂਨ ਵੀ ਦਾਰਜੀਲਿੰਗ ਨਕਸਲਵਾੜੀ, ਗੁਜਰਾਤ, ਬਿਹਾਰ, ਉੜੀਸਾ, ਬੰਗਾਲ ਆਦਿ (ਅਤੇ ਦੂਜੇ ਸੂਬਿਆਂ ਦੇ ਕਿਸਾਨਾਂ ਦਾ ਖ਼ੂਨ ਵੀ) ਭਾਰਤ ਦੀ ਧਰਤੀ ਉੱਤੋਂ ਨਹੀਂ ਸੁਕਿਆ। ਅਸੀ ਪੰਜਾਬ ਦੇ ਕਿਸਾਨਾਂ ਦੇ ਘੋਲ ਨੂੰ ਛੁਟਿਆਉਂਦੇ ਨਹੀਂ ਪਰ ਜਸਵੰਤ ਸਿੰਘ ਕੰਵਲ ਨੂੰ ਯਾਦ ਕਰਾਉਣਾ ਚਾਹੁੰਦੇ ਹਾਂ ਕਿ ਭਾਰਤ ਦੇ ਦੂਜੇ ਸੂਬਿਆਂ ਦੇ ਕਿਸਾਨ ਵੀ ਭਾਰਤ ਦੀ ਹਾਕਮ ਜਮਾਤ ਦੀ ਅੰਨ੍ਹੀ ਲੁੱਟ ਅਤੇ ਜਬਰ ਜ਼ੁਲਮ ਵਿਰੁੱਧ ਪੰਜਾਬ ਦੇ ਕਿਸਾਨਾਂ ਦੀ ਤਰ੍ਹਾਂ ਅਤੇ ਕਈ ਵਾਰੀ ਉਨ੍ਹਾਂ ਤੋਂ ਵੱਧ ਡੱਟ ਕੇ ਖੜੇ ਦੇ ਹਨ ਅਤੇ ਜਦੋਂ ਤੱਕ ਜ਼ੁਲਮ ਅਤੇ ਤਸ਼ੱਦਦ ਕਾਇਮ ਹੈ ਉਹ ਖੜਦੇ ਅਤੇ ਲੜਦੇ ਕੁਰਬਾਨੀਆਂ ਦਿੰਦੇ ਰਹਿਣਗੇ। ਹਿੰਦੁਸਤਾਨ ਦੇ ਸਾਰੇ ਮਜ਼ਲੂਮ ਅਤੇ ਦਲਿਤ ਅਤੇ ਲੁੱਟੇ ਜਾਂਦੇ ਲੋਕਾਂ ਦਾ ਘੋਲ, ਸਿਰਫ ਕਿਸਾਨਾਂ ਦਾ ਹੀ ਨਹੀਂ ਸਗੋਂ ਮਜ਼ਦੂਰਾਂ ਦਾ ਘੋਲ ਵੀ, ਇਕ ਇਤਹਾਸਕ ਘੋਲ ਹੈ। ਕੰਵਲ ਨੂੰ ਸ਼ਾਇਦ ਇਸ ਇਤਹਾਸਕ ਸਚਾਈ ਦਾ ਪਤਾ ਨਹੀਂ ਕਿ "ਜਿੱਥੇ ਤਸ਼ੱਦਦ ਹੈ ਉਥੇ ਉਸ ਦਾ ਟਾਕਰਾ ਕਰਨ ਵਾਲੇ ਵੀ ਵੀ ਪੈਦਾ ਹੋ ਜਾਂਦੇ ਹਨ"। ਤਸ਼ੱਦਦ ਸਿਰਫ ਪੰਜਾਬ ਦੇ ਕਿਸਾਨਾਂ ਉੱਤੇ ਇਕਲਿਆਂ ਹੀ ਨਹੀਂ ਹੁੰਦਾ ਉਹ ਮਜ਼ਦੂਰਾਂ ਉਤੇ ਵੀ ਅਤੇ ਹਰ ਇਕ ਸੂਬੇ ਦੇ ਮਜ਼ਦੂਰਾਂ ਕਿਸਾਨਾਂ ਉੱਤੇ ਹੁੰਦਾ ਹੈ ਅਤੇ ਉਹ ਲੁੱਟ ਖਸੁੱਟ ਵਿਰੁੱਧ ਲੜਦੇ, ਹਸਦੇ ਹਸਦੇ ਖ਼ੂਨ ਵਹਾਉਂਦੇ ਹਨ ਅਤੇ ਫਾਂਸੀ ਦੇ ਰੱਸਿਆਂ ਨੂੰ ਗਲ ਵਿਚ ਪਾਕੇ, ਲਾੜੀ ਮੌਤ ਵਿਆਹੁੰਦੇ ਹਨ, ਜਸਵੰਤ ਸਿੰਘ ਕੰਵਲ ਨੇ ਸ਼ਾਇਦ ਕਿਸ਼ਤਾ ਗਾਊਡ ਅਤੇ ਭੂਮੀਆਂ ਕਿਸਾਨ ਸ਼ਹੀਦਾਂ ਦਾ ਨਾਉਂ ਨਹੀਂ ਸੁਣਿਆ ਜਿਨ੍ਹਾਂ ਨੂੰ ਕੁਝ ਸਾਲ ਪਹਿਲਾਂ ਭਾਰਤ ਦੀ ਸਰਕਾਰ ਨੇ ਫਾਂਸੀ ਉੱਤੇ ਚੜ੍ਹਾਇਆ ਸੀ ਸ਼ਾਇਦ ਕੰਵਲ ਨੂੰ ਉਹ ਯਾਦ ਨਹੀਂ ਕਿਉਂ ਕਿ 'ਉਹ ਪੰਜਾਬੀ' ਨਹੀਂ ਸਨ' ਅਤੇ ਸ਼ਾਇਦ ਇਸੇ ਕਰਕੇ ਭਾਰਤ ਦੇ ਸੈਂਕੜੇ ਲੋਕਾਂ ਦਾ ਪਤਾ ਨਹੀਂ ਜਿਹੜੇ ਪੰਜਾਬ ਵਾਂਗੂ, ਬਾਕੀ ਸੂਬਿਆਂ ਵਿਚ "ਪੁਲਸ ਮੁਕਾਬਲਿਆਂ" ਵਿਚ ਜਾਂ ਪੁਲਸ ਗੋਲੀ ਦਾ ਸ਼ਿਕਾਰ ਹੁੰਦੇ ਹਨ। ਕੰਵਲ ਸਾਹਿਬ, ਹਿੰਦੁਸਤਾਨੋਂ ਦੀ ਧਰਤੀ ਦੇ ਇਕ-ਇਕ ਸਿਆੜ, ਮਹਾਨ ਭਾਰਤ ਦੇ ਇਕ ਇਕ ਕਾਰਖਾਨੇ ਦੀ ਇਕ ਇਕ ਇੱਟ ਉਤੇ ਡੁੱਲ੍ਹੇ ਉਨ੍ਹਾਂ ਮਜ਼ਦੂਰਾਂ ਅਤੇ ਕਿਸਾਨਾਂ ਦਾ ਰੱਤ ਨਾਲ ਉਕਰੇ ਸੰਦੇਸ਼ ਨੂੰ ਸੁਣੋ, ਪੜ੍ਹੋ ਅਤੇ ਤੰਗ-ਸੂਬਾ ਪ੍ਰਸਤੀ ਅਤੇ ਜੱਟ ਪ੍ਰਸਤੀ ਦੀ ਦਲਦਲ ਵਿਚੋਂ ਬਾਹਰ ਆਉ।

ਕੰਵਲ ਸਾਹਿਬ ਪੰਜਾਬ ਦਾ ਇਤਿਹਾਸ ਇਕੱਲੇ ਸਿਖਾਂ ਦਾ ਇਤਿਹਾਸ ਨਹੀਂ। ਇਹ ਠੀਕ ਹੈ ਕਿ ਇਸ ਇਤਿਹਾਸ ਵਿਚ ਸਿੱਖਾਂ ਦਾ ਭਾਗ ਬਹੁਤ ਹੀ ਮਹਾਨ ਹੈ ਪਰ ਇਸ ਵਿਚ ਦੂਜੇ ਹੋਰ ਲੋਕਾਂ ਦਾ ਵੀ ਸੁੱਚਾ ਅਤੇ ਉੱਚਾ ਭਾਗ ਹੈ, ਜਿਨ੍ਹਾਂ ਸਿੱਖਾਂ ਪੁਰਸ਼ਾਂ ਨੇ ਪੰਜਾਬੀਆਂ ਨੂੰ ਮਹਾਨ ਬਨਾਉਣ ਲਈ ਅਥਾਹ ਕੁਰਬਾਨੀਆਂ ਕੀਤੀਆ, ਉਨ੍ਹਾਂ ਨੇ ਬਾਕੀ ਧਰਮਾਂ ਦਾ ਸਦਾ ਸਤਿਕਾਰ ਕੀਤਾ, ਉਨ੍ਹਾਂ ਨੇ ਕਦੇ ਤੰਗ ਨਜ਼ਰੀ ਨਹੀਂ ਪਰਚਾਰੀ। ਉਨ੍ਹਾਂ ਦੇ ਪੰਜ ਪਿਆਰੇ ਕੇਵਲ ਜੱਟ ਨਹੀਂ ਸਨ, ਬਾਕੀ ਜ਼ਾਤਾਂ ਦੇ ਵੀ ਸਨ। ਉਨ੍ਹਾਂ ਦੇ ਦੋਸਤ ਮਰਦਾਨਾ ਰਬਾਬੀ, ਮੀਆਂ ਮੀਰ ਨਬੀ ਖਾਂ, ਗਨੀ ਖਾਂ, ਪੀਰ ਬੁੱਧ ਸ਼ਾਹ, ਸਾਈਂ ਭੀਖਣ ਸ਼ਾਹ, ਮਾਧੋ ਲਾਲ, ਸ਼ਾਹ ਹੁਸੈਨ ਆਦਿ ਵੀ ਸਨ। ਸਿੱਖੀ ਨੂੰ ਜਨਮ ਦੇਣ ਵਾਲਿਆਂ ਨੇ ਸਿੱਖੀ ਸਿਰਫ ਪੰਜਾਬ ਦੀਆਂ ਹੱਦਾਂ ਤੱਕ ਸੀਮਤ ਰੱਖਣ ਦਾ ਸਬਕ ਕਦੇ ਨਹੀਂ ਸੀ ਪੜ੍ਹਾਇਆ।

ਸਿੱਖ ਧਰਮ ਨੇ ਪੰਜਾਬ ਦੇ ਇਤਿਹਾਸ ਵਿਚ ਇਕ ਖਾਸ ਇਤਿਹਾਸਕ ਦੌਰ ਵਿਚ ਇਨਕਲਾਬੀ ਰੋਲ ਅਦਾ ਕੀਤਾ ਪਰ ਇਹਦਾ ਇਹ ਮਤਲਬ ਨਹੀਂ ਕਿ ਪੰਜਾਬ ਦੇ ਇਤਿਹਾਸ ਨੂੰ ਕੇਵਲ ਬਾਈ ਸਿੱਖਾਂ ਦਾ ਇਤਿਹਾਸ ਆਖ ਦੇਵੋਂ। ਸਾਨੂੰ ਮਹਾਨ ਸਿੱਖ ਰਵਾਇਤਾਂ ਅਤੇ ਕੁਰਬਾਨੀਆਂ ਦਾ ਪੂਰਾ ਪੂਰਾ ਸਤਿਕਾਰ ਅਤੇ ਅਹਿਸਾਸ ਹੈ। ਪੰਜਾਬ ਦਾ ਇਤਿਹਾਸ ਬਾਬਾ ਨਾਨਕ ਤੋਂ ਪਹਿਲਾਂ ਵੀ ਸੀ। ਮਹਾਨ ਸਕੰਦਰ ਨੂੰ ਸਿੱਖਾਂ ਨੇ ਨਹੀਂ, ਪੰਜਾਬੀਆਂ ਨੇ ਭਾਂਜ ਦਿੱਤੀ ਸੀ। ਜੱਲ੍ਹਿਆਂ ਵਾਲੇ ਬਾਗ ਵਿਚ ਮਰਨ ਵਾਲਿਆਂ ਵਿਚ ਇਕੱਲੇ ਸਿੱਖ ਨਹੀਂ ਸਨ। ਪੰਜਾਬ ਨੇ, ਜੇ ਸ਼ਹੀਦ ਊਧਮ ਸਿੰਘ ਪੈਦਾ ਕੀਤਾ ਤਾਂ ਉਹਨੇ ਮਦਨ ਲਾਲ ਢੀਂਗਰਾ ਵੀ ਪੈਦਾ ਕੀਤਾ। ਪੰਜਾਬ ਨੇ ਜੇ ਗ਼ਦਰੀ ਬਾਬੇ ਪੈਦਾ ਕੀਤੇ ਤਾਂ ਉਨ੍ਹਾਂ ਬਾਬਿਆਂ ਵਿਚ ਰਹਿਮਤ ਅਲੀ ਅਤੇ ਲਾਲਾ ਹਰਦਿਆਲ ਵੀ ਸਨ।

ਬਾਈ ਸਾਹਿਬ, ਅਸੀਂ ਕਿਸਾਨਾਂ ਦੀ ਲੁੱਟ ਤੋਂ ਮੁਨੱਕਰ ਨਹੀਂ ਐਪਰ ਪੰਜਾਬ ਦੇ ਕਿਸਾਨ ਇਕੱਲੇ ਸਿੱਖ ਹੀ ਨਹੀਂ, ਉਨ੍ਹਾਂ ਵਿਚ ਕਈ ਹੋਰ ਜ਼ਾਤਾਂ ਵੀ ਸ਼ਾਮਲ ਹਨ। ਪੰਜਾਬ ਵਿਚ ਕਈ ਲੱਖ ਬੇ-ਜ਼ਮੀਨੇ ਕਿਸਾਨ ਹਨ ਜਿਹੜੇ ਸਿੱਖ ਨਹੀਂ ਉਨ੍ਹਾਂ ਨੂੰ ਵੀ ਹਾਕਮ ਜਮਾਤ ਲੁਟਦੀ ਹੈ, ਉਨ੍ਹਾਂ ਉੱਤੇ ਵੀ ਬੇਹੱਦ ਅਤਿਆਚਾਰ ਹੁੰਦਾ ਹੈ।

ਪੰਜਾਬ ਵਿਚ ਕਿਸਾਨਾਂ ਦਾ ਮਸਲਾ ਵੱਡਾ ਮਸਲਾ ਹੈ ਐਪਰ ਪੰਜਾਬ ਵਿਚ ਗੈਰ ਕਿਸਾਨਾਂ ਦਾ ਮਸਲਾ ਵੀ ਹੈ, ਦਰਅਸਲ ਕਈ ਮਸਲੇ ਹਨ ਸਿਰਫ ਇਕੋ ਹੀ ਮਸਲਾ ਨਹੀਂ। ਕੀ ਪੰਜਾਬ ਸਿਰਫ ਸਿੱਖਾਂ ਦਾ ਹੈ? ਪੰਜਾਬੀ ਦਾ ਮਤਲਬ ਕੇਵਲ ਸਿੱਖ ਨਹੀਂ। ਪੰਜਾਬੀ ਈਸਾਈ ਵੀ ਹਨ, ਮੁਸਲਮਾਨ ਵੀ ਹਨ, ਹਰੀਜਨ ਵੀ ਹਨ, ਬ੍ਰਾਹਮਣ ਵੀ ਹਨ ਅਤੇ ਪੰਜਾਬ ਉਤੇ ਉਨ੍ਹਾਂ ਦਾ ਵੀ ਪੂਰਾ ਪੂਰਾ ਹੱਕ ਹੈ। 1971 ਦੀ ਮਰਦਮ ਸ਼ੁਮਾਰੀ ਅਨੁਸਾਰ ਪੰਜਾਬ ਵਿਚ 21.9 ਪ੍ਰਤੀਸ਼ਤ ਹਰੀਜਨ ਵੀ ਵਸਦੇ ਹਨ (1981 ਦੀ ਮਰਦਮ ਸ਼ੁਮਾਰੀ ਦੇ ਅੰਕੜੇ ਪ੍ਰਾਪਤ ਨਹੀਂ ਹੋ ਸਕੇ) ਇਨ੍ਹਾਂ 21.9 ਪ੍ਰਤੀਸ਼ਤ ਹਰੀਜਨਾਂ ਤੋਂ ਬਿਨਾਂ ਪੰਜਾਬ ਵਿਚ ਉਹ ਵੀ ਹਨ ਜਿਹੜੇ ਬੋਧੀ ਆਦਿ ਬਣ ਗਏ। "ਪੰਜਾਬੀ-ਅਤ" ਜੋ ਕੁਝ ਵੀ ਹੈ ਉਸ ਨੂੰ ਸਾਜਣ ਅਤੇ ਰੂਪ ਅਤੇ ਅਰਥ ਦੇਣ ਵਿਚ ਪੰਜਾਬ ਦੇ ਸਾਰੇ ਲੋਕਾਂ ਦਾ ਹਿੱਸਾ ਹੈ।

'ਬਾਈ' ਕਹਿੰਦੈ ਕਿ "ਹਿੰਦੂ 37 ਸਾਲਾਂ ਵਿਚ ਪੰਜਾਬੀ ਨਹੀਂ ਬਣੇ"। ਜੇ ਉਹ ਸਿੱਖ ਬਣ ਜਾਣ, ਬਾਈ ਜੀਓ, ਤਾਂ ਪੰਜਾਬੀ ਬਣ ਜਾਣਗੇ? ਇਹ ਠੀਕ ਹੈ ਕਿ ਹਿੰਦੂਆਂ ਨੇ ਪੰਜਾਬੀ ਜ਼ਬਾਨ ਨਹੀਂ ਲਿਖਵਾਈ—ਕਿਉਂ? ਇਸਦਾ ਕਾਰਨ ਮਜ਼ਹਬੀ ਜਨੂੰਨ ਹੈ, ਜਨੂੰਨ ਬੁਰਾ ਹੁੰਦਾ ਦੋਹਾਂ ਲਈ। ਅਤੇ ਜਦੋਂ ਪੰਜਾਬ ਦੇ ਇਤਿਹਾਸ ਦਾ ਭਾਸ਼ਾ ਸਬੰਧੀ ਕਾਂਡ ਲਿਖਿਆ ਜਾਵੇਗਾ ਤਾਂ ਆਪਣੀ ਮਾਤ ਬੋਲੀ ਨਾਲ ਗੱਦਾਰੀ ਕਰਨ ਵਾਲਿਆਂ ਨੂੰ ਮੁਆਫ ਨਹੀਂ ਕੀਤਾ ਜਾਵੇਗਾ ਪਰ ਉਥੇ ਉਨ੍ਹਾਂ ਲੋਕਾਂ ਨੂੰ ਵੀ ਮੁਆਫ ਨਹੀਂ ਕੀਤਾ ਜਾਵੇਗਾ ਜਿਨ੍ਹਾਂ ਨੇ ਗਰੀਬ ਕੁਰਾਹੇ ਪਏ ਹਿੰਦੀ ਲਿਖਵਾਉਣ ਵਾਲਿਆਂ ਨੂੰ ਡੰਡਿਆਂ ਨਾਲ "ਸਿੱਧੇ ਕਰਨ" ਵਿਚ ਕੋਈ ਕਸਰ ਨਹੀਂ ਛੱਡੀ।

ਅਸੀਂ ਕੰਵਲ ਤੋਂ ਪੁਛਦੇ ਹਾਂ ਕਿ ਜੇ ਬੁਰਜੂਆ ਨਿਜ਼ਾਮ ਵਿਚ ਸਿੱਖਾਂ ਦਾ ਰਾਜ ਹੋ ਜਾਵੇ ਤਾਂ ਕੀ ਫ਼ੇਰ ਆਮ ਜੰਤਾ ਸੁਖੀ ਹੋ ਜਾਵੇਗੀ? ਸਾਨੂੰ ਪੂਰਾ ਯਕੀਨ ਹੈ ਕਿ ਉੱਤਰ ਹੈ, ਨਹੀਂ। ਸਾਨੂੰ ਇਹ ਕਹਿਣ ਵਿਚ ਝਿਜਕ ਨਹੀਂ ਕਿ ਸਿੱਖ ਬੁਰਜੁਆਜ਼ੀ ਤਾਂ ਟੋਕਿਆਂ ਨਾਲ ਨਾੜੂਏ ਵੱਢੇਗੀ, ਪਹਿਲਾਂ ਵੱਢੇ ਹਨ। ਕੀ ਸਿੱਖ ਰਿਆਸਤਾਂ ਵਿਚ ਆਮ ਲੋਕੀਂ ਸੁਖੀ ਸਨ। ਕੀ ਕੰਵਲ ਦੀ ਯਾਦ-ਦਾਸ਼ਤ ਏਨੀ ਮਾੜੀ ਹੈ ਕਿ ਉਹਨੂੰ ਸਭ ਕੁਝ ਏਨੀ ਛੇਤੀ ਸਾਰੇ ਦਾ ਸਾਰਾ ਹੀ ਭੁੱਲ ਗਿਆ? ਕੀ ਪਟਿਆਲੇ ਵਾਲੇ ਅਤੇ ਹੋਰ ਸਿੱਖ ਰਾਜਿਆਂ ਮਹਾਰਾਜਿਆਂ ਦੇ ਕਾਰਨਾਮਿਆਂ ਨਾਲ ਇਤਿਹਾਸ ਦੇ ਪੰਨੇ ਸੜਿਆਂਦ ਨਹੀਂ ਮਾਰਦੇ? ਕੀ ਸਿੱਖ ਰਿਆਸਤਾਂ ਵਿਚ ਗਰੀਬੀ ਨਹੀਂ ਸੀ? ਕੀ ਰਣਜੀਤ ਸਿੰਘ ਦੇ ਰਾਜ ਵਿਚ ਸਾਰੇ ਲੋਕੀਂ ਸੁਖੀ ਸਨ? ਕੀ ਲੁੱਟ ਖਸੁੱਟ ਅਤੇ ਕੰਜਰਖਾਨਾ ਨਹੀਂ ਸੀ ਹੁੰਦਾ? ਜੇ ਮਹਾਨ ਬਾਬਾ ਨਾਨਕ ਉਸ ਵੇਲੇ ਹੁੰਦਾ ਤਾਂ ਉਹ ਫਿਰ ਜ਼ਰੂਰ ਕਹਿੰਦਾ—"ਰਾਜੇ ਸ਼ੀਂਹ, ਮੁਕੱਦਮ ਕੁੱਤੇ"।

ਇਥੇ ਅਸੀਂ ਮਹਿਸੂਸ ਕਰਦੇ ਹਾਂ ਕਿ ਜਸਵੰਤ ਸਿੰਘ ਕੰਵਲ ਨੂੰ ਯਾਦ ਕਰਵਾ ਦੇਈਏ ਕਿ ਮਜ਼ਹਬ ਕੌਮ ਨਹੀਂ ਹੁੰਦੀ, ਨਾ ਕੋਈ ਕੌਮ ਮਜ਼ਹਬ ਹੁੰਦੀ ਹੈ। ਜੇਕਰ ਈਸਾਈ ਮੱਤ ਇਕ ਕੌਮ ਹੁੰਦਾ ਤਾਂ ਸਾਰਾ ਯੂਰਪ ਈਸਾਈ ਹੋਣ ਦੇ ਨਾਤੇ ਇਕ ਕੌਮ ਹੋਣਾ ਚਾਹੀਦਾ ਸੀ ਅਤੇ

ਜਰਮਨ, ਫਰਾਂਸੀਸੀ ਅਤੇ ਇੰਗਲਿਸ਼ ਕੌਮਾਂ ਨਾ ਹੁੰਦੀਆਂ। ਜੇ ਇਸਲਾਮ ਇਕ ਮਜ਼ਹਬ ਦੀ ਥਾਂ ਕੌਮ ਹੁੰਦਾ ਤਾਂ ਸਾਰਾ ਮਿਡਲ ਈਸਟ ਇਕ ਕੌਮ ਹੁੰਦਾ, ਈਰਾਨੀ, ਟਰਕ (ਤੁਰਕੀ ਦੇ ਵਸਨੀਕ) ਅਰਾਕੀ, ਸਉਦੀ ਅਰਬੀਅਨ ਅਤੇ ਮਿਸਰੀ ਆਦਿ ਨਾ ਹੁੰਦੇ। ਏਸੇ ਤਰ੍ਹਾਂ ਜੇ ਬੁਧਮਤ ਇਕ ਕੌਮ ਹੋਵੇ ਤਾਂ ਸਾਰਾ ਇੰਡੋ ਚਾਇਨਾ ਇਕ ਕੌਮ ਹੁੰਦਾ। ਪਰ ਹਕੀਕਤ ਏਦਾਂ ਨਹੀਂ ਬਰਮੀ ਜੁਦੇ ਹਨ ਸਿਆਮੀ ਜੁਦੇ, ਲਾਉਸ ਜੁਦੀ ਕੌਮ ਹੈ ਅਤੇ ਕੰਬੋਦੀਅਨ ਜੁਦੀ ਕੌਮ, ਚੀਨ ਵੱਖਰੀ ਕੌਮ। ਇਕ ਮੁਲਕ, ਇਕ ਦੇਸ਼ ਵਿਚ ਕਈ ਧਰਮ ਕਈ ਫਿਰਕੇ ਅਤੇ ਮੱਤ ਅਤੇ ਕੌਮੀ ਘਟ ਗਿਣਤੀਆਂ ਹੋ ਸਕਦੀਆਂ ਹਨ। ਇਕ ਕੌਮ ਵਿਚ ਕਈ ਧਰਮ ਜਾਂ ਧਾਰਮਕ ਫਿਰਕੇ ਹੋ ਸਕਦੇ ਹਨ। ਹਿੰਦੂ ਕੋਈ ਕੌਮ ਨਹੀਂ, ਮਜ਼ਹਬ ਹੈ।

ਕੰਵਲ ਗੱਲ ਹੀ ਹਿੰਦੂ ਕੌਮ ਤੋਂ ਕਰਦਾ ਹੈ ਤਾਂ ਕਿ ਸਿੱਧ ਕਰ ਸਕੇ ਕਿ ਸਿੱਖ ਇਕ ਕੌਮ ਹਨ। ਹਿੰਦੁਸਤਾਨ ਵਿਚ ਕਈ ਨੈਸ਼ਨਲ ਘਟ ਗਿਣਤੀਆਂ ਹਨ ਦੇਸ਼ ਪਿਆਰ ਕੋਈ ਮਾੜੀ ਗੱਲ ਨਹੀਂ ਜੇਕਰ ਇਹ ਸੌੜੀ ਨਾ ਹੋਵੇ। ਕੌਮਵਾਦੀ ਜਨੂੰਨ ਅੰਨੇ ਹੱਥ ਗੰਡਾਸੀ ਹੈ ਅੰਨੀ ਗਲੀ ਵਿਚ। ਇਤਿਹਾਸਕ ਤੌਰ ਤੇ ਜਿੱਥੇ ਸਿੱਖਾਂ ਨੇ ਅਥਾਹ ਕੁਰਬਾਨੀਆਂ ਦਿੱਤੀਆਂ ਸਿੱਖਾਂ ਦੀ ਲੀਡਰਸ਼ਿਪ, ਭਾਵ ਅਕਾਲੀ ਲੀਡਰਸ਼ਿਪ ਟੋਡੀ ਅਤੇ ਐਂਟੀ ਸੋਸ਼ਲਿਸ਼ਟ ਹੈ। ਇਨ੍ਹਾਂ ਦੀ ਖਾਲਿਸਤਾਨ ਦੀ ਮੰਗ ਵਿਚੋਂ ਅਤੇ ਤੰਗ ਕੱਟੜ ਫਿਰਕੂ ਭਾਸ਼ਨਾਂ ਵਿਚੋਂ ਇਜ਼ਰਾਈਲੀ ਜ਼ਾਇਨਿਜ਼ਮ ਦੀ ਬੂ ਆ ਰਹੀ ਹੈ ਅਤੇ ਜੇ ਇਨ੍ਹਾਂ ਦਾ ਵਾਹ ਚਲਿਆ ਤਾਂ ਖਾਲਿਸਤਾਨ ਬਣਾ ਕੇ ਝੱਟ ਅਮਰੀਕਾ ਦੇ ਹਵਾਲੇ ਕਰ ਦੇਣਗੇ। ਅਜੋਕੀ ਲੀਡਰਸ਼ਿਪ ਵਿਚ ਖੁਮੀਨੀ ਵਰਗੇ ਰੰਗ ਦਿਸਦੇ ਹਨ। ਕੀ ਸੰਤ ਭਿੰਡਰਾਂ ਵਾਲਾ ਖੁਮੀਨੀ ਤੋਂ ਘਟ ਹੈ ? ਜਿਸ ਦਿਨ ਉਹਦੀ ਵੈਨ ਪੁਲੀਸ ਨੇ ਰੋਕੀ ਸੀ, ਉਸ ਦਿਨ ਸੰਤ ਭਿੰਡਰਾਂ ਵਾਲੇ ਨੇ 5000 ਹਿੰਦੂ ਮਾਰਨ ਦਾ ਡਰਾਵਾ ਕਿਉਂ ਦਿੱਤਾ ? ਦਰਬਾਰਾ ਸਿੰਘ ਜਾਂ ਉਸ ਦੇ ਵਜ਼ੀਰਾਂ ਨੂੰ ਮਾਰਨ ਦੀ ਧਮਕੀ ਕਿਉਂ ਨਾ ਦਿੱਤੀ ? ਅਕਾਲੀ ਦਲ ਦੀ ਲੀਡਰਸ਼ਿਪ ਜਗੀਰੂ ਹੈ ਜਾਂ ਜਾਗੀਰ-ਦਾਰੀ ਦੀ ਰਹਿੰਦ ਖੂੰਦ। ਉਹ ਸਾਂਝੀਵਾਲਤਾ ਦੇ ਪੱਕੇ ਵਿਰੋਧੀ ਹਨ ਉਹ ਗੁਰੂ ਸਾਹਿਬਾਨ ਦੀ ਸਿਖਿਆ ਦੇ ਪੱਕੇ ਵੈਰੀ ਹਨ ਅਤੇ ਇਸ ਤਰ੍ਹਾਂ ਐਂਟੀ ਗੁਰੂ ਹਨ। ਸਵਾਲਾਂ ਦਾ ਸਵਾਲ ਹੈ ਕੰਵਲ ਸਾਹਿਬ ਕਿ ਪਿਛਲੀਆਂ ਸਿੱਖ ਵਜ਼ਾਰਤਾਂ ਵੇਲੇ ਪੰਜਾਬ ਵਿਚ ਕਿਹੜੀ ਕੜੀ ਨਹੀਂ ਘੁਲੀ ਜਿਹੜੀ ਗੈਰ ਸਿੱਖ ਵੇਲੇ ਘੁਲਦੀ ਹੈ। ਮੁਆਫ ਕਰਨਾ ਅਸੀਂ ਕਾਂਗਰਸ ਰਾਜ ਜਾਂ ਜੰਤਾ ਰਾਜ ਨੂੰ ਨਹੀਂ ਸਰਾਹ ਰਹੇ। ਸਾਡਾ ਨੁਕਤਾ ਹੈ ਕਿ ਬਾਦਲ ਅਤੇ ਉਸਦੇ ਸਾਥੀਆਂ ਦਾ ਇਤਬਾਰ ਕੋਈ ਮੂਰਖ ਹੀ ਕਰ ਸਕਦਾ ਹੈ। ਅਸੀਂ ਪੁਛਦੇ ਹਾਂ ਕਿ ਅਨੰਦਪੁਰ ਦਾ ਮਤਾ ਸਾਰੇ ਪੰਜਾਬ ਦੀਆਂ ਆਰਥਕ ਮੰਗਾਂ ਦਾ ਪਤਾ ਹੈ ? ਸਿੱਖਾਂ ਕੋਲ ਕੀ ਗਰੰਟੀ ਹੈ ਕਿ ਉਨ੍ਹਾਂ ਦੇ ਰਾਜ ਵਿਚ ਲੋਕਾਂ ਦੇ ਸਾਰੇ ਆਰਥਕ ਮਸਲੇ ਹਲ ਹੋ ਜਾਣਗੇ ? ਸਿੱਖੀ ਵਿਚ ਬਹੁਤ ਮਹਾਨ ਪਰੰਪਰਾ ਹੈ ਸਾਂਝੀ ਪੰਗਤ ਦੀ ਪਰ ਕੀ ਇਹ ਆਰਥਕ ਉਚਨਚੀਤਾ ਖਤਮ ਕਰਨ ਦੇ ਯੋਗ ਹੈ ? ਸਾਨੂੰ ਯਕੀਨ ਹੈ ਕਿ ਸਿੱਖ ਲੀਡਰ ਆਰਥਕ ਉਚ ਨੀਚਤਾ ਦਿਲੋਂ ਖਤਮ ਕਰਨਾ ਨਹੀਂ ਚਾਹੁੰਦੇ ਕਿਉਂਕਿ ਇਸ ਮੰਤਵ ਲਈ ਉਨ੍ਹਾਂ ਕਦੇ ਇਕ ਲਫਜ਼ ਵੀ ਨਹੀਂ ਉਚਰਿਆ। ਕੀ ਖਾਲਿਸਤਾਨ ਦੀ ਮੰਗ ਕਰਨ ਵਾਲੇ ਸਾਂਝੀ ਪੰਗਤ ਰਾਹੀਂ ਜ਼ਾਤ ਪਾਤ ਦਾ ਖਾਤਮਾ ਕਰ ਸਕਦੇ ਹਨ ?

ਕੰਵਲ ਸਾਹਿਬ ! ਕੀ ਸ਼ਰੇਣੀਆਂ ਵਾਲੇ ਸਮਾਜ ਵਿਚ ਸਾਂਝੀ ਵਾਲੇ ਦਾ ਅਰਥ ਪੈਦਾਵਾਰੀ ਸਾਧਨਾਂ ਨੂੰ ਲੋਕਾਂ ਦੇ ਹਵਾਲੇ ਕਰਨਾ ਨਹੀਂ ਹੁੰਦਾ ? ਕੀ ਕੰਵਲ ਦੀ ਵਕਾਲਤ ਇਹੋ ਜਹੇ ਸਾਂਝੀਵਾਲਤਾ ਕਰਨ ਵਾਲੀ ਅਕਾਲੀ ਸਿਆਸਤ ਲਈ ਹੈ ਜਾਂ ਹੋਰ ਕਿਸੇ ਮੰਤਵ ਲਈ ? ਕੰਵਲ ਜੀ ਸਾਂਝੀਵਾਲਤਾ ਕਿਸ ਨੂੰ ਕਹਿੰਦੇ ਹਨ ?

ਰਾਜਨੀਤੀ ਅਤੇ ਸਮਾਜਕ ਵਿਕਾਸ ਦਾ ਆਮ ਵਿਦਿਆਰਥੀ ਵੀ ਇਹ ਜਾਣਦਾ ਹੈ ਕਿ ਕਿਸੇ ਦੇਸ਼ ਵਿਚ ਸਰਮਾਏਦਾਰੀ ਦਾ ਵਿਕਾਸ ਅਤੇ ਵਧਣਾ ਫੁਲਣਾ ਇਕ-ਸਾਰ ਨਹੀਂ ਹੁੰਦਾ। ਦੇਸ਼ ਦਾ ਕੋਈ ਹਿੱਸਾ ਖਾਲੀ ਰਹਿੰਦਾ ਹੈ ਅਤੇ ਕੋਈ ਵਧੇਰੇ 'ਤਰੱਕੀ' ਕਰਦਾ ਹੈ। ਘੱਟ ਵਿਕਸਤ ਹੋਏ ਇਲਾਕਿਆਂ ਦੇ ਲੋਕੀਂ ਦੂਜੇ ਹਿੱਸਿਆਂ ਨੂੰ ਜਾਂਦੇ ਹਨ। ਪਿੰਡ ਛੱਡ ਕੇ ਲੋਕੀਂ ਕੰਮਾਂ ਕਾਰਾਂ ਲਈ ਸ਼ਹਿਰਾਂ ਨੂੰ ਜਾਂਦੇ ਹਨ। ਪੰਜਾਬ ਵਿਚ ਖੇਤੀਵਾੜੀ ਦੇ ਵਿਕਾਸ ਅਤੇ ਮਸ਼ੀਨੀਕਰਨ ਦੇ ਨਾਲ ਨਾਲ ਪੰਜਾਬੀਆਂ ਦੀ ਬਹੁ-ਗਿਣਤੀ ਦਾ ਬਾਹਰਲੇ ਦੇਸ਼ਾਂ ਨੂੰ ਚਲੇ ਜਾਣ ਕਰਕੇ, ਬਾਹਰਲੇ ਸੂਬਿਆਂ ਤੋਂ ਮਜ਼ਦੂਰੀ ਦੀ ਭਾਲ ਵਿਚ ਆਏ ਭਈਏ ਕੰਵਲ ਨੂੰ ਇਕ ਗਿਣੀ ਮਿੱਥੀ ਸਾਜ਼ਿਸ਼ ਦੀ ਕੜੀ ਲਗਦੇ ਹਨ ਜਿਸ ਅਨੁਸਾਰ "ਹਿੰਦੂ ਬੁਰਜੁਆਜ਼ੀ" "ਪੰਜਾਬ ਨੂੰ ਘੱਟ ਗਿਣਤੀ" ਵਿਚ ਬਦਲ ਦੇਵੇਗੀ। ਕੰਵਲ ਦਾ ਮਤਲਬ ਹੈ, ਪੰਜਾਬ ਵਿਚ ਸਿੱਖ ਘੱਟ ਗਿਣਤੀ ਵਿਚ ਹੋ ਜਾਣਗੇ। ਕੀ ਇਨ੍ਹਾਂ ਨਾ ਬਾਹਰੋਂ ਆਏ ਮਜ਼ਦੂਰਾਂ ਨੂੰ ਵੋਟ ਦੇ ਹੱਕ ਤੋਂ ਵਾਂਜਿਆਂ ਰੱਖਣਾ ਸਾਰੇ ਮਸਲੇ ਦਾ ਹਲ ਹੈ ? ਕਿੰਨੀ ਜੱਬਲੀਆਂ ਮਾਰ ਰਿਹਾ ਹੈ ਕੰਵਲ, ਬਿਲਕੁਲ ਹਿਟਲਰਸ਼ਾਹੀ ਅਤੇ ਧੱਕੜਸ਼ਾਹੀ। ਇਹੋ ਜਿਹੇ ਬਿਆਨਾਂ ਨੂੰ ਜਦੋਂ ਲੋਕੀਂ "ਸਿੱਖਾ ਸ਼ਾਹੀ" ਕਹਿੰਦੇ ਹਨ ਤਾਂ ਖਿਝਣ ਦੀ ਲੋੜ ਨਹੀਂ। ਕੰਵਲ ਇਤਿਹਾਸ ਦੇ ਪਹੀਏ ਨੂੰ ਪੁੱਠਾ ਗੇੜਾ ਦੇਣਾ ਚਾਹੁੰਦਾ ਹੈ। ਕੰਵਲ ਜਸਵੰਤ ਸਿਆਂ ਸਿੱਖੀ ਦਾ ਕਿਹੜਾ ਬੁਨਿਆਦੀ ਅਸੂਲ ਏਨੇ ਵਿਤਕਰੇ ਦੀ

ਆਗਿਆ ਦਿੰਦਾ ਹੈ ? ਲੋੜ ਹੈ ਕਿ ਇਤਿਹਾਸ ਦੇ ਵਿਕਾਸ ਦੇ ਨੇਮਾਂ ਨੂੰ ਸਮਝਿਆ ਜਾਵੇ। ਕੀ ਖਾਲਿਸਤਾਨ ਵਿਚ ਮਜ਼ਦੂਰਾਂ ਦੀ ਲੋੜ ਨਹੀਂ ਪੈਣੀ ? ਕੀ ਖਾਲਿਸਤਾਨ ਵਿਚ ਕਾਰਖਾਨੇ ਨਹੀਂ ਲਗਣੇ ? ਕੀ ਖਾਲਿਸਤਾਨ ਵਿਚ ਖੇਤੀਵਾੜੀ ਬੰਦ ਕਰ ਦੇਣੀ ਹੈ ? ਕੀ ਖਾਲਿਸਤਾਨ ਵਿਚ ਗੁਰੂ ਦਾ ਵਾਕ "ਰੰਗਰੇਟੇ ਗੁਰੂ ਕੇ ਬੇਟੇ" ਲਾਗੂ ਨਹੀਂ ਹੋਵੇਗਾ ?

ਜਸਵੰਤ ਸਿੰਘ ਜੀ, ਲੋੜ ਹੈ ਕਿ ਸਮਾਜਕ ਵਿਕਾਸ ਦੇ ਸਾਇੰਟੇਫਿਕ ਅਸੂਲਾਂ ਨੂੰ ਸਮਝਿਆ ਜਾਵੇ ਅਤੇ ਐਵੇਂ ਊਟ ਪਟਾਂਗ ਨਾ ਮਾਰੀ ਜਾਈਏ। ਸਿੱਖੀ ਨੂੰ ਜਨਮ ਦੇਣ ਵਾਲਾ ਮਹਾਨ ਪੁਰਸ਼ ਬਾਬਾ ਨਾਨਕ ਮਲਕ ਭਾਗੋ ਨੂੰ ਠੁਕਰਾ ਕੇ ਭਾਈ ਲਾਲੋ ਨੂੰ ਗਲ ਨਾਲ ਲਾਉਂਦਾ ਹੈ ਕਿਉਂਕਿ ਉਹ ਕਿਰਤੀ ਹੈ, ਮਰਦੇ-ਮੁਜਾਹਿਦ ਗੋਬਿੰਦ ਸਿੰਘ ਜੀ ਨੀਵੀਆਂ ਜ਼ਾਤਾਂ ਨੂੰ ਪੰਜਾਂ ਪਿਆਰਿਆਂ ਦਾ ਰੂਪ ਦੇ ਕੇ, ਗੁਰੂ ਮੰਨਦਾ ਹੋਇਆ ਮੱਥਾ ਟੇਕਦਾ ਅਤੇ ਸਿਰ ਨਿਵਾਉਂਦਾ ਹੈ ਪਰ ਸਾਬਤ ਸੂਰਤ ਜਸਵੰਤ ਸਿੰਘ ਕੰਵਲ ਅੱਜ ਦੇ ਲਾਲੋਆਂ, ਭਾਵ ਕਿਰਤੀਆਂ ਨੂੰ ਵੋਟ ਦੇਣ ਦੇ ਹੱਕੋਂ ਵੀ ਖਾਲੀ ਰੱਖਣਾ ਚਾਹੁੰਦਾ ਹੈ ! ਕਾਰਨ ? ਕਿਉਂਕਿ ਪੰਜਾਬੀਅਤ ਨੂੰ ਖਤਰਾ ਹੈ !! ਜਸਵੰਤ ਸੂੰਹ ਕਿਹੜੀ ਸਿੱਖੀ ਅਤੇ ਪੰਜਾਬੀਅਤ ਦੀ ਗੱਲ ਕਰ ਰਿਹਾ ਹੈ ? ਭਾਈ ਲਾਲੋਆਂ ਦੇ ਹੱਕਾਂ ਦੀ ਰਾਖੀ ਦਾ ਢੰਡੋਰਚੀ ਅੱਜ ਆਪ ਮਲਕ ਭਾਗੋ ਵਾਲੀਆਂ ਕਰਤੂਤਾਂ ਉਤੇ ਉਤਰ ਆਇਆ ਹੈ। ਪੰਜਾਬੀਅਤ ਅਤੇ ਸਿੱਖੀ ਦੋ ਵੱਖਰੀਆਂ ਵਸਤਾਂ ਹਨ, ਇਕ ਵਸਤ ਦੇ ਹੀ ਦੋ ਨਾਉਂ ਨਹੀਂ।

ਕੰਵਲ ਸਾਹਿਬ, ਸਮਾਜਕ ਵਿਗਿਆਨ ਦਾ ਸਾਇੰਟੇਫਿਕ ਅਸੂਲ ਦਸਦਾ ਹੈ ਕਿ ਦਾਬੂ ਸਭਿਆਚਾਰ ਘੱਟ ਗਿਣਤੀ ਦੇ ਸਭਿਆਚਾਰ ਨੂੰ ਹੜਪ ਕਰ ਲੈਂਦਾ ਹੈ। ਵੈਸਟ ਇੰਡੀਜ਼ ਅਤੇ ਕੈਰੇਬੀਅਨ ਵਿਚ ਗਏ ਭਾਰਤੀਆਂ ਦੇ ਨਾਉਂ ਭਾਵੇਂ ਹਾਲੀ ਵੀ ਏਸ਼ੀਆਈ ਅਤੇ ਭਾਰਤੀ ਹਨ (ਜਿਵੇਂ ਕਿ ਕਾਲੀਚਰਨ, ਰੋਹਨ ਕਨਾਈ ਆਦਿ) ਪਰ ਸਥਾਨਕ ਸਮਾਜ ਵਿਚ ਉਹ ਪੂਰੀ ਤਰ੍ਹਾਂ ਜਜ਼ਬ ਹੋ ਗਏ ਹਨ। ਪੰਜਾਬ ਵਿਚ ਬਿਹਾਰ, ਯੂ ਪੀ ਅਤੇ ਹੋਰ ਸੂਬਿਆਂ ਤੋਂ ਆਏ ਭਈਏ ਵੀ ਇਵੇਂ ਪੰਜਾਬ ਵਿਚ ਜਜ਼ਬ ਹੋ ਕੇ ਪੰਜਾਬੀ ਬਣ ਜਾਣਗੇ। ਇਹ ਗੱਲ ਵਖਰੀ ਹੈ ਕਿ ਉਹ ਸਿੱਖ ਬਣਨਗੇ ਜਾਂ ਨਹੀਂ। ਜੇ ਜਸਵੰਤ ਸਿੰਘ ਦੀ "ਸਿੱਖਾ ਸ਼ਾਹੀ" ਨੀਤੀ ਅਨੁਸਾਰ ਉਨ੍ਹਾਂ ਨੂੰ ਵੋਟ ਦੇਣੋਂ ਵੀ ਸਖਣੇ ਰਖਿਆ ਗਿਆ ਤਾਂ ਉਹ ਸਿੱਖ ਕਿਵੇਂ ਬਣਨਗੇ। ਹਿੰਦੁਸਤਾਨ ਵਿਚ ਨੈਸ਼ਨਲ ਪੱਧਰ ਉਤੇ ਅਛੂਤਾਂ ਨੂੰ ਬੁੱਧ ਧਰਮ ਵੱਲ ਧੱਕਣ ਦੇ ਜ਼ੁੰਮੇਵਾਰ ਉਸ ਵੇਲੇ ਦੇ ਕੰਵਲ ਵਰਗੇ ਲੀਡਰ ਸਨ। ਪੰਜਾਬ ਤੋਂ ਬਾਹਰੋਂ ਆਏ ਭਈਏ ਪੱਕੇ ਤੌਰ ਤੇ ਜ਼ਰੂਰ ਪੰਜਾਬੀ ਬਣ ਜਾਣਗੇ। ਪਰ ਬਾਈ ਕੰਵਲ ਦਾ ਤੌਖਲਾ ਤਾਂ ਇਹ ਹੈ ਕਿ ਉਹ ਸਿਖ ਨਹੀਂ ਬਣਨਗੇ। ਜਿੱਥੇ ਤੱਕ ਪੰਜਾਬ ਵਿਚ ਪੰਜਾਬੀਆਂ ਦੀ ਘੱਟ ਗਿਣਤੀ ਹੋਣ ਦਾ ਸਵਾਲ ਹੈ, ਬਹੁਤੀ ਚਿੰਤਾ ਦੀ ਗੱਲ ਨਹੀਂ।

ਹੁਣ ਸੁਣੋ, ਬਾਈ ਕੰਵਲ ਦੀ ਇਕ ਵੱਡੀ ਫੁਲਝੜੀ ਜੋ ਉਨ੍ਹਾਂ 'ਪੰਜਾਬ ਤੋਂ ਬਾਹਰ ਜਾਣ ਵਾਲਿਆਂ, ਖਾਸ ਕਰਕੇ ਦੇਸ਼ ਛੱਡ ਜਾਣ ਵਾਲਿਆਂ' ਸਬੰਧੀ ਛੱਡੀ ਅਤੇ ਮਨੁੱਖੀ ਆਵਾਸ-ਪਰਵਾਸ ਦੀ ਥਿਊਰੀ ਨੂੰ ਨਵੇਂ ਚਾਰ ਚੰਨ ਲਾਏ ਹਨ। ਕੰਵਲ ਸਾਹਿਬ ਫਰਮਾਉਂਦੇ ਹਨ ਕਿ "ਪੰਜਾਬ ਤੋਂ ਬਾਹਰ ਜਾਣ ਵਾਲਿਆਂ, ਖਾਸ ਕਰਕੇ ਦੇਸ਼ ਛੱਡ ਜਾਣ ਵਾਲਿਆਂ...ਪੰਜਾਬ ਛੱਡ ਕੇ ਅਜ਼ੀਮ ਅਤੇ ਇਤਹਾਸਕ ਗੁਨਾਹ ਕੀਤਾ ਹੈ—।" ਇਮੀਗਰੇਸ਼ਨ (ਆਵਾਸ-ਪ੍ਰਵਾਸ) ਦਾ ਇਤਿਹਾਸ ਦਸਦਾ ਹੈ ਕਿ ਬਸਤੀਵਾਦੀ ਤਾਕਤਾਂ, ਬਸਤੀਆਂ ਦੇ ਧੰਨ ਦੌਲਤ ਲੁਟਦੇ ਹਨ ਅਤੇ ਸਿੱਟੇ ਵਜੋਂ ਬਸਤੀਆਂ ਦੇ ਲੋਕਾਂ ਦੀ ਆਰਥਕ ਹਾਲਤ ਏਨੀ ਮੰਦੀ ਹੋ ਜਾਂਦੀ ਹੈ ਕਿ ਉਹ ਆਪਣਾ ਦੇਸ਼ ਛੱਡ ਕੇ ਬਸਤੀਵਾਦੀ ਦੇਸ਼ਾਂ ਨੂੰ ਜਾਣ ਲਈ ਮਜਬੂਰ ਹੋ ਜਾਂਦੇ ਹਨ। ਉਦਾਹਰਨਾਂ ਸਾਡੇ ਸੰਮ੍ਹਣੇ ਹਨ, ਗੋਰੇ ਬਰਤਾਨਵੀ ਸਾਮਰਾਜ ਨੇ ਜਿੱਥੇ ਜਿੱਥੇ ਵੀ ਰਾਜ ਕੀਤਾ, ਉਨ੍ਹਾਂ ਦੇਸ਼ਾਂ ਦੇ ਲੋਕ ਵਲੈਤ ਭਾਵ ਬਰਤਾਨੀਆ ਵਿਚ ਆਵਾਸ ਕਰਕੇ ਆ ਵਸੇ, ਭਾਰਤ, ਜਮੈਕਾ, ਪਾਕਿਸਤਾਨ, ਮਿਸਰ, ਚੀਨ, ਮਿਡਲ ਈਸਟ, ਮਲਾਇਆ ਆਦਿ ਵਿਚੋਂ ਲੋਕੀਂ ਇਥੇ ਆਏ। ਕੋਰੀਆ ਵਿਚੋਂ ਫੈਰਾਂਸ ਵਿਚ, ਫਿਲਪਾਈਨਸ ਤੋਂ ਅਮਰੀਕਾ ਆਦਿ। ਨੁਕਤਾ ਇਥੇ ਇਹ ਹੈ ਇਨ੍ਹਾਂ ਦੀ ਆਰਥਕ ਲੁੱਟ ਲੋਕਾਂ ਨੂੰ ਮਜਬੂਰ ਕਰਦੀ ਹੈ ਕਿ ਉਹ ਦੇਸ਼ ਛੱਡਣ। ਜਦੋਂ ਪੰਜਾਬੀਆਂ ਨੇ ਪੰਜਾਬ ਛੱਡਿਆ ਤਾਂ ਉਹ ਇਹ ਸੋਚ ਕੇ ਨਹੀਂ ਆਏ ਸਨ ਕਿ ਪੰਜਾਬ ਵਿਚ ਪੰਜਾਬੀ ਘੱਟ ਗਿਣਤੀ ਵਿਚ ਹੋ ਜਾਣਗੇ। ਜਦੋਂ ਕੰਵਲ ਵਲੈਤ ਦੇ ਪੰਜਾਬੀਆਂ ਕੋਲ ਹੱਥ ਅੱਡ ਕੇ ਪੌਂਡ ਇਕੱਠੇ ਕਰਦਾ ਹੈ ਉਦੋਂ ਉਹ ਪੰਜਾਬੀ ਚੰਗੇ ਹਨ, ਜਦੋਂ ਪੰਜਾਬ ਅਤੇ ਭਾਰਤ ਛੱਡ ਕੇ ਬਾਹਰ ਆਏ ਪੰਜਾਬੀ ਉਹਦੀ "ਲਹੂ ਦੀ ਲੋ" ਛੱਪਣ ਲਈ ਰਕਮਾਂ ਦਿੰਦੇ ਹਨ (ਜਿਸ ਕਿਤਾਬ ਦੇ ਆਸਰੇ ਉਹਦੀ ਵੱਡੀ ਪ੍ਰਸਿਧਤਾ ਹੋਈ) ਅਤੇ ਵੇਚਦੇ ਫਿਰਦੇ ਹਨ, ਉਦੋਂ ਉਹ ਚੰਗੇ ਹਨ ਪਰ ਹੁਣ ਉਨ੍ਹਾਂ ਅਜ਼ੀਮ ਗੁਨਾਹ ਕੀਤਾ ਹੈ। ਤੀਜੇ ਦਿਨ ਕੰਵਲ ਇੰਗਲੈਂਡ ਅਤੇ ਕੈਨੇਡਾ ਆ ਸਾਨੂੰ ਦੱਸਦਾ ਤੁਸੀਂ ਅਜ਼ੀਮ ਗੁਨਾਹ ਕੀਤਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਕੋਈ ਹੋਰ ਨੁਕਤਾ ਲਈਏ ਅਸੀਂ ਬੜੀ ਨਿਮ੍ਰਤਾ ਨਾਲ ਇਹ ਅਰਜ਼ ਕਰਨਾ ਚਾਹੁੰਦੇ ਹਾਂ ਕਿ ਪੰਜਾਬ ਦੀ ਖੁਸ਼ਹਾਲੀ ਵਿਚ ਸਾਡਾ ਸਭ ਤੋਂ ਵੱਡਾ ਹਿੱਸਾ ਹੈ, ਅਸੀਂ ਹਰ ਸਾਲ ਬਾਹਰਲੇ ਮੁਲਕਾਂ

ਤੋਂ 1200 ਮਿਲੀਅਨ ਪੌਂਡ ਮਾਤਭੂਮੀ ਨੂੰ ਭੇਜਦੇ ਹਾਂ।

ਸਾਨੂੰ ਪਤਾ ਹੈ ਕਿ ਸਾਡੇ ਨਾਲ ਇਥੇ ਪ੍ਰਦੇਸਾਂ ਵਿਚ ਰੰਗ ਦਾ ਵਿਤਕਰਾ ਕਿਉਂ ਹੁੰਦਾ ਹੈ ਅਤੇ ਸਾਨੂੰ ਪਤਾ ਹੈ ਕਿ ਇਸ ਦਾ ਇਲਾਜ ਕੀ ਹੈ। ਜਿਨ੍ਹਾਂ ਨੁੱਕਿਆਂ ਦੀ ਗੱਲ ਕੰਵਲ ਕਰਦਾ ਹੈ, ਅਸੀਂ ਉਸ ਤੋਂ ਅੱਗੇ ਦੇ ਹਾਲਾਤ ਵਿਚ ਪਰਵੇਸ਼ ਕਰ ਚੁੱਕੇ ਹਾਂ, ਜਿਥੇ ਸਾਡੇ ਧੀਆਂ, ਪੁਤਰਾਂ ਨੂੰ ਚਾਕੂਆਂ ਨਾਲ ਜਾਨੋਂ ਖਤਮ ਕੀਤਾ ਜਾਂਦਾ ਹੈ, ਜਿਨ੍ਹਾਂ ਹਾਲਾਤ ਵਿਚ ਸਾਡੇ ਘਰਾਂ ਨੂੰ ਅੱਗਾਂ ਲਾਈਆਂ ਜਾਂਦੀਆਂ ਹਨ। ਸਾਡੇ ਨੌਜਵਾਨਾਂ ਨੇ ਇਸ ਦਾ ਇਲਾਜ ਕਰਨਾ ਵੀ ਸ਼ੁਰੂ ਕਰ ਲਿਆ। ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕੰਵਲ ਸਾਹਿਬ ਕਿ ਜਦ ਤੱਕ ਭਾਰਤ ਅਸਲੀ ਅਰਥਾਂ ਵਿਚ ਭਾਵ ਸਮਾਜਕ, ਆਰਥਕ ਅਤੇ ਰਾਜਸੀ ਤੌਰ ਤੇ ਆਜ਼ਾਦ ਨਹੀਂ ਸਾਡੀ ਵਿਦੇਸ਼ਾਂ ਵਿਚ ਕਦਰ ਨਹੀਂ ਹੋਵੇਗੀ। ਅਸੀਂ ਇਕੱਲੇ ਪੰਜਾਬ ਦੀ ਹਾਲਤ ਨਹੀਂ ਸਗੋਂ ਸਮੁੱਚੇ ਹਿੰਦੁਸਤਾਨ ਦੀ ਹਾਲਤ ਸੁਧਾਰਨ ਦੀ ਗੱਲ ਕਰਦੇ ਹਾਂ। ਸਾਨੂੰ ਜਾਗਦਿਆਂ ਨੂੰ ਪੁਆਂਦੀ ਨਾਂ ਪਾਉ?! ਸਾਨੂੰ ਪੰਜਾਬ ਨਾਲ ਪਿਆਰ ਹੈ, ਸਾਨੂੰ ਸਾਰੇ ਹਿੰਦੁਸਤਾਨ ਨਾਲ ਪਿਆਰ ਹੈ। ਸਾਨੂੰ ਪਤਾ ਹੈ ਕਿ ਸਾਡਾ, ਭਾਵ, ਹਿੰਦੁਸਤਾਨ ਅਤੇ ਪੰਜਾਬ ਦੇ ਲੋਕਾਂ ਦਾ ਅਸਲੀ ਮਿੱਤਰ ਕੌਣ ਹੈ ਅਤੇ ਦੁਸ਼ਮਣ ਕੌਣ? ਅਸੀਂ ਇੰਦਰਾ ਗਾਂਧੀ ਨੂੰ ਸਮਝਦੇ ਬੁਝਦੇ ਹਾਂ ਅਤੇ ਤੁਹਾਨੂੰ ਅਤੇ ਤੁਹਾਡੇ ਜਿਹੇ ਹੋਰ ਭੱਦਰ ਪੁਰਸ਼ਾਂ ਨੂੰ ਵੀ, ਜਿਹੜੇ ਲੋਕਾਂ ਨਾਲ ਬਾਹਲਾ ਹਿੱਤ ਜਤਾ ਕੇ, ਨਿਰਦੋਸ਼ ਲੋਕਾਂ ਦੇ ਖੂਨ ਨਾਲ ਹੋਲੀ ਖੇਡਣਾ ਚਾਹੁੰਦੇ ਹਨ। ਕੀ ਤੂੰ ਉਹੀ ਜਸਵੰਤ ਸਿੰਘ ਕੰਵਲ ਨਹੀਂ, ਜਿਹੜਾ ਜਦੋਂ ਭਾਰਤ ਵਿਚ, ਤੇਰੇ ਘਰ, ਵਿਚ ਬਾਦਲ ਸਰਕਾਰ ਨਕਸਲਵਾੜੀ ਲਹਿਰ ਵਿਚ ਨੌਜਵਾਨਾਂ ਨੂੰ ਸ਼ਹੀਦ ਕਰ ਰਹੀ ਸੀ ਪਰ ਤੂੰ ਇੰਗਲੈਂਡ ਵਿਚ ਦੇਸ਼ ਤੋਂ ਹਜ਼ਾਰਾਂ ਮੀਲ ਦੂਰ ਬੈਠੇ, ਸਾਡੇ ਕੋਲੋਂ ਨਕਸਲਵਾੜੀਆਂ ਦੇ ਸਰਨਾਮੇ ਅਤੇ ਕੰਨਟੈਕਟ ਪੁਛਦਾ ਸੀ, ਕਿਉਂਕਿ ਤੂੰ ਨਕਸਲਵਾੜੀ ਉਤੇ ਨਾਵਲ ਲਿਖਣਾ ਸੀ?

ਪੰਜਾਬ ਦੇ ਲੋਕਾਂ ਦੇ ਦੁਖ ਸਾਡੇ ਦੁਖ ਹਨ, ਪੰਜਾਬ ਸਾਡੀ ਜੰਮਣ ਭੋਂ ਹੈ। ਇੰਦਰਾ ਗਾਂਧੀ ਪੰਜਾਬ ਨੂੰ ਆਸਾਮ ਵਾਂਗੂ ਫਿਰਕੂ ਫਸਾਦਾਂ ਦੀ ਅੱਗ ਨਾਲ ਸਾੜਨਾ ਚਾਹੁੰਦੀ ਹੈ ਅਤੇ ਤੇਰੇ ਜਹੇ ਲੋਕ ਮਜ਼ਹਬੀ ਜਨੂੰਨ ਨੂੰ ਭੜਕਾ ਕੇ ਇੰਦਰਾ ਗਾਂਧੀ ਦੇ ਸੱਚੇ ਮੱਦਦਗਾਰ ਸਾਬਤ ਹੋ ਰਹੇ ਹਨ। ਪੰਜਾਬ ਦੇ ਲੋਕਾਂ ਦੇ ਗਿਲੇ (ਜਿਨ੍ਹਾਂ ਵਿਚ ਸਿੱਖ ਵੀ ਸ਼ਾਮਲ ਹਨ) ਅਤੇ ਸ਼ਕਾਇਤਾਂ ਕਾਫੀ ਹੱਦ ਤੱਕ ਠੀਕ ਹਨ। ਪੰਜਾਬੀ ਭਾਸ਼ਾ ਅਤਿਆਚਾਰ ਦਾ ਸ਼ਿਕਾਰ ਹੈ ਪਰ ਪੰਜਾਬੀ ਭਾਸ਼ਾ ਇਕੱਲੇ ਸਿੱਖਾਂ ਦੀ ਜ਼ਬਾਨ ਨਹੀਂ, ਪੰਜਾਬੀਆਂ ਦੀ ਜ਼ਬਾਨ ਹੈ। ਪੰਜਾਬੀ ਨਾਲ ਧੱਕਾ ਹੁੰਦਾ ਹੈ। ਦਰਅਸਲ ਪੰਜਾਬ ਮਿਹਨਤਕਸ਼ ਲੋਕਾਂ ਦੇ ਦੁਖ, ਉਨ੍ਹਾਂ ਨਾਲ ਹੁੰਦੀ ਬੇਇਨਸਾਫੀ, ਇਕ ਹਕੀਕਤ ਹੈ, ਪਰ ਜਸਵੰਤ ਸਿਆਂ ਇਸ ਦਾ ਇਲਾਜ ਹਿੰਦੂਆਂ ਨੂੰ, ਹਾਂ, ਨਿਰਦੋਸ਼ ਹਿੰਦੂਆਂ ਨੂੰ ਬੱਸਾਂ ਵਿਚੋਂ ਲਾਹ ਕੇ ਕਤਲ ਕਰਨਾ ਜਾਂ ਪੰਜਾਬ ਤੋਂ ਬਾਹਰ ਹਰਿਆਣਾ ਜਾਂ ਦੂਜੇ ਸੂਬਿਆਂ ਵਿਚ ਸਿੱਖਾਂ ਦੀਆਂ ਜਾਇਦਾਦਾਂ ਸਾੜਨਾ ਫੂਕਣਾ ਨਹੀਂ, ਨਾ ਹੀ ਇਸ ਦਾ ਇਲਾਜ ਅਛੂਤਾਂ ਜਾਂ ਮੁਸਲਮਾਨਾਂ ਦੇ ਖੂਨ ਨਾਲ ਹੋਲੀ ਖੇਡਣਾ ਹੈ। ਲੋੜ ਸੀ (ਅਤੇ ਅੱਜ ਵੀ ਹੈ) ਲੋਕਾਂ ਦੀਆਂ ਮੰਗਾਂ ਲਈ ਆਰਥਕ ਹੱਕਾਂ ਅਤੇ ਸਮਾਜਕ ਔਕੜਾਂ ਦੂਰ ਕਰਨ ਲਈ, ਲੋਕ ਲਹਿਰਾਂ ਵਿਚ ਲੋਕਾਂ ਨੂੰ ਲਾਮਬੰਦ ਕੀਤਾ ਜਾਂਦਾ, ਇੰਝ ਨਹੀਂ ਹੋਇਆ। ਇਸ ਦੀਆਂ ਜ਼ੁਮੇਵਾਰ ਕਮਿਊਨਿਸਟ ਪਾਰਟੀਆਂ ਵੀ ਹਨ। ਲੋਕੀਂ ਇਨਸਾਫ ਮੰਗਦੇ ਹਨ, ਲੋਕੀਂ ਘੋਲ ਕਰਨ ਲਈ ਤਿਆਰ ਹਨ, ਲੋਕੀਂ ਕੁਰਬਾਨੀ ਦੇਣ ਲਈ ਤਿਆਰ ਹਨ, ਜੇ ਉਨ੍ਹਾਂ ਨੂੰ ਫਿਰਕੂ ਪਾਰਟੀਆਂ ਜ਼ੁਲਮ ਹਟਾਉਣ ਦਾ ਲਾਰਾ ਲਾਉਂਦੀਆਂ ਹਨ ਤਾਂ ਉਨ੍ਹਾਂ ਦਾ ਇਸ ਲਾਰੇ ਪਿੱਛੇ ਤੁਰਨਾ ਕੁਦਰਤੀ ਹੈ।

'ਲੋਕਾਂ ਨੂੰ ਪਾੜੋ ਤੇ ਰਾਜ ਕਰੋ' ਦੇ ਫਾਰਮੂਲੇ ਉੱਤੇ ਅਮਲ ਕਰਦੀ ਇੰਦਰਾ, ਹਾਕਮ ਜਮਾਤ ਦੇ ਹਿੱਤ ਪਾਲਣ ਲਈ ਹਜ਼ਾਰਾਂ ਲੋਕਾਂ ਦਾ ਖੂਨ ਕਰਦੀ ਹੈ। ਆਪਣੀ ਗੱਦੀ ਪੱਕੀ ਕਰਨ ਲਈ ਆਸਾਮ ਵਿਚ ਉਹਨੇ ਆਸਾਮੀ ਅਤੇ ਬੰਗਾਲੀਆਂ ਆਦਿ ਦਾ ਝਗੜਾ ਕਰਵਾ ਕੇ ਘਲੂਘਾਰਾ ਕਰਵਾਇਆ। ਕਸ਼ਮੀਰ ਵਿਚ ਹਿੰਦੂ ਮੁਸਲਮਾਨ ਮਜ਼ਹਬੀ ਜਨੂੰਨ ਭੜਕਾ ਕੇ ਐਸੇ ਹਾਲਾਤ ਪੈਦਾ ਕੀਤੇ ਹਨ, ਜਿਸ ਵਿਚ ਲੋਕਾਂ ਨੂੰ ਇਕ ਦੂਜੇ ਦੇ ਖੂਨ ਦੇ ਪਿਆਸੇ ਬਣਾ ਦਿੱਤਾ ਹੈ? ਅਤੇ ਪੰਜਾਬ ਵਿਚ ਵੀ ਇੰਦਰਾ ਦੀ ਇਹੋ ਚਾਲ ਹੈ।

ਕੰਵਲ ਲੋਕਾਂ ਦੇ ਦੁੱਖਾਂ ਵਿਚੋਂ ਉੱਠੇ ਰੋਹ ਅਤੇ ਗੁੱਸੇ ਨੂੰ ਗਲਤ ਪਾਸੇ ਲਾ ਰਿਹਾ ਹੈ, ਕੀ ਪੰਜਾਬੀਆਂ ਨਾਲ ਭਾਵ ਪੰਜਾਬੀ ਕਿਸਾਨਾਂ, ਬੇਜ਼ਮੀਨੇ ਕਿਸਾਨਾਂ, ਮਜ਼ਦੂਰਾਂ ਜਾਂ ਖੇਤ ਮਜ਼ਦੂਰਾਂ ਨਾਲ ਹੋਈ ਬੇਇਨਸਾਫ਼ੀ ਦਾ ਇਲਾਜ ਫਿਰਕੂ ਫਸਾਦ ਹਨ? ਇੰਦਰਾ ਗਾਂਧੀ ਨੇ ਪੰਜਾਬ ਵਿਚ ਫਿਰਕੂ ਫਸਾਦ ਕਰਵਾਉਣ ਦੀ ਪੱਕੀ ਧਾਰੀ ਹੋਈ ਹੈ ਅਤੇ ਕੰਵਲ ਵਰਗੇ ਏਸ ਰਾਹੇ ਵਿਚ ਲੋਕਾਂ ਨੂੰ ਸੁੱਟਣ ਉੱਤੇ ਤੁਲੇ ਹੋਏ ਹਨ। ਅਸੀਂ ਪੁਛਦੇ ਹਾਂ ਕਿ ਅਨੰਦਪੁਰ ਮਤੇ ਵਿਚ ਪੰਜਾਬ ਦੀ ਆਰਥਕਤਾ ਭਾਵ ਪੰਜਾਬੀ ਮਜ਼ਦੂਰਾਂ ਕਿਸਾਨਾਂ ਦੀ ਮੰਦੀ ਆਰਥਕ ਹਾਲਤ ਨੂੰ ਸੁਧਾਰਨ ਦਾ ਕਿਹੜਾ ਫਾਰਮੂਲਾ ਹੈ? ਕੀ ਧਰਮ-ਯੁੱਧ ਲੋਕਾਂ ਦੀ ਗਰੀਬੀ ਦੂਰ ਕਰਨ ਲਈ ਲਾਇਆ ਮੋਰਚਾ ਹੈ ਜਾਂ ਮੋਟੇ ਮੋਟੇ ਕਿਸਾਨਾਂ ਦੀਆਂ ਜਾਗੀਰਾਂ ਦੀ ਸੁਰਖਿਆ ਦਾ ਮੋਰਚਾ ਹੈ? ਕੰਵਲ ਨੂੰ ਅਸਾਮੀ ਅਤੇ ਕਸ਼ਮੀਰੀ (ਲੀਡਰ)

ਪਸੰਦ ਹਨ ਕਿਉਂਕਿ ਉਹ ਫਿਰਕੂ ਲੀਹਾਂ ਨਾਲ, ਚਿੰਦਰਾ ਢੇ ਜਾਲ ਵਿਚ ਫਸ ਗਏ।

ਅੱਜ ਤੋਂ ਕੁਝ ਵਰ੍ਹੇ ਪਹਿਲਾਂ ਇਥੇ ਵਲੈਤ ਵਿਚ ਜਦੋਂ ਕੁਝ ਦੋਸਤਾਂ ਨੇ ਜਸਵੰਤ ਕੰਵਲ ਨੂੰ ਵੰਗਾਰਿਆ ਕਿ ਤੂੰ ਪੰਜਾਬ ਦੇ ਸਮਾਜਕ ਕੋੜ੍ਹ ਉਤੇ ਆਪਣੀਆਂ ਲਿਖਤਾਂ ਵਿਚ ਇਸ਼ਾਰਾ ਤਾਂ ਕੀਤਾ ਹੈ ਪਰ ਉਸ ਦਾ ਕੋਈ ਇਲਾਜ ਕਿਉਂ ਨਹੀਂ ਦਸਦਾ ਤਾਂ ਕੰਵਲ ਨੂੰ ਕੋਈ ਜਵਾਬ ਨਹੀਂ ਆਇਆ ਸੀ। ਪਹਿਲੋਂ ਉਹਨੇ ਗੱਲ ਗੋਲ ਮੋਲ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਕਾਮਯਾਬ ਨਾ ਹੋ ਸਕਿਆ ਅਤੇ ਅਖੀਰ ਵਿਚ ਉਹ ਇਹ ਗੱਲ ਮੰਨਣ ਲਈ ਮਜਬੂਰ ਹੋਇਆ ਕਿ ਲੋਕਾਂ ਦੇ ਦੁੱਖਾਂ ਦੇ ਇਲਾਜ ਦੱਸਣ ਵਿਚ ਵਿਹਲ ਹੋਇਆ ਹੈ। ਅੱਜ ਫਿਰਕੂ ਦਲਦਲ ਵਿਚ ਫਸਿਆ, ਜਟਵਾਦ ਅਤੇ ਤੰਗ ਕੌਮੀਵਾਦ ਦੀ ਜਿਲ੍ਹਣ ਵਿਚ ਜਕੜਿਆ ਸਾਨੂੰ ਮੱਤਾਂ ਦਿੰਦਾ ਲੋਕਾਂ ਦਾ ਪੱਖ ਪੂਰਨ ਦਾ!

ਕੰਵਲ ਨੂੰ ਕਿਸਾਨਾਂ ਦੇ ਘਸਿਆਰੇ ਬਣ ਜਾਣ ਦਾ ਤੌਖਲਾ ਹੈ ਅਤੇ ਇਹ ਤੌਖਲਾ ਕੰਵਲ ਦੇ ਜੱਟਵਾਦ ਵਿਚ ਪੱਕੀ ਤਰ੍ਹਾਂ ਵਸੀ ਹੋਈ ਮਜ਼ਦੂਰਾਂ ਪ੍ਰਤੀ ਨਫਰਤ ਹੈ, ਘ੍ਰਿਣਾ ਹੈ। ਕੰਵਲ ਲਿਖਦਾ ਹੈ, "ਰਾਜਾਂ ਦੇ ਘਟ ਗਿਣਤੀ ਵਿਚ ਚਲੇ ਜਾਣ ਅਤੇ ਭ੍ਰਵਿਖ ਦੇ ਖਤਰਿਆਂ ਨੂੰ ਮੁੱਖ ਰਖਦਿਆਂ ਹਰ ਸ਼ਹਿਰੀ ਨੂੰ ਵੋਟ ਦਾ ਹੱਕ ਆਪਣੇ ਰਾਜ ਵਿਚ ਹੀ ਦੇਣਾ ਚਾਹੀਦਾ ਹੈ, ਇਸ ਤਰ੍ਹਾਂ ਹਰ ਰਾਜ ਦਾ ਗੌਰਵ ਬਣਿਆ ਰਹੇਗਾ ਅਤੇ ਉਹ ਆਪਣੀ ਥਾਂ ਮਜ਼ਬੂਤ ਵੀ ਰਹੇਗਾ" ਅਸੀਂ ਮੰਨਦੇ ਹਾਂ ਕਿ ਵੋਟਾਂ ਨਾਲ ਇਨਕਲਾਬ ਨਹੀਂ ਆਉਂਦੇ ਪਰ ਵੋਟ ਦਾ ਹੱਕ, ਇਕ ਜਮਹੂਰੀ ਹੱਕ ਹੈ ਜਿਹੜਾ ਮਿਹਨਤੀ ਲੋਕ ਕੁਰਬਾਨੀਆਂ ਨਾਲ ਪ੍ਰਾਪਤ ਕਰਦੇ ਹਨ। ਕੰਵਲ ਪੰਜਾਬ ਵਿਚ ਬਾਹਰਲੇ ਸੂਬਿਆਂ ਤੋਂ ਆਏ ਮਜ਼ਦੂਰਾਂ ਨੂੰ ਵੋਟ ਤੋਂ ਸੱਖਣੇ ਰੱਖਣ ਨਾਲ ਇਕ ਪਾਸੇ ਤਾਂ ਮਜ਼ਦੂਰਾਂ ਪ੍ਰਤੀ ਨਫਰਤ ਦੀ ਭੜਾਸ ਕੱਢਦਾ ਹੈ ਅਤੇ ਦੂਜੇ ਪਾਸੇ ਸਿੱਖ ਜਥੇਦਾਰਾ ਅਤੇ ਸਿੱਖ ਜਾਗੀਰਦਾਰਾਂ ਨੂੰ ਖੁਸ਼ ਕਰਨਾ ਚਾਹੁੰਦਾ ਹੈ। ਕੰਵਲ ਰਾਜਾਂ ਦੇ ਗੌਰਵ ਨੂੰ ਕਾਇਮ ਰੱਖਣ ਵਾਲੀ ਗੱਲ ਕਰਕੇ ਇਕ ਖਚਰੀ ਖੇਡ ਖੇਡ ਰਿਹਾ ਹੈ। ਉਹ ਪੰਜਾਬ ਦੇ ਕਿਸਾਨਾਂ ਅਤੇ ਭੲੀਆਂ ਵਿਚਕਾਰ ਅੰਤਰ ਵਿਰੋਧ ਨੂੰ ਚਮਕਾ ਰਿਹਾ ਹੈ। ਉਹ ਪੰਜਾਬ ਦੇ ਖੇਤ ਮਜ਼ਦੂਰਾਂ ਅਤੇ ਦੂਜੇ ਮਜ਼ਦੂਰਾਂ ਨੂੰ ਵੀ ਭਈਆਂ ਨਾਲੋਂ ਪਾੜਣ ਉਤੇ ਤੁਲਿਆ ਹੋਇਆ ਹੋਇਆ ਹੈ। ਇਹ ਇਕ ਮੰਨੀ ਪ੍ਰਮੰਨੀ ਸਚਾਈ ਹੈ ਕਿ ਲੋਕਾਂ ਨੂੰ ਪਾੜੋ ਅਤੇ ਰਾਜ ਕਰੋ ਦੀ ਨੀਤੀ ਉਤੇ ਅਮਲ ਕਰਨ ਵਾਲੇ ਲੋਟੂ ਹਮੇਸ਼ਾਂ ਲੁੱਟੇ ਜਾਣ ਵਾਲੇ ਲੋਕਾਂ ਦੇ ਇਕੱਠ ਤੋਂ ਡਰਦੇ ਹਨ ਕਿ ਮਿਹਨਤਕਸ਼ ਲੋਕਾਂ ਦਾ ਇਕੱਠ ਲੁੱਟ ਖਸੁੱਟ ਕਰਨ ਵਾਲੀ ਜਮਾਤ ਦੀ ਮੌਤ ਦਾ ਸੰਦੇਸ਼ ਹੁੰਦਾ ਹੈ। ਕੀ ਕੰਵਲ ਏਸ ਤੱਤ ਤੋਂ ਅਣਜਾਣ ਹੈ, ਮੇਰੀ ਜਾਚੇ ਬਿਲਕੁਲ ਨਹੀਂ, ਉਹ ਸ਼ੈਤਾਨੀ ਕਰਦਾ ਹੈ ਅਤੇ ਜਾਣ ਬੁੱਝ ਕੇ "ਰਾਜਾਂ ਦੇ ਗੌਰਵ" ਦੀ ਗੱਲ ਕਰਦਾ ਹੈ। ਕੀ ਲੁੱਟ ਖਸੁੱਟ ਦਾ ਸ਼ਿਕਾਰ ਹੁੰਦੇ ਅਤੇ ਜ਼ੁਲਮ ਨਾਲ ਲਤਾੜੇ ਜਾਂਦੇ ਲੋਕਾਂ ਨੇ ਰਾਜਾਂ ਦੇ ਗੌਰਵ ਨੂੰ ਰਗੜ ਕੇ ਫੋੜੇ ਉਤੇ ਲਾਉਣਾ ਹੈ? ਕੀ ਰਾਜਾਂ ਦੇ ਗੌਰਵ ਨਾਲ ਉਨ੍ਹਾਂ ਦਾ ਢਿੱਡ ਭਰ ਜਾਵੇਗਾ?

ਕੀ ਖੁਸ਼ਹਾਲ ਪੰਜਾਬ ਦੀ ਉਸਾਰੀ ਵਿਚ ਮਜ਼ਦੂਰਾਂ ਦਾ ਕੋਈ ਰੋਲ ਨਹੀਂ ਹੋਵੇਗਾ? ਕੀ ਭੁਜਦੇ ਹੋਏ ਭਾਰਤ ਵਿਚ ਕੰਵਲ ਪੰਜਾਬ ਦਾ ਨਖ਼ਲਿਸਤਾਨ ਪੈਦਾ ਕਰ ਸਕਦਾ ਹੈ? ਕੰਵਲ ਕਿਹੜੀ ਕੱਕੂਲੈਂਡ ਵਿਚ ਵਿਚਰਦਾ ਹੈ? ਕੰਵਲ ਮਿਹਨਤਕਸ਼ ਲੋਕਾਂ ਨਾਲ ਗੱਦਾਰੀ ਕਰਦਾ ਹੈ ਅਤੇ ਆਪਣੇ ਜੱਟਵਾਦੀ ਫਉਡਲ, ਕਟੜ ਕੌਮੀਵਾਦੀ, ਖਾਸੇ ਅਧੀਨ ਗੋਲਮੋਲ ਗੱਲਾਂ ਨਾਲ ਪੁੱਠੀਆਂ ਸਿੱਧੀਆਂ ਭੇਰ ਰਿਹਾ ਹੈ।

ਅਸੀਂ ਕੰਵਲ ਨੂੰ ਸਲਾਹ ਦਿੰਦੇ ਹਾਂ ਕਿ ਕੰਵਲ ਧਾਰਮਕ ਜਿੱਲ੍ਹਣ ਤੋਂ ਬਾਹਰ ਨਿਕਲ ਕੇ, ਇਕ ਬੁੱਧੀਜੀਵੀ ਹੋਣ ਨਾਤੇ ਲੋਕਾਂ ਨੂੰ ਜਮਾਤੀ ਘੋਲ ਲਈ ਪ੍ਰੇਰੇ, ਸ਼੍ਰੇਣੀ ਘੋਲ ਦੀ ਸੋਧ ਦੇਵੇ ਅਤੇ ਇਸ ਘੋਲ ਵਿਚ ਜੁਟੇ ਹੋਏ ਮਹਾਨ ਲੋਕਾਂ ਦਾ ਖੁਲ੍ਹਮ ਖੁਲ੍ਹਾ ਹੱਥ ਵਟਾ ਸਮਰਥਨ ਕਰੇ ਅਤੇ ਆਪਣੇ ਇਤਿਹਾਸਕ ਫਰਜ਼ ਪੂਰੇ ਕਰੇ।

ਅਤੇ ਅੰਤ ਵਿਚ ਅਸੀਂ ਅਰਜ਼ ਕਰਦੇ ਹਾਂ ਕਿ ਪੰਜਾਬ ਤੋਂ ਬਾਹਰ ਆਇਆਂ ਅਸੀਂ ਕਦੇ ਵੀ ਪੰਜਾਬ ਅਤੇ ਭਾਰਤ ਨੂੰ ਨਹੀਂ ਭੁੱਲੇ। ਅਸੀਂ ਪੰਜਾਬੀਅਤ ਅਤੇ ਭਾਰਤੀਪਨ ਦੀਆਂ ਪਿਰਤਾਂ ਨੂੰ ਕਦੇ ਨਹੀਂ ਛੱਡਿਆ। ਅਸੀਂ ਇੱਥੇ ਅਤੇ ਉਥੇ ਹੁੰਦੇ ਅਗਾਂਹ ਵਧੂ ਘੋਲਾਂ ਵਿਚ ਕੁਝ ਨਾ ਕੁਝ ਹਿੱਸਾ ਪਾਉਂਦੇ ਰਹਿੰਦੇ ਹਾਂ ਪਰ ਸਾਡੇ ਨਾਲ ਭਾਰਤੀਆਂ ਪੰਜਾਬੀਆਂ ਨੇ ਮਤਰੇਆਂ ਵਾਲਾ ਵਰਤਾਉ ਕੀਤਾ ਹੈ। ਸਾਡੇ ਹੱਕਾਂ ਲਈ ਕਦੇ ਵੀ ਉਨ੍ਹਾਂ ਆਵਾਜ਼ ਨਹੀਂ ਉਠਾਈ। ਦੂਹਰੀ ਸ਼ਹਿਰੀਅਤ ਮੰਗਣ ਉਤੇ ਵੀ ਕਿਸੇ ਭਾਰਤੀ (ਹਿੰਦੂ, ਸਿੱਖ, ਈਸਾਈ ਆਦਿ) ਦੇ ਕੰਨ ਤੇ ਜੂੰ ਤੱਕ ਨਹੀਂ ਸਰਕੀ। ਤੁਹਾਡੇ ਨਾਲੋਂ ਤਾਂ ਪਾਕਿਸਤਾਨੀ ਚੰਗੇ, ਜਿਨ੍ਹਾ ਨੇ ਆਪਣੇ ਭਰਾਵਾਂ ਨੂੰ ਭਰਾ ਮੰਨਦੇ ਹੋਏ ਦੂਹਰੀ ਸ਼ਹਿਰੀਅਤ ਦੇ ਹੱਕ ਦੇ ਦਿੱਤੇ।

[ਅਜਮੇਰ ਕਵੈਂਟਰੀ]

## 'ਕੰਵਲ' ਦੀ ਗੈਰਮਾਰਕਸੀ ਸੋਚ

ਜਿਸ ਤਰਾਂ ਕੋਈ ਵੀ ਵਿਚਾਰ ਕਿਸੇ ਨਾਂ ਕਿਸੇ ਜਮਾਤ ਦੇ ਹੱਕ 'ਚ ਭੁਗਤਦਾ ਹੈ ਉਸੇ ਤਰਾਂ ਹਰ ਕਿਸੇ ਵਿਅਕਤੀ ਦਾ ਰੋਲ ਵੀ ਕਿਸੇ ਨਾਂ ਕਿਸੇ ਜਮਾਤ ਦੀ ਸੇਵਾ ਕਰਦਾ ਹੈ ਜਾਂ ਜਮਾਤ ਦੇ ਹੱਕ 'ਚ ਭੁਗਤਦਾ ਹੈ। ਕੋਈ ਵੀ ਵਿਅਕਤੀ ਇਹ ਨਹੀਂ ਕਹਿ ਸਕਦਾ ਕਿ ਉਸ ਦਾ ਰੋਲ ਸਹੀ ਹੈ। ਕਿਉਂਕਿ ਲੁਟੇਰੀਆਂ ਜਮਾਤਾਂ ਦਾ

ਹਿੱਤ ਮੌਜੂਦਾ ਢਾਂਚੇ ਨੂੰ ਜਿਉਂ ਦਾ ਤਿਓਂ ਕਾਇਮ ਰੱਖਣ ਵਿਚ ਹੈ ਅਤੇ ਮਿਹਨਤਕਸ਼ ਜਮਾਤ ਦਾ ਹਿੱਤ ਇਸ ਲੁਟੇਰੇ ਢਾਂਚੇ ਨੂੰ ਤਹਿਸ ਨਹਿਸ ਕਰਕੇ ਇਕ ਲੋਕ-ਪੱਖੀ ਢਾਂਚਾ ਉਸਾਰਨ ਵਿਚ ਹੈ। ਇਸ ਲਈ ਜੇ ਕੋਈ ਵਿਅਕਤੀ ਇਹ ਕਹੇ ਕਿ ਉਸ ਦਾ ਰੋਲ ਕਿਸੇ ਵੀ ਜਮਾਤ ਦੇ ਹੱਕ ਵਿਚ ਨਹੀਂ ਤਾਂ ਉਹ ਅਚੇਤ ਹੀ ਲੁਟੇਰੀ ਜਮਾਤ ਦੇ ਪੱਖ ਵਿਚ ਭੁਗਤਦਾ ਹੈ ਕਿਉਂਕਿ ਉਸ ਦੀ ਹਰ ਇਕ ਸਰਗਰਮੀ ਇਸ ਲੁਟੇਰੇ ਢਾਂਚੇ ਨੂੰ ਜਿਉਂ ਦਾ ਤਿਉਂ ਰੱਖਣ ਵਿਚ ਸਹਾਈ ਹੁੰਦੀ ਹੈ ਜਿਹੜੀ ਕਿ ਲੁਟੇਰੀਆਂ ਜਮਾਤਾਂ ਦੀ ਲੋੜ ਹੈ।

ਜਸਵੰਤ ਸਿੰਘ 'ਕੰਵਲ' ਦਾ ਰੋਲ ਜਿਹੜਾ ਕਿ ਉਸ ਨੇ ਇੰਗਲੈਂਡ ਵਿੱਚ ਛਪਦੇ ਪਰਚੇ 'ਦੇਸ਼ ਪਰਦੇਸ਼' ਨੂੰ ਇੰਟਰਵਿਊ ਦੇ ਕੇ ਕੀਤਾ ਹੈ ਵੀ ਇਸੇ ਰੋਸ਼ਨੀ ਵਿੱਚ ਦੇਖਣਾ ਚਾਹੀਦਾ ਹੈ। ਉਸ ਦੀ ਇਹ ਇੰਟਰਵਿਊ ਅੰਨ੍ਹੇ ਪੰਜਾਬਵਾਦ ਦੇ ਪ੍ਰਗਟਾਵੇ ਤੋਂ ਸਿਵਾ ਹੋਰ ਕੁਝ ਨਹੀਂ। ਇਸ ਇੰਟਰਵਿਊ ਤੋਂ ਇਹ ਪਤਾ ਲਗਦਾ ਹੈ ਕਿ 'ਕੰਵਲ' ਸਾਹਿਬ ਤੇ ਇਲਾਕਾਪ੍ਰਸਤੀ ਦਾ ਜਨੂੰਨ ਬਾਕੀ ਦੇ ਹਿੰਦੂ ਤੇ ਸਿਖ ਜਨੂੰਨੀਆਂ ਤੋਂ ਕਿਸੇ ਤਰਾਂ ਵੀ ਘੱਟ ਨਹੀਂ।

ਕਈ ਵਿਅਕਤੀ ਸਿਧੇ ਤੌਰ ਤੇ ਸ਼ਰੇਆਮ ਲੁਟੇਰੀਆਂ ਜਮਾਤਾਂ ਦੀ ਸੇਵਾ ਕਰਦੇ ਹਨ ਤੇ ਲੁੱਟੇ ਪੁੱਟੇ ਜਾਂਦੇ ਲੋਕਾਂ ਨੂੰ ਤਰਾਂ ਤਰਾਂ ਦੇ ਹੱਥ ਕੰਡੇ ਵਰਤਕੇ ਆਪਣੇ ਮਗਰ ਲਾਉਣ ਦੀ ਕੋਸ਼ਿਸ਼ ਕਰਦੇ ਹਨ। ਜਿਹਾ ਕਿ ਲੁਟੇਰੀਆਂ ਜਮਾਤਾਂ ਦੀਆਂ ਨੁਮਾਇੰਦਗੀ ਕਰਦੀਆ ਪਾਰਟੀਆਂ ਦੇ ਲੋਕ ਕਰਦੇ ਹਨ। ਉਹ ਲੋਕ ਪਹਿਲਾਂ ਤਾਂ ਸਰਕਾਰ ਵਿੱਚ ਆਕੇ ਮੇਹਨਤਕਸ਼ ਲੋਕਾਂ ਦੇ ਹੱਕ-ਸੱਚ ਲਈ ਲੜੇ ਜਾਂਦੇ ਸੰਘਰਸ਼ਾਂ ਨੂੰ ਪੁਲਿਸ ਤੇ ਫੌਜ ਦੀ ਸਹਾਇਤਾ ਨਾਲ਼ ਲਾਠੀ ਗੋਲੀ ਨਾਲ ਦਬਾਂਦੇ ਹਨ। ਪਰ ਇਸ ਢੰਗ ਨਾਲ ਲੁਟੇਰੀਆਂ ਜਮਾਤਾਂ ਪ੍ਰਤੀ ਲੋਕਾਂ ਦਾ ਗੁਸਾ ਵਧਣਾ ਕੁਦਰਤੀ ਹੈ, ਅਤੇ ਹਾਕਮ ਜਮਾਤਾਂ ਲੋਕਾਂ ਵਿੱਚ ਬਦਨਾਮ ਹੁੰਦੀਆਂ ਹਨ। ਇਸ ਤਰਾਂ ਨਾਲ ਲੁਟੇਰੀਆਂ ਜਮਾਤਾਂ ਨੂੰ ਸਿਆਸੀ ਨੁਕਸਾਨ ਹੁੰਦਾ ਹੈ। ਲੋਕਾਂ ਵਿੱਚ ਬਦਨਾਮੀ ਘੱਟ ਕਰਨ ਲਈ ਤੇ ਆਪਣਾ ਮਕਸਦ ਵੀ ਹੱਲ ਕਰਨ ਲਈ ਉਹ ਸੰਘਰਸ਼ ਤਿੱਖੇ ਹੋਣੋਂ ਹੀ ਰੋਕਣ ਲਈ, ਲੋਕਾਂ ਵਿੱਚ ਜਾਤਵਾਦ, ਇਲਾਕਾਵ ਦ, ਧਾਰਮਿਕ ਅਤੇ ਕੌਮੀ ਸ਼ਾਵਨਵਾਦ ਜਿਹੀਆਂ ਭਾਵਨਾਵਾਂ ਨੂੰ ਉਤਸ਼ਾਹ ਦਿੰਦੀਆਂ ਹਨ। ਇਹ ਸਾਰੀਆਂ ਭਾਵਨਾਵਾਂ ਮੇਹਨਤਕਸ਼ ਲੋਕਾਂ ਨੂੰ ਪਾੜ ਕੇ ਰੱਖਦੀਆਂ ਹਨ ਤੇ ਉਹਨਾਂ ਨੂੰ ਆਪਣੇ ਹੱਕਾਂ ਲਈ ਕੱਠੇ ਹੋਣੋ ਰੋਕਦੀਆਂ ਹਨ। ਇਸ ਕਰਕੇ ਇਹ ਸਾਰੀਆਂ ਭਾਵਨਾਵਾਂ ਮੇਹਨਤਕਸ਼ ਜਮਾਤਾਂ ਦੇ ਵਿਰੁਧ ਜਾਂਦੀਆਂ ਹਨ। ਸੋ ਇਹਨਾਂ ਭਾਵਨਾਵਾਂ ਨੂੰ ਉਤਸ਼ਾਹ ਦੇਣ ਵਾਲਾ ਵਿਅਕਤੀ ਵੀ ਮੇਹਨਤਕਸ਼ ਜਮਾਤ ਦੇ ਵਿਰੁਧ ਹੀ ਖੜ੍ਹਦਾ ਹੈ। ਇਹ ਗੱਲ ਕੰਵਲ ਸਾਹਿਬ ਲਈ ਬਿਲਕੁਲ ਢੁਕਵੀ ਹੈ। ਕਿਉਂਕਿ ਉਹਨਾਂ ਦਾ ਇਨਕਲਾਬੀ ਤਾਕਤਾਂ (ਨਕਸਲਬਾੜੀ) ਵਿੱਚ ਮਾਰਕਸਵਾਦੀ ਦੇ ਤੌਰ ਤੇ ਕਾਫੀ ਵਕਾਰ ਬਣਿਆ ਹੋਇਆ ਸੀ। 'ਕੰਵਲ' ਜੀ ਦੇ ਇਹ ਵਿਚਾਰ ਕਿ "ਪੰਜਾਬ ਵਿੱਚ ਭਈਆਂ ਨੂੰ ਵੋਟ ਪਾਉਣ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ" ਅਤੇ ਜੇ "ਭਈਏ ਪੰਜਾਬੀ ਕਲਚਰ ਨੂੰ ਗੰਦਾਂ ਕਰਦੇ ਹਨ" ਪੰਜਾਬ ਦੇ ਭੋਲੇ ਭਾਲੇ ਮਿਹਨਤਕਸ਼ ਲੋਕਾਂ ਨੂੰ ਯੂ. ਪੀ ਬਿਹਾਰ ਦੇ ਮਿਹਨਤਕਸ਼ ਲੋਕਾਂ ਵਿਰੁਧ ਖੜੇ ਕਰਨ ਦੀ ਸ਼ਰਮਨਾਕ ਕੋਸ਼ਿਸ਼ ਹੈ। ਸਾਨੂੰ ਇਨਕਲਾਬੀ ਤਾਕਤਾਂ ਨੂੰ ਇਹੋ ਜਿਹੇ ਲੋਕਾਂ ਦੀਆਂ ਇਸ ਕਿਸਮ ਦੀਆਂ ਗੰਦੀਆਂ ਕਰਤੂਤਾਂ ਦੇ ਵਿਚਾਰਾਂ ਦਾ ਹਰ ਪੱਧਰ ਤੇ ਵਿਰੋਧ ਕਰਨਾ ਚਾਹੀਦਾ ਹੈ। ਨਹੀਂ ਤਾਂ ਇਹੋ ਜਿਹੇ ਜਜ਼ਬਾਤੀ ਤੇ ਟੁੰਬਵੀਂ ਸ਼ੈਲੀ ਵਾਲੇ ਲੇਖਕ ਲਹਿਰਾਂ ਨੂੰ ਕੁਰਾਹੇ ਪਾਉਣ ਵਿਚ ਕਾਮਯਾਬ ਹੋ ਸਕਦੇ ਹਨ।

'ਕੰਵਲ' ਸਾਹਿਬ ਨੂੰ ਬਾਕੀ ਸਭ ਕਾਸੇ ਨਾਲੋਂ ਵੱਧ ਫਿਕਰ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਦਾ ਲੱਗਾ ਹੋਇਆ ਹੈ। ਪੰਜਾਬੀ ਕਲਚਰ ਭਾਵੇਂ ਕਿਹੋ ਜਿਹ ਵੀ ਹੋਵੇ ਉਹ ਜੀਂਦਾ ਰਹਿਣਾ ਚਾਹੀਦਾ ਹੈ। 'ਕੰਵਲ' ਨੂੰ ਯੁਜਾਨ ਪ੍ਰਤੀਏ ਦੇ ਕੌਮਾਂਤਰੀ ਗੀਤ ਵਿਚੋਂ ਤਾਂ ਪੰਜਾਬੀ-ਅਤ ਨਹੀਂ ਦਿਸਦੀ ਹੋਣੀ ਤੇ ਉਸ ਨਾਲ ਪੰਜਾਬੀ ਸਭਿਆਚਾਰ ਦੇ ਗੰਦਾ ਹੋਣ ਦਾ ਡਰ ਲੱਗਦਾ ਹੋਣਾ। ਪਰ ਉਸ ਨੂੰ ਹੇਠ ਲਿਖੇ ਪੰਜਾਬੀ ਗੀਤ, ਪੰਜਾਬੀ ਕਲਚਰ ਨੂੰ ਚਾਰ ਚੰਨ ਲਾਉਂਦੇ ਲੱਗਦੇ ਹੋਣੇ ਨੇ। ਕੀ ਇਹ ਗਾਣਾ ਪੰਜਾਬੀ ਕਲਚਰ ਨੂੰ ਅਮੀਰ ਬਣਾਉਂਦਾ ਹੈ :—

"ਇਹ ਰੰਨਾਂ ਚੰਚਲ ਹਾਰੀਆਂ,  
ਕੀ ਰੰਨਾਂ ਦਾ ਅਤਬਾਰ।  
ਇਹ ਹੱਸ ਹੱਸ ਲਾਉਂਦੀਆਂ ਯਾਰੀਆਂ..."

ਜਿਸ ਵਿਚ ਔਰਤ, ਜਿਹੜੀ ਕਿ ਸਾਨੂੰ ਜਨਮ ਹੀ ਨਹੀਂ ਦਿੰਦੀ, ਪਾਲਦਾ ਹੀ ਨਹੀਂ ਬਲਕਿ ਚੰਗੀ ਜ਼ਿੰਦਗੀ ਜਿਉਣ ਦੇ ਯੋਗ ਬਣਾਉਂਦੀ ਹੈ, ਦੇ ਇਤਬਾਰ ਤੇ ਸ਼ੱਕ ਕੀਤਾ ਗਿਆ।

"ਇਹ ਤਿੰਨੇ ਕਿਸੇ ਦੇ ਮਿੱਤ ਨਹੀਂ  
ਰੰਨ ਘੋੜਾ ਤੇ ਤਲਵਾਰ'

ਜਿਸ ਵਿਚ ਔਰਤ ਨੂੰ ਫੇਰ ਬੇਵਫਾ ਦੱਸਿਆ ਗਿਆ ਹੈ।

"ਰੰਨਾਂ ਦੀ ਮੱਤ ਗੁਤ ਪਿੱਛੇ  
ਕਹਿੰਦਾ ਏ ਜੱਗ ਸਾਰਾ ਨੀਂ।"

ਸੋ ਮੈਂ "ਕੰਵਲ" ਸਾਹਿਬ ਨੂੰ ਇਹ ਸੁਝਾਅ ਦਿੰਦਾ ਹਾਂ ਕਿ ਜੇ ਉਹਨਾਂ ਦੀ ਇਹੀ ਮੋਚ ਹੈ ਤਾਂ ਗੁਰਚਰਨ ਸਿੰਘ ਟੌਹੜੇ ਕੋਲ ਜਾ ਕੇ ਬੇਨਤੀ ਕਰੋ ਕਿ ਮੈਨੂੰ ਆਪਣਾ ਸਲਾਹਕਾਰ ਨਿਯੁਕਤ ਕਰ ਲਵੋ। ਆਪ ਉਥੇ ਬਹੁਤ ਫਿੱਟ ਆਵੋਗੇ ਕਿਉਂਕਿ ਟੋਹੜਾ ਵੀ ਇਹੋ ਮੰਗ ਕਰ ਰਿਹਾ ਹੈ ਕਿ ਭਈਆਂ ਨੂੰ ਪੰਜਾਬ ਵਿਚ ਵੋਟ ਪਾਉਣ ਦਾ ਹੱਕ ਨਹੀਂ ਹੋਣਾ ਚਾਹੀਦਾ। ਸੋ ਮਿਹਰਬਾਨੀ ਕਰਕੇ ਆਪਣੇ ਆਪ ਨੂੰ ਮਾਰਕਸਵਾਦ ਵਿਰੋਧੀ ਐਲਾਨ ਕੇ ਅਕਾਲੀ ਸਟੇਜ ਤੋਂ ਪੰਜਾਬੀ ਕਲਚਰ ਦੀ ਰਾਖੀ ਕਰੋ।

—ਮਹਿੰਦਰ ਮੱਟੂ

ਕਹਾਣੀ

# ਉਹ ਵੀ ਕੀ ਕਰਦਾ...

## ਲਾਲ ਸਿੰਘ

ਜਦੋਂ ਉਹ ਪਹਿਲੀ ਵਾਰ ਮਿਲਿਆ ਸੀ, ਤਾਂ ਉਸ ਦੀ ਸ਼ਾਹ-ਕਾਲੀ ਛੋਟੀ-ਛੋਟੀ ਖੁਲ੍ਹੀ ਦਾੜ੍ਹੀ ਵਾਲੇ ਹੰਸੂ-ਹੰਸੂ ਕਰਦੇ ਗੋਲ-ਮਟੋਲ ਚਿਹਰੇ ਦੀ ਮਿਕਨਾਤੀਸੀ ਖਿੱਚ ਨੇ ਮੈਨੂੰ ਧੂਹ ਕੇ ਅਪਣੇ ਬਹੁਤ ਲਾਗੇ ਕਰ ਲਿਆ ਸੀ। ਬੁੱਸ ਚਲਾਵੀਆਂ ਜਿਹੀਆਂ ਦੋ-ਇਕ ਗੱਲਾਂ ਪਿੱਛੋਂ ਉਸ ਨੇ ਆਖਿਆ ਸੀ–ਚੰਗਾ ਫਿਰ ਮਿਲਾਂਗੇ ! ਕਾਮਰੇਡ.

ਕਾਮਰੇਡ, ਸੰਬੋਧਨ ਸੁਣ ਕੇ ਉਸ ਦਿਨ ਮੈਨੂੰ ਮੇਰੇ ਪੈਰ ਧਰਤੀ ਤੋਂ ਫੁੱਟ-ਫੁੱਟ ਉਪਰ ਤੁਰਦੇ ਜਾਪੇ ਸਨ ਅਤੇ ਮੇਰੋ ਅੰਦਰਲਾ ਖਿਲਾਅ ਖੁਲ੍ਹੀ ਸੁਖਾਵੀਂ ਪੱਧਰ ਜ਼ਿੰਦਗੀ ਦੇ ਅਹਿਸਾਸ ਨਾਲ ਭਰਿਆ ਕਈ ਦਿਨ ਟੂਣੇਹਾਰੀ ਤੋਰ ਤੁਰਦਾ ਰਿਹਾ ਸੀ।

ਦੂਜੀ ਵਾਰ ਜਦੋਂ ਉਹ ਮਿਲਿਆ, ਮਿਲਿਆ ਨਹੀਂ ਉਚੇਚ ਨਾਲ ਮੇਰੇ ਦਫਤਰ ਪਹੁੰਚਿਆ, ਤਾਂ ਬਹੁਤ ਥੱਕਿਆ ਥੱਕਿਆ ਜਾਪ ਰਿਹਾ ਸੀ।

—ਗਰਮ ਪੀਉਗੇ ਜਾਂ ਠੰਡਾ ?' ਮੈਂ ਪੁੱਛਿਆ।

—ਨਾ ਗਰਮ ਨਾ ਠੰਡਾ, ਰੋਟੀ ਖਾਣੀ ਐ,' ਉਹਨੇ ਬਿਨਾਂ ਝਿਜਕ ਆਖਿਆ।

ਮੈਨੂੰ ਲੱਗਾ ਜਿਵੇਂ ਮੇਜ਼ ਦੀ ਰੁਟੀਨ ਤੇ ਕੋਈ 'ਮੋਸਟ ਅਰਜੈਂਟ' ਦੀ ਫਾਈਲ ਆ ਡਿੱਗੀ ਹੋਵੇ। ਪਰ, ਭੁੱਖ ਤਾਂ ਆਖ਼ਿਰ ਭੁੱਖ ਈ ਹੁੰਦੀ ਐ, ਐਵੇਂ ਕੋਈ ਕਿਵੇਂ ਮੰਗ ਸਕਦਾ ! ਇਹ ਸੋਚਦਿਆਂ, ਮੈਂ ਹੱਥਲਾ ਕੰਮ ਛੱਡ ਦਿੱਤਾ ਤੇ ਚਪੜਾਸੀ ਨੂੰ ਘੰਟੀ ਦਿੱਤੀ।

—ਭਾਈ ਸਾਹਬ ਨੂੰ ਗਰੀਨ ਰੈਸਟੋਰੈਂਟ ਤੋਂ ਖਾਣਾ ਖੁਆ ਲਿਆ।' ਮੈਂ ਚਪੜਾਸੀ ਨੂੰ ਹੁਕਮ ਵਰਗਾ ਕੰਮ ਕੰਨ ਅੰਦਰ ਦੱਸਿਆ।

—ਨਹੀਂ, ਇਉਂ ਨਈਂ.. ਤੁਸੀਂ ਆਪ ਚੱਲੋ, ਆਪਾਂ ਕੁਝ ਹੋਰ ਗੱਲਾਂ ਵੀ ਕਰਨੀਆਂ।' ਉਸ ਨੇ ਇਤ-ਰਾਜ਼ ਵਰਗਾ ਸੁਝਾ ਦਿੱਤਾ।

—ਲਓ, ਜਿਵੇਂ ਤੁਆਡੀ ਖੁਸ਼ੀ।' ਆਖ ਕੇ ਮੈਂ ਉਸ ਦੇ ਨਾਲ ਦਫਤਰੋਂ ਬਾਹਰ ਆ ਗਿਆ, ਕਿਉਂ ਜੋ ਮੇਰੇ ਅੰਦਰ ਵੀ ਆਖ਼ਿਰ ਕੁਝ ਕਰਨ-ਮਰਨ ਦਾ ਚਾਅ ਤੜਲੋ-ਮੱਛੀ ਹੋ ਰਿਹਾ ਸੀ।

—ਤੁਹਾਡਾ ਸ਼ੁਭ ਨਾਂ ?' ਰੋਟੀ ਖਾਂਦੇ ਨੂੰ ਮੈਂ ਝਕਦੇ ਝਕਦੇ ਨੇ ਉਸਤੋਂ ਪੁੱਛਿਆ।

—' . ਪਾਲ' ਉਸਨੇ ਥੋੜਾ ਸੋਚ ਕੇ ਸੰਖੇਪ ਜਿਹਾ ਉੱਤਰ ਦਿੱਤਾ।

—ਕੀ ਕੰਮ ਕਰਦੇ ਓ...?

—... ... ...।

ਉਸ ਨੇ ਹੱਥਲੀ ਬੁਰਕੀ ਦੁਬਾਰਾ ਦਾਲ ਵਿਚ ਡਬੋ ਕੇ ਮੇਰੀ ਵੱਲ ਧਿਆਨ ਨਾਲ ਦੇਖਿਆ ਤੇ ਬੜੀ ਹੀ ਸਹਿਜ ਅਵਸਥਾ ਨਾਲ ਆਖਿਆ—ਇਕ ਵੇਲੇ ਇਕੋ ਕੰਮ ਈ ਹੋ ਸਕਦੈ...।

ਮੇਰੇ ਪਿੜ-ਪੱਲੇ ਭਾਵੇਂ ਬਹੁਤ ਕੁਝ ਨਹੀਂ ਸੀ ਪਿਆ ਪਰ ਉਸ ਨੂੰ ਹੋਰ ਜਾਨਣ ਦੀ ਇੱਛਾ ਮੇਰੇ ਅੰਦਰ ਭੜਥੂ ਪਾਉਣ ਲੱਗ ਪਈ।

—ਅੱਜ ਰਾਤ ਮੈਂ ਤੁਹਾਡੇ ਕੋਲ ਈ ਠਹਿਰਾਂਗਾ। ਉਸ ਨੇ ਜਿਵੇਂ ਮੇਰੀ ਮੰਗ ਪੂਰੀ ਕੀਤੀ ਹੋਵੇ, ਪਰ ਘਰ ਅੰਦਰ ਇਕ 'ਓਪਰੇ' ਬੰਦੇ ਨੂੰ ਰਾਤ ਰੱਖਣ ਲਈ ਵੀ ਕੋਈ ਨਾ ਕੋਈ ਵਿਧੀ ਘੜਣੀ ਪੈਣੀ ਸੀ।

—ਜ਼ਰੂਰ...ਜ਼ਰੂਰ। ਅੰਦਰਲੇ ਡਰ ਨੂੰ ਮੈਂ ਲੁਕਾਉਂਦਿਆਂ, ਮੈਂ ਉਸ ਦਾ ਇਹ ਯਕੀਨ ਪੱਕਾ ਕੀਤਾ ਸੀ ਕਿ ਮੇਰੇ ਅੰਦਰ ਵੀ ਇਸ ਸਿਸਟਮ ਵਿਰੁੱਧ ਉਬਲਦੇ ਲਾਵੇ ਵਰਗੀ ਤਪਸ਼ ਹੈ, ਪਰੰਤੂ ਹਨੇਰੇ ਪਏ ਘਰ ਜਾਣ ਵਾਲੀ ਗਲ ਮੇਰੀ ਸਮਝ ਤੋਂ ਅਜੇ ਵੀ ਬਾਹਰ ਸੀ।

ਉਸ ਰਾਤ ਮੈਂ ਉਸਦਾ ਵਿਦਿਆਰਥੀ ਸਾਂ ਤੇ ਉਹ ਮੇਰਾ ਹਮ-ਉਮਰ ਉਸਤਾਦ। ਦਲੀਲਾਂ, ਮਿਸਾਲਾਂ, ਸਬੂਤਾਂ ਤੇ ਆਧਾਰਤ ਉਸ ਨੇ ਉਸ ਰਾਤ ਜੋ ਕੁਝ ਮੈਨੂੰ ਪੜ੍ਹਾਇਆ, ਉਸ ਦਾ ਓਪਰਾ-ਓਪਰਾ ਕਿਤਾਬੀ ਗਿਆਨ ਤਾਂ ਭਾਵੇਂ ਮੈਨੂੰ ਪਹਿਲਾਂ ਵੀ ਹੈ ਸੀ, ਪਰ ਡੂੰਘਾਈਆਂ ਦੀਆਂ ਤੈਹਾਂ ਅੰਦਰ ਮੈਂ ਪਹਿਲੀ ਵੀ ਉਤਰਿਆ ਸਾਂ ਤੇ ਉਹ ਵੀ ਉਸ ਦੀ ਉਂਗਲੀ ਫੜ੍ਹ ਕੇ।

ਅਗਲੇ ਦਿਨ ਸਵੇਰੇ ਦਿਨ ਦੇ ਚੜ੍ਹਾ ਨਾਲ, ਉਸ ਨੇ ਥੋੜ੍ਹਾ ਕੁ ਚਿਰ ਲੱਕ ਸਿੱਧਾ ਕੀਤਾ ਤੇ ਚਾਹ ਪਾਣੀ ਪੀ ਕੇ ਆਪਣੀ ਵਾਟ ਤੁਰਦਾ ਬਣਿਆ, ਪਰ ਮੈਂ ਦਫਤਰ ਛੁੱਟੀ ਭੇਜ ਕੇ ਤਰਕਾਲਾਂ ਤੱਕ ਸੌਂ ਕੇ ਆਪਣੀ ਥਕਾਵਟ ਲਾਹੀ।

ਥੋੜੇ ਕੁ ਦਿਨਾਂ ਪਿਛੋਂ ਫਿਰ, ਉਹ ਦਿਨੇ ਦਫਤਰ ਆਉਣ ਦੀ ਬਜਾਏ ਸੂਰਜ ਢਲਦਿਆਂ ਸਾਰ ਸਿੱਧਾ ਪਿੰਡ ਪਹੁੰਚ ਗਿਆ। ਉਸ ਦੇ ਇਉਂ ਆਉਣ ਨਾਲ ਮੈਨੂੰ ਹੈਰਾਨੀ ਤਾਂ ਜ਼ਰੂਰ ਹੋਈ, ਪਰ ਉਸ ਦੀ ਗਿਆਨ ਦੀ ਗੁੱਥਲੀ 'ਚੋਂ ਭਾਨ ਕੱਢਣ ਦੇ ਲਾਲਚ ਨਾਲ, ਚੰਗੀ ਚੋਖੀ ਸੇਵਾ ਵੀ ਕੀਤੀ।

ਉਸ ਰਾਤ ਮੈਂ ਉਸਦਾ ਨਿਰਾ-ਪੁਰਾਂ ਹੂੰ...ਹਾਂ ਕਰਨ ਵਾਲਾ ਗੂੰਗਾ ਸਿਖਿਆਰਥੀ ਨਹੀਂ ਸਾਂ, ਸਗੋਂ ਵਿਚ-ਵਿਚਾਲੇ, ਸੰਘਰਸ਼ਾਂ, ਜਥੇਬੰਦੀਆਂ, ਸੰਗਠਨਾਂ, ਪਾਰਟੀਆਂ, ਆਰਥਿਕ ਰਿਸ਼ਤਿਆਂ, ਸਿਆਸੀ ਘਲਾਂ ਬਾਰੇ ਪ੍ਰਸ਼ਨ ਪੁਛਦਾ ਹੋਰ ਜਾਣਕਾਰੀ ਪ੍ਰਾਪਤ ਕਰਦਾ ਰਿਹਾ ਸਾਂ।

ਉਸ ਤੋਂ ਪਿਛੋਂ ਉਹ ਜਿੰਨੀ ਵਾਰ ਵੀ ਆਇਆ, ਉਨੀ ਵਾਰ ਹੀ ਮਾਰਕਸ, ਏਂਜਲ, ਲੈਨਿਨ, ਸਟਾਲਿਨ, ਮਾਓ, ਹੋਚੀਮਿਨ ਤੇ ਹੋਰ ਚਿੰਤਕਾਂ ਦੇ ਕੀਤੇ ਮਹਾਨ ਜੈਨਤਕ ਕਾਰਜਾਂ ਦੇ ਵੇਰਵਿਆਂ ਦੀਆਂ ਹੋਰ ਤੋਂ ਹੋਰ ਪਰਤਾਂ ਖੋਲ੍ਹਦਾ ਗਿਆ। ਪ੍ਰਾਚੀਨ ਸਮਿਆਂ ਤੋਂ ਧਾਰਮਿਕ ਅੰਧ ਵਿਸ਼ਵਾਸ ਦੀ ਜਕੜ ਅੰਦਰ ਘਿਰੀ ਮਾਨੁੱਖਤਾ ਨੂੰ ਚਾਨਣ ਦੇਣ ਵਾਲੀਆਂ ਨਵੀਆਂ ਥਿਊਰੀਆਂ ਦੀ ਜਾਣਕਾਰੀ ਦਿੰਦਾ ਗਿਆ। ਇਤਿਹਾਸਕ ਪਦਾਰਥਵਾਦ, ਭੌਤਿਕ ਦਵੰਦਵਾਦ ਦਾ ਨਿਰਖ-ਪਰਖ ਕਰਦਾ, ਗੁਲਾਮ-ਦਾਰੀ, ਕਬੀਲਦਾਰੀ, ਜਾਗੀਰਦਾਰੀ, ਸਰਮਾਏਦਾਰੀ ਯੁੱਗਾਂ ਅੰਦਰ ਉਪਜਾਊ ਵਸੀਲਿਆਂ ਤੇ ਕਾਬਜ਼ ਮੁੱਠੀ ਭਰ ਵਿਹਲੜਾਂ ਦੀ ਆਪਸੀ ਤੇ ਕਾਮਾਂ ਸ਼ਰੇਣੀ ਨਾਲ ਵਿਚਰਦੀ ਮੁੱਖ ਵਿਰੋਧਤਾਈ ਦਾ ਨਿਖੇੜਾ ਕਰਦਾ ਰਿਹਾ। ਰੂਸ, ਚੀਨ, ਕੋਰੀਆ ਵੀਤਨਾਮ ਤੇ ਹੋਰਨਾਂ ਏਸ਼ੀਆਈ ਦੇਸ਼ਾਂ ਦੇ ਨਾਲ ਨਾਲ ਯੂਰਪੀ ਦੇਸ਼ਾਂ ਅੰਦਰ ਆਏ ਇਨਕਲਾਬਾਂ ਦਾ ਲੇਖਾ-ਜੋਖਾ ਕਰਦਾ, ਉਹ ਸਾਰੀ ਧਰਤੀ ਦੇ ਦੋ ਤਿਹਾਈ ਦੇਸ਼ਾਂ ਅੰਦਰ ਚਲਦੇ ਜਮਾਤੀ ਸੰਘਰਸ਼ਾਂ ਦੀ ਜਾਣਕਾਰੀ ਦਿੰਦਾ ਰਿਹਾ।

ਅਤੇ, ਮੈਂ ਵੇਦਾਂ, ਪੁਰਾਣਾਂ, ਉਪਨਿਸ਼ਦਾਂ, ਗ੍ਰੰਥਾਂ ਦੇ ਸਮਝਾਏ ਨਿਰੋਲ ਭਾਰਤੀ ਆਦਰਸ਼ਵਾਦ ਦਾ ਕੱਟੜ ਧਾਰਨੀ, ਧਰਮ, ਰੂਹਾਂ ਆਵਾਗਵਨ ਤੇ ਸੰਸਕ੍ਰਿਤਕ ਅਹਿੰਸਾ ਦਾ ਪੁਜਾਰੀ, ਉਸ ਨੂੰ ਗੱਲ-ਗੱਲ ਤੇ ਟੋਕ ਕੇ ਸੰਤਾਂ, ਗੁਰੂਆਂ, ਪੀਰਾਂ, ਫਕੀਰਾਂ ਦੇ ਬੀਤੇ ਸਮਿਆਂ ਅੰਦਰ ਮਾਨਵੀ ਕਲਿਆਨ ਲਈ ਕੀਤੇ ਪਰ-ਉਪਕਾਰਾਂ ਨੂੰ ਠੀਕ ਸਿੱਧ ਕਰਨ ਦੀ ਜ਼ਿਦ ਕਰਦਾ ਰਿਹਾ। ਪਰੰਤੂ ਸਹਿਜੇ ਸਹਿਜੇ ਉਸਦੀ ਵਿਗਿਆਨਕ ਸੂਝ ਤੇ ਯਥਾਰਥਵਾਦੀ ਪਹੁੰਚ, ਮੇਰੇ ਸਾਰੇ ਵਿਸ਼ਵਾਸਾਂ ਤੇ ਦਲੀਲਾਂ ਨੂੰ ਝੁਠਲਾ ਕੇ ਆਪਣੇ ਵਾਦ ਦਾ ਜਾਦੂ ਮੇਰੇ ਸਿਰ ਧੂੜਦੀ ਚਲੀ ਗਈ।

ਏਨਾਂ ਕੁਝ ਕਰਨ ਲਈ ਉਸ ਨੂੰ ਕਿੰਨਾਂ ਸਮਾਂ ਲੱਗਾ, ਕਿੰਨੀਆਂ ਰਾਤਾਂ ਦਾ ਉਨੀਂਦਰਾ ਕੱਟਣਾ ਪਿਆ, ਕਿੰਨਾਂ ਸਫ਼ਰ ਪੈਦਲ ਜਾਂ ਸਾਈਕਲ ਤੇ ਕਰਨਾ ਪਿਆ, ਇਸ ਬਾਰੇ ਤਾਂ ਮੈਨੂੰ ਚੰਗੀ ਤਰਾਂ ਯਾਦ ਨਹੀਂ, ਪਰ ਇਕ ਗੱਲ ਪੱਕੀ ਸੀ ਕਿ ਓਦੋਂ ਤੱਕ ਉਸ ਦੇ ਚਿਹਰੇ, ਤੇ ਚਮਕਦੀ ਆਕਰਸ਼ਕ ਲਾਲੀ ਹਨੇਰੀਆਂ ਰਾਤਾਂ ਵਾਂਗ ਧੁਆਂਖੀ ਗਈ ਸੀ। ਉਸ ਦਾ ਭਰਵਾਂ ਚੌੜਾ ਚਿਹਰਾ ਠਿੱਬਲ-ਟੋਏ ਹੋ ਗਿਆ ਸੀ। ਉਸ ਦੀ ਆਲੂਈਂ ਕਾਲੀ ਦਾੜ੍ਹੀ ਕੈਂਚੀ-ਕਤਰ ਹੋ ਕੇ ਵੀ ਕਰੜ-ਬਰੜੀ ਦਿਸਣੋਂ ਨਹੀਂ ਸੀ ਬੱਚ ਸਕੀ।

ਉਸ ਤੋਂ ਅਗਲੀ ਵੇਰ ਜਦੋਂ ਉਹ ਆਇਆ ਤਾਂ ਉਸ ਨੇ ਮੈਨੂੰ, ਲੋਕ-ਜਮਹੂਰੀ ਇਨਕਲਾਬ ਨੂੰ ਪਰਨਾਈ ਆਪਣੀ ਇਕੋ-ਇਕ ਇਨਕਲਾਬੀ ਪਾਰਟੀ ਦਾ ਪ੍ਰੋਗਰਾਮ ਵੇਰਵੇ ਸਹਿਤ ਸਮਝਾਇਆ। ਪ੍ਰੋਲਤਾਰੀ ਦੀ ਅਗਵਾਈ ਹੇਠਲੇ ਸੱਚੇ-ਸੁੱਚੇ ਲੋਕ-ਰਾਜੀ ਪ੍ਰਬੰਧ ਦੀ ਕਾਇਮੀ ਲਈ ਕੀਤੇ ਜਾਂਦੇ ਯਤਨਾਂ ਦੀ ਵਿਆਖਿਆ ਕੀਤੀ ਅਤੇ ਲਾਲ-ਝੰਡੇ ਦੀ ਪਰਛਾਂਈ ਹੇਠ ਕੰਮ ਕਰਦਿਆਂ ਦੋਨਾਂ ਖੱਬੀਆਂ ਪਾਰਟੀਆਂ ਨੂੰ ਸੋਧਵਾਦੀ ਤੇ ਨਵ-ਸੋਧਵਾਦੀ ਗਰਦਾਨ-ਦਿਆਂ, ਮੁਕਤੀ ਘੋਲਾਂ ਨੂੰ ਖੜਕੂ ਰੰਗਤ ਦੇ ਕੇ ਹਥਿਆਰਬੰਦ ਇਨਕਲਾਬ ਲਈ ਰਾਹ ਮੋਕਲਾ ਕਰਨ ਦਾ ਸੱਦਾ ਦਿੱਤਾ।

ਅਗਲੀ ਵਾਰ, ਇਕ ਤਾਂ ਉਸ ਨੇ ਮੈਨੂੰ ਗੁਪਤ-ਪਾਰਟੀ ਤੇ ਖੁਲ੍ਹੀ ਜਥੇਬੰਦੀ ਨੂੰ ਜੋੜੀ ਰੱਖਣ ਦੀ ਢੰਗ ਵਿਧੀ ਸਮਝਾ ਕੇ, ਆਪਣੇ ਦਫ਼ਤਰ ਅੰਦਰਲੇ ਅਮਲੇ ਨੂੰ ਇਕ-ਮੁੱਠ ਕਰਨ ਲਈ ਆਖਿਆ, ਜਿਸ ਵਿਚ ਮੌਜੂਦਾ ਅਫ਼ਸਰਸ਼ਾਹੀ ਵਲੋਂ ਭੋਲੇ ਭਾਲੇ ਲੋਕਾਂ ਦੀ ਹੁੰਦੀ ਬੇ-ਤਹਾਸ਼ਾ ਲੁੱਟ ਵਿਰੁਧ ਡੱਟ ਜਾਣ ਨੂੰ ਮੁੱਖ ਉਦੇਸ਼ ਮਿਥਣਾ ਸੀ ਅਤੇ ਦੂਜੇ ਕੁਲਵਕਤੀ ਵਰਕਰਾਂ ਦੇ ਸਫ਼ਰ ਖਰਚ ਤੇ ਪਾਰਟੀ ਦਾ ਵਿਸ਼ੇਸ਼-ਗੁਪਤ ਲਿਟਰੇਚਰ ਛਪਾਉਣ ਲਈ ਚੰਦਿਆਂ ਰਾਹੀਂ ਵਿੱਤੀ ਸਹਾਇਤਾ ਕਰਨਾ ਸੀ।

ਮੈਂ, ਉਸ ਦੇ ਦੋਨੋ ਆਦੇਸ਼ ਸਿਰ ਮੱਥੇ ਤੇ ਪ੍ਰਵਾਨ ਕਰ ਲਏ, ਅਤੇ ਅਗਲੇ ਹੀ ਦਿਨ ਇਕਲਵਾਂਜੇ ਬੈਠ ਕੇ ਸਾਰੀ ਸਥਿਤੀ ਦਾ ਜਾਇਜ਼ਾ ਲੈਂਦਿਆਂ, ਇਸ ਕਠਨ ਕਾਰਜ ਦੇ ਰਾਹ ਤੇ ਤੁਰਦਿਆਂ ਆਉਣ ਵਾਲੀਆਂ ਔਕੜਾਂ ਦੀ ਗਿਣਤੀ-ਮਿਣਤੀ ਕੀਤੀ। ਸਾਥੀ ਪਾਲ ਤੋਂ ਗ੍ਰਹਿਣ ਕੀਤੇ ਗਿਆਨ ਦੇ ਜੋਸ਼ ਅੰਦਰ ਮੈਂ ਇੱਕੜ-ਦੁਕੜ ਚਪੜਾਸੀਆਂ, ਕਲਰਕਾਂ, ਪਟਵਾਰੀਆਂ, ਕਾਨੂੰਗੋਆਂ ਦੀ ਕੌੜ ਤੇ ਹੱਥ ਰੱਖ ਕੇ ਵੀ ਦੇਖਿਆ, ਪਰ ਮਾਲ ਮਹਿਕਮੇ ਦੇ ਦਫ਼ਤਰ ਦੀਆਂ ਕੰਧਾਂ ਦੀ ਵਲਗਣ ਅੰਦਰਲੀਆਂ ਸਭ ਦੀਆਂ ਸਭ ਕੁਰਸੀਆਂ ਉਪਰਲੀ ਆਮਦਨ ਦੇ ਨਸ਼ੇ ਅੰਦਰ ਗੁੱਟ ਹੋਇਆ ਟਸ ਤੋਂ ਮਸ ਨਾ ਹੋਈਆਂ। ਹਾਂ, ਇਕ ਦੋ ਵਾਰ ਕਿਸੇ ਚਪੜਾਸੀ ਜਾਂ ਰੀਕਾਰਡ-ਕੀਪਰ ਦੀ 'ਸ਼ਕੈਤੀ' ਬਦਲੀ ਨੂੰ ਮਿਲ ਕੇ ਅਯੋਗ ਸਿੱਧ ਕਰਨ ਲਈ 'ਸਾਹਬ' ਸਾਹਮਣੇ ਪੇਸ਼ ਹੋਣ ਲਈ ਇਕੱਠੀਆਂ ਜ਼ਰੂਰ ਹੋਈਆਂ। ਪਰੰਤੂ ਅੰਦਰਲੇ-ਬਾਹਰਲੇ ਹਮਾਮਾਂ ਵਿਚ 'ਸਾਹਬਾਂ' ਸਮੇਤ ਅਲਫ਼-ਨੰਗੇ ਨਹਾਉਂਦੇ ਕਿਸੇ ਵੀ ਤਰ੍ਹਾਂ ਦੋਨਾਂ ਵਿਚੋਂ ਕਿਸੇ ਨੂੰ ਵੀ 'ਨਿਰਦੋਸ਼' ਸਿੱਧ ਨਾ ਕਰ ਸਕੇ। ਇਹੋ ਜਿਹੀਆਂ ਦੋ ਇਕ ਘਟਨਾਵਾਂ ਪਿੱਛੋਂ ਹੇਠਲਾ ਅਮਲਾ ਉਪਰਲੀਆਂ ਸੀਟਾਂ ਦਾ ਸਗੋਂ ਫ਼ਰਮਾਬਰਦਾਰ ਹੁੰਦਾ ਗਿਆ।

ਆਪਣੀ ਟਰੇਡ ਦੇ ਕਰਮਚਾਰੀਆਂ ਨੂੰ ਜਥੇਬੰਦ ਕਰਨ ਤੋਂ ਅਸਫਲ ਹੋ ਕੇ ਮੈਨੂੰ ਕਾਮਰੇਡ ਪਾਲ ਨਿੱਤ ਨਵੇਂ ਯਾਦ ਆਉਣ ਲੱਗਾ। ਆਪ ਉਹ ਪਹਿਲਾਂ ਦੀ ਤਰ੍ਹਾਂ ਅੱਠੀ-ਦਸੀਂ ਦਿਨੀਂ ਭਾਵੇਂ ਮੇਰੇ ਕੋਲ ਨਹੀਂ ਸੀ ਅੱਪੜਦਾ, ਪਰ ਕੱਚੀ ਸਕੂਲ ਮਾਸਟਰੀ ਛੱਡ-ਛਡਾ ਕੇ ਕੁਲਵਕਤੀ ਤੁਰਿਆ ਰਵੀ ਹੁਣ ਉਸ ਦੇ ਕਨਟੈਕਟਾਂ ਨਾਲ

ਤਾਲ ਮੇਲ ਰੱਖਦਾ, ਵਿਚ-ਵਿਚਾਲੇ ਮੇਰੇ ਕੋਲ ਵੀ ਫੇਰਾ ਮਾਰ ਲੈਂਦਾ ਸੀ। ਉਚੇਚ ਨਾਲ ਰਵੀ ਨੂੰ ਮਿਲ ਕੇ ਮੈਂ ਆਪਣੀ ਮੁਸ਼ਕਲ ਉਸ ਨੂੰ ਦੱਸੀ ਤੇ ਨਵੇਂ-ਢੰਗ-ਤਰੀਕਿਆਂ ਦੀ ਜਾਣਕਾਰੀ ਲਈ ਕਾਮਰੇਡ ਪਾਲ-ਨੂੰ ਸੱਦ ਲਿਆ।

ਮੇਰੀ ਮਜਬੂਰੀ, ਉਹ ਭਲੀ-ਭਾਂਤ ਸਮਝ ਗਿਆ, ਪਰ ਜਥੇਬੰਦੀਆਂ ਦੀ ਹੋਂਦ, ਇਨਕਲਾਬ ਦਾ ਰਾਹ ਪੱਧਰਾ ਕਰਨ ਲਈ ਅਤਿ ਲੋੜੀਂਦਾ ਤੱਤ ਹੋਣ ਕਰਕੇ, ਉਸ ਨੇ ਆਦੇਸ਼ ਵਰਗਾ ਸੁਝਾ ਦਿੱਤਾ—ਆਪਣੀ ਟਰੇਡ ਅੰਦਰ ਨਹੀਂ ਤਾਂ ਕਿਸਾਨਾਂ-ਮਜ਼ਦੂਰਾਂ ਅੰਦਰ ਕੰਮ ਕਰੋ, ਵਿਦਿਆਰਥੀਆਂ ਨੂੰ ਜਥੇਬੰਦ ਕਰੋ, ਜਾ ਨੌਜਵਾਨ ਸਭਾਵਾਂ ਬਣਾਓ ਅਤੇ ਆਰਥਿਕ ਆਧਾਰ ਤੇ ਉਸਰੀਆਂ ਜਥੇਬੰਦੀਆਂ ਨੂੰ ਰਾਜਸੀ ਸੂਝ ਨਾਲ ਲੈਸ ਕਰਕੇ ਵੱਧ ਤੋਂ ਵੱਧ ਹੋਲਟਾਈਮਰ ਕੱਢੋ, ਗੁਰੀਲਾ-ਯੁੱਧ ਲਈ, ਹਥਿਆਰਾਂ ਦੀ ਸਿਖਲਾਈ ਲਈ ਸੁਕਐਡ ਤਿਆਰ ਕਰਕੇ ਬੇਸ ਏਰੀਏ ਦੀ ਭਰਤੀ ਵਧਾਓ ਤੇ ਲਾਲ..., ਕਹਿੰਦੇ ਪਾਲ ਨੂੰ ਏਨੇ ਜ਼ੋਰ ਦਾ ਉਥੂ ਆਇਆ ਕਿ ਉਸ ਦੀ ਬਾਕੀ ਰਹਿੰਦੀ ਗੱਲ ਬਲਗਮ-ਜਮੀਂ ਛਾਤੀ ਨੂੰ ਖੁਰਚ-ਖੁਰਚ ਕੇ ਨਿਕਲਦੀ ਖੰਘ ਹੇਠ ਦੱਬ ਗਈ। ਪਾਣੀ ਦਾ ਘੁੱਟ ਪੀ ਕੇ ਉਸ ਨੇ ਮੋਢੇ ਨਾਲ ਲਟਕਦੇ ਝੋਲੇ ਵਿਚੋਂ ਬੀੜੀਆਂ ਦਾ ਬੰਡਲ ਕੱਢਿਆ, ਦੋ ਚਾਰ ਖੰਘਾਰ ਸੀਖਾਂ ਵਾਲੀ ਤਾਕੀ ਵਿਚੋਂ ਦੀ ਗਲੀ ਅੰਦਰ ਸੁੱਟੇ ਤਾਂ ਕਿਤੇ ਉਸ ਦਾ ਸਾਹ ਅਗਲੀ ਗੱਲ ਕਰਦਿਆਂ ਹੌਂਕਣ ਵਾਂਗ ਚੱਲਣ ਲੱਗਾ।

—ਦੇਖੋ ਸਾਥੀ, ਇਨਕਲਾਬ ਲਈ ਕੰਮ ਕਰਨਾ ਖੰਡੇ ਦੀ ਧਾਰ ਤੇ ਤੁਰਨਾ ਹੈ, ਰਾਣਾ ਪ੍ਰਤਾਪ, ਸ਼ਿਵਾ ਜੀ, ਗੁਰੂ ਗੋਬਿੰਦ ਸਿੰਘ, ਸ਼ਹੀਦ ਭਗਤ ਸਿੰਘ ਦਾ ਰਾਹ ਅਪਨਾਉਣਾ ਹੈ। ਹਰ ਵਰਗ ਦੇ ਜਮਾਤੀ ਖਾਸੇ ਦਾ ਵਿਗਿਆਨਕ ਵਿਸ਼ਲੇਸ਼ਣ ਕਰਨਾ ਹੈ। ਮੱਧ-ਵਰਗੀ ਸੋਚ ਨੂੰ ਡੀ-ਕਲਾਸ ਕਰਕੇ ਮਜ਼ਦੂਰ ਜਮਾਤ ਦੀ ਰਾਜਨੀਤੀ ਅਪਨਾਉਣਾ ਹੈ। ਆਪਸੀ ਵਿਰੋਧਤਾਈਆਂ ਨੂੰ ਹੱਲ ਕਰਨ ਦੇ ਨਾਲ ਨਾਲ ਜਮਾਤੀ ਵਿਰੋਧਤਾਈਆਂ ਨੂੰ ਤਿਖਿਆ ਕਰਨਾ ਹੈ। ਪਰ...ਪਰ ਇਹ ਸਾਰਾ ਕੁਝ ਮਾਰਕਸ-ਲੇਨਿਨ-ਮਾਓ ਵਿਚਾਰਧਾਰਾ ਨੂੰ ਅਪਣਾ ਕੇ ਹੀ ਹੋ ਸਕਦਾ ਹੈ, ਅਪਣੇ ਦੇਸ਼ ਦਾ ਸਮਾਜਿਕ-ਆਰਥਿਕ ਵਿਸ਼ਲੇਸ਼ਣ ਕਰਦਿਆਂ ਅਰਧ-ਜਾਗੀਰੂ ਰਿਸ਼ਤਿਆਂ ਤੇ ਪਲਪਦੀ ਕੌਮੀ ਸਰਮਾਏਦਾਰੀ ਦੇ ਕੰਨਪਰਾਡੋਰ ਰੋਲ ਨੂੰ ਸਮਝ ਕੇ ਕੇ ਹੀ ਕੀਤਾ ਜਾ ਸਕਦਾ ਹੈ। ਇਸ ਲਈ, ਬਸਤੀਵਾਦੀ-ਸਾਮਰਾਜ ਤੇ ਸਮਾਜਿਕ-ਸਾਮਰਾਜ ਦੇ ਪਿਠੂਆਂ ਵਿਰੁਧ ਲੰਮਕਵਾਂ ਹਥਿਆਰਬੰਦ ਘੋਲ ਚਲਾ ਕੇ ਹੀ ਮਜ਼ਦੂਰ ਜਮਾਤ ਦੀ ਡਿਕਟੇਟਰਸ਼ਿਪ ਕਾਇਮ ਹੋ ਸਕਦੀ ਹੈ...।'

ਏਨਾ ਕੁਝ ਆਖ, ਜਦੋਂ ਉਸ ਨੇ ਤਾਜ਼ਾ ਦਮ ਹੋਣ ਲਈ ਹੋਰ ਬੀੜੀ ਲਾਈ ਤਾਂ ਮੈਨੂੰ ਉਸ ਦੀਆਂ ਅੰਦਰ ਧੱਸੀਆਂ ਅੱਖਾਂ ਹੇਠ ਮੋਟੀਆਂ-ਕਾਲੀਆਂ ਗਾਨੀਆਂ ਕਾਲੀਆਂ ਭਰਿੰਡਾਂ ਵਾਂਗ ਲੰਮਕਦੀਆਂ ਜਾਪੀਆਂ। ਉੱਚਾ-ਨੀਵਾਂ ਬੋਲਦਿਆਂ ਉਭਰਦੀਆਂ ਧੌਣ ਦੀਆਂ ਨੀਲੀਆਂ-ਪੀਲੀਆਂ ਨਾੜਾਂ ਬਰਮੀ ਲਾਗੇ ਘੁੰਮਦੇ ਸਪੋਲਿਆਂ ਵਾਂਗ ਵਲ਼ ਖਾਂਦੀਆਂ ਲੱਗੀਆਂ, ਜਿਹਨਾਂ ਅੰਦਰਲਾ ਜ਼ਹਿਰ ਉਸ ਦੀ ਰਗ-ਰਗ ਅੰਦਰ ਅਸਰ ਕਰ ਗਿਆ ਹੋਇਆ ਸੀ। ਉਸ ਰਾਤ ਉਹ ਸਵੇਰ ਹੋਣ ਤੱਕ 'ਗੱਲਾਂ' ਵੀ ਨਾ ਕਰ ਸਕਿਆ। ਬੱਸ ਅੱਧੀ ਕੁ ਰਾਤ ਹੁੰਦਿਆਂ, ਉਸੇ ਥਾਂ ਹੀ ਟੇਢਾ ਹੋ ਗਿਆ ਜਿੱਥੇ ਬੈਠ ਕੇ ਉਸ ਨੇ ਦੋ-ਤਿੰਨ ਵਾਰ ਚਾਹ ਮੰਗੀ ਸੀ ਤੇ ਤਿੰਨ-ਚਾਰ ਬੰਡਲ ਬੀੜੀਆਂ ਫੂਕੀਆਂ ਸਨ।

ਉਸ ਦੇ ਚਲੇ ਜਾਣ ਪਿਛੋਂ, ਮੈਂ ਕਈ ਦਿਨ ਉਸ ਦੀਆਂ ਆਖੀਆਂ 'ਅਲੋਕਾਰ' ਜਿਹੀਆਂ ਗੱਲਾਂ ਬਾਰੇ ਬੜੀ ਬਾਰੀਕੀ ਨਾਲ ਸੋਚਦਾ ਰਿਹਾ। ਉਸ ਦਾ ਦਿੱਤਾ ਪਾਰਟੀ ਲਿਟਰੇਚਰ ਪੜ੍ਹਦਾ ਰਿਹਾ, ਪੜ੍ਹ-ਪੜ੍ਹ ਕੇ ਸੋਚਦਾ ਰਿਹਾ ਤੇ ਸੋਚਦਾ-ਸੋਚਦਾ ਹੋਰ ਪੜ੍ਹਦਾ ਰਿਹਾ। ਇਕ ਵਾਰ ਫਿਰ ਮੈਂ, ਉਸ ਦੇ ਜਥੇਬੰਦੀਆਂ ਬਣਾਉਣ ਦੇ ਆਦੇਸ਼ ਤੇ ਅਮਲ ਕਰਦਿਆਂ, ਸਵੇਰ ਤੋਂ ਸ਼ਾਮ ਤੱਕ ਤਾਸ਼-ਖੇਡਦੀ, ਚੀਕਾਂ-ਮਾਰਦੀ, ਜ਼ਰਦਾ-ਫੱਕਦੀ, ਗਾਲ੍ਹਾਂ-ਕੱਢਦੀ ਪਿੰਡ ਦੀ ਮੁਢੀਰ ਕੋਲ ਕਿੰਨਾ-ਕਿੰਨਾ ਚਿਰ ਬੈਠਾ, ਨਸ਼ੇ-ਪੱਤੇ ਵਾਲੀਆਂ ਬਾਜ਼ੀਆਂ ਤੋਂ ਟਾਲ ਕੇ, ਉਹਨਾਂ ਕੋਲ ਆਪਣੀ ਕਹਾਣੀ ਪਾਉਣ ਦੇ ਯਤਨ ਕਰਦਾ ਰਹਿੰਦਾ। ਕਦੀ ਪੰਚਾਇਤ-ਘਰ ਜੁੜੀਆਂ ਪੰਚਾਂ-ਸਰਪੰਚਾਂ ਦੀਆਂ ਢਾਣੀਆਂ ਵਿਚਕਾਰ ਹੁੰਦੇ ਡਾਂਗ-ਸੋਟੇ ਦੀ ਸੁਲਾਹ-ਸਫ਼ਾਈ ਕਰਾਉਣ ਦਾ ਹੀਲਾ ਕਰਦਾ, ਨਿੱਕੀ-ਨਿੱਕੀ ਗੱਲ ਤੇ ਵਧਾਏ ਝਗੜਿਆਂ ਨੂੰ ਥਾਣੇ ਜਾਣ ਤੋਂ ਰੋਕਣ ਦੇ ਉਪਰਾਲੇ ਕਰਦਾ ਰਹਿੰਦਾ। ਹਰ ਵਰ੍ਹੇ ਵਢਾਈ ਖ਼ਾਤਰ ਖ਼ਾਤਰ ਪੈਂਦੇ ਰੇੜਕੇ ਦਾ ਨਿਪਟਾਰਾ ਕਰਾਉਣ ਲਈ ਕਮੀਆਂ ਦਾ ਹੁੱਕਾ-ਪਾਣੀ ਬੰਦ ਹੋਣੋਂ ਬਚਾਈ ਰੱਖਣ ਦੇ ਢੰਗ-ਤਰੀਕੇ ਅਪਨਾਉਂਦਾ ਰਹਿੰਦਾ। ਮੰਡੀਆਂ ਅੰਦਰ ਰੁਲਦੀਆਂ ਖੇਤਾਂ ਦੀਆਂ ਜਿਣਸਾਂ ਨੂੰ ਐਲਾਨਿਆ ਭਾਅ ਦੁਆਉਣ ਲਈ ਕਿਰਤ ਦੇ ਅਸਲੀ ਵਾਰਸਾਂ ਨੂੰ ਐਲਾਨਿਆ ਭਾਅ ਦੁਆਉਣ ਲਈ ਕਿਰਤ ਦੇ ਅਸਲੀ ਵਾਰਸਾਂ ਨੂੰ ਇਕੱਠੇ ਕਰਨ ਦੇ ਯਤਨ ਕਰਦਾ ਰਹਿੰਦਾ।

ਥੋੜੀ ਬਹੁਤ ਸਫ਼ਲਤਾ ਪ੍ਰਾਪਤ ਕਰਕੇ, ਮੈਨੂੰ ਆਪਣੇ ਕੀਤੇ ਕੰਮਾਂ ਤੇ ਮਾਣ ਵੀ ਹੁੰਦਾ, ਪਰ ਇਹ ਛਿਣ-ਭੰਗਰੀ ਉਭਾਰ ਥੋੜੇ ਹੀ ਚਿਰਾਂ ਪਿੱਛੋਂ, ਪਾਣੀ ਅੰਦਰ ਪਈ ਲੀਕ ਵਾਂਗ ਅਲੋਪ ਹੋ ਜਾਂਦਾ। ਇਹੋ ਜਿਹੀਆਂ ਉਦਾਸੀਨ ਤੇ ਨਾਰਾਜ਼ ਘੜੀਆਂ ਅੰਦਰ, ਮੈਂ ਮੁੜ ਮੁੜ ਸਾਥੀ ਪਾਲ ਨੂੰ ਚੇਤੇ ਕਰਦਾ ਰਹਿੰਦਾ। ਕਦੀ ਉਸਦੀਆਂ ਦੱਸੀਆਂ 'ਗੱਲਾਂ' ਨੂੰ ਝੂਠ ਵਰਗਾ ਸੱਚ ਆਖ

ਦਿੰਦਾ ਤੇ, ਕਦੀ ਉਸ ਦੇ ਬੋਲੇ ਸੱਚ ਨੂੰ ਪਹਾੜ ਜਿੱਡਾ ਝੂਠ। ਕਦੀ ਮੈਨੂੰ ਦੂਜਿਆਂ ਲਈ ਕੀਤੇ ਆਪਣੇ ਯਤਨਾਂ ਦੀ ਈਮਾਨਦਾਰੀ ਤੇ ਸ਼ੱਕ ਹੋਣ ਲੱਗਦਾ ਤੇ ਕਦੀ ਲੋਕਾਂ ਦੀ ਸੂਝ ਦੀ ਈਮਾਨਦਾਰੀ ਤੇ। ਕਦੀ ਇਨਕਲਾਬ ਲਈ ਅਪਨਾਏ ਸਿਧਾਂਤ ਤੇ, ਤੇ ਕਦੀ ਸਿਧਾਂਤ ਅਨੁਸਾਰ ਘੜੀ ਯੁੱਧ-ਨੀਤੀ, ਦਾਅ-ਪੇਚਾਂ ਤੇ ਢੰਗ ਤਰੀਕਿਆਂ ਤੇ।

ਪਰ, ਜਦ ਵੀ ਮੈਂ, ਆਪਣੇ ਇਸ ਤਰ੍ਹਾਂ ਦੇ ਅਭਿਆਸ ਦੀ ਡਾਇਰੀ, ਉਸ ਦੇ ਅਗਲੀ ਵੇਰ ਆਉਣ ਤੇ ਦੱਸਣ ਲਈ ਤਿਆਰ ਕੀਤੀ ਹੁੰਦੀ, ਤਾਂ ਉਹ ਕਦੀ ਵੀ ਇਕੱਲਾ ਮੇਰੇ ਕੋਲ ਨਾ ਅਪੜਦਾ। ਕਦੀ ਉਸ ਨਾਲ ਜ਼ਿਲਾ ਕਮੇਟੀ ਦਾ ਕੋਈ ਆਹੁਦੇ-ਦਾਰ ਹੁੰਦਾ ਕਦੀ ਸੂਬਾ ਕਮੇਟੀ ਦਾ ਮੈਂਬਰ। ਉਹ ਸਾਥੀ ਪਾਲ ਨਾਲ ਇਸ ਲਈ ਨਹੀਂ ਸਨ ਆਉਂਦੇ ਕਿ ਮਾਸਟਰ ਰਵੀ ਵਾਂਗ 'ਡੀ-ਜੈਨਰੇਟ' ਹੋ ਕੇ ਉਸ ਦਾ ਵੀ ਘਰ ਪਰਤ ਜਾਣ ਦਾ ਡਰ ਸੀ, ਸਗੋਂ ਇਸ ਲਈ ਕਿ ਪਾਲ ਦੀ ਸਰੀਰਕ ਸਮਰੱਥਾ ਇਕੱਲਿਆਂ ਤੁਰਨ-ਫਿਰਨ ਜੋਗੀ ਨਹੀਂ ਸੀ ਰਹੀ। ਕਦੀ ਉਸ ਦਾ ਉਖੜਿਆ ਸਾਹ ਘੰਟਿਆਂ ਬੱਧੀ ਘਿੰਡੀ 'ਤੇ ਫੇਫੜਿਆਂ ਵਿਚਕਾਰ ਚੱਕਰ ਲਾਉਂਦਾ ਰਹਿੰਦਾ, ਕਦੀ ਤਾੜੇ ਲੱਗੀਆਂ ਬੁੰਜਰ ਅੱਖਾਂ ਕਿੰਨਾ-ਕਿੰਨਾ ਚਿਰ ਕਾਲੇ ਆਨੇ ਉੱਪਰ ਪਲਟ ਕਿਸੇ ਰਮਕੀਣ ਸ਼ਾਹਕਾਰ ਦੀ ਉਸਾਰੀ ਕਰਦੀਆਂ ਰਹਿੰਦੀਆਂ। ਪਾਰਟੀ ਡਾਕਟਰ ਦੀ ਸਲਾਹ ਤੇ ਉਸ ਨੂੰ ਘਰ ਵਰਗੇ ਪੂਰਨ ਆਰਾਮ ਦੀ ਲੋੜ ਸੀ, ਪਰ ਉਸ ਦਾ ਘਰ-ਘਾਟ ਤਾਂ ਕੁਰਕੀ ਹੋ ਕੇ ਕਿੰਨਾ ਈ ਪੈਂਡਾ ਪਿਛਾਂਹ ਪਰਤ ਗਿਆ ਸੀ ਅਤੇ ਉਸਦਾ ਮਾਈ-ਬਾਪ ਬਹੁਤ ਫ਼ਾਸਲਾ ਕਿਤੇ ਅੱਗੇ ਲੰਘ ਕੇ ਅਲੋਪ ਹੋ ਚੁੱਕੇ ਸਨ।

ਵੱਡੀ ਨਹਿਰ ਦੇ ਪੁਲ ਕੰਢੇ ਸਵੇਰ ਤੋਂ ਸ਼ਾਮ ਤੱਕ ਜੁੱਤੀਆਂ ਗੰਢਣ ਬੈਠਦੇ ਆਪਣੇ ਬਿਰਧ ਬਾਪ ਲਈ ਘਸੇ ਹੋਏ ਤੱਪੜ ਦੀ ਥਾਂ, ਪੱਕਾ ਅੱਡਾ-ਟਿਕਾਣਾ ਟੋਲਣ ਦੇ ਜੋਸ਼ ਨਾਲ ਭਰਿਆ, ਉਹ ਦਸਵੀਂ ਪਾਸ ਕਰਕੇ ਘਰੋਂ ਨਿਕਲ ਤੁਰਿਆ ਸੀ। ਛੋਟੇ ਭਰਾ ਨੂੰ ਸਕੂਲੀ ਵਜ਼ੀਫ਼ਿਆਂ ਦੀ ਜ਼ਿੱਲਤ ਤੋਂ ਬਚਾਉਣ ਦੇ ਚਾਅ ਨਾਲ ਉਸਨੇ ਭਰਾ ਦੀ ਪਿੱਠ ਤੇ ਅਪਣੀ ਛਾਤੀ ਥਾਪੜ ਕੇ ਖੱਬੇ ਮੋਢੇ ਨਾਲ ਲੰਮਾ ਝੋਲਾ ਲਟਕਾਇਆ ਸੀ। ਪਰ...ਪਰ ਉਹਨਾਂ ਸੁਭਾਗੇ ਪਲਾਂ ਨੂੰ ਉਡੀਕ ਵੀ ਉਸਦੀ ਕੜੀ ਵਰਗੀ ਜੁਆਨੀ ਅੱਖ-ਫਰੋਕੇ ਅੰਦਰ ਹੀ ਖੇਹ-ਕੌਡੀਆਂ ਹੋ ਗਈ, ਅਤੇ ਜ਼ੈਲਦਾਰਾਂ ਦਾ ਬਖਸ਼ਿਆ ਢਾਈ ਮਰਲੇ ਦਾ ਢਾਰਾ ਕੁਰਕੀ ਹੋ ਕੇ ਮੁੜ ਉਸੇ ਜਾਗੀਰ ਨਾਲ ਨੱਥੀ ਹੋ ਗਿਆ ਸੀ। ਪੁੱਛ-ਗਿੱਛ ਕੇਂਦਰਾਂ ਅੰਦਰ ਸੜਦੇ ਉਸਦੇ ਮਾਂ-ਬਾਪ ਰਾਖ ਦੀ ਢੇਰੀ ਬਣ ਗਏ ਸਨ। ਛੋਟਾ ਪੁਲਸ ਦੀ ਮਾਰ ਤੋਂ ਡਰਦਾ ਪਤਾ ਨਹੀਂ ਕਿੱਧਰ ਭੱਜ ਗਿਆ ਸੀ ਤੇ ਅਭਾਗੀ ਭੈਣ...ਜਿਸ ਦੀ ਕਲਪਨਾ ਕਰਦਿਆਂ ਉਹ ਕਿੰਨਾ-ਕਿੰਨਾ ਚਿਰ ਸੁੰਨ-ਵੱਟਾ ਹੋਇਆ, ਪਿਆ ਰਹਿੰਦਾ ਸੀ।

ਉਸਦੀ ਇਹ ਹਾਲਤ ਦੇਖ ਕੇ, ਮੈਂ ਉਸ ਨੂੰ ਕੁਝ ਸਮਾਂ ਆਪਣੇ ਕੋਲ ਰੱਖਣ ਦੀ ਪੇਸ਼ਕਸ਼ ਕੀਤੀ। ਉਸ ਨੇ ਇਸ ਨੂੰ ਖ਼ਤਰੇ ਭਰਿਆ ਕਦਮ ਆਖਿਆ। ਮੈਂ ਆਪਣੀ ਧੁਨ ਦੀ ਪਕਿਆਈ ਦੱਸਣ ਦੇ ਇਰਾਦੇ ਨਾਲ ਇਹ ਖ਼ਤਰਾ ਵੀ ਮੁੱਲ ਲੈ ਲਿਆ। ਪਿੰਡੋਂ ਦੂਰ ਹਟਵੀਂ ਬੰਬੀ ਵਾਲਾ ਕੋਠਾ ਭਾਵੇਂ ਉਸ ਨੂੰ ਇਕੱਲਿਆਂ ਰੱਖਣ ਲਈ ਸੌਂਪਿਆ ਗਿਆ ਸੀ, ਪਰ ਬੁੱਧ-ਸੁੱਧ ਗੁਆ ਕੇ ਘਰ ਪਰਤਣ ਤੋਂ ਬੇਸੁੱਧ ਹੋਇਆ ਕੋਈ ਪਟਵਾਰੀ ਜਾਂ ਦਫ਼ਤਰੀ ਅਮਲੇ ਦਾ ਕੋਈ ਹੋਰ ਬੰਦਾ, ਨਿੱਤ ਨਵੇਂ ਉਸ ਕੋਲ ਪਹੁੰਚ ਜਾਂਦਾ ਤੇ ਜ਼ਿੱਦ ਕਰਕੇ ਉਸ ਦੇ ਮੂੰਹ ਅੰਦਰ ਬਚਿਆ ਅਧੀਆ-ਪਊਆ ਤੁੰਨਣ ਦਾ ਯਤਨ ਕਰਦਾ। ਏਨੀ ਖੁੱਲ੍ਹੀ ਮਾਤਰਾ ਵਿਚ ਮਿਲਦੀ ਮੁਫ਼ਤ ਦੀ ਦਾਰੂ ਨੇ ਕਿਸੇ ਕਾਜ਼ੀ ਦਾ ਖ਼ਿਦਕ ਤਾਂ ਭਾਵੇਂ ਤੋੜ ਦਿੱਤਾ ਹੋਵੇ, ਪਰ ਉਹ ਸੀ ਕਿ ਕਦੀ ਤਿਲ ਭਰ ਨਹੀਂ ਸੀ ਥਿੜਕਿਆ। ਮੈਂ ਵੀ ਕਦੀ-ਕਦਾਈਂ ਉਸਨੂੰ ਦੁਆਈ ਮਾਫ਼ਕ ਵਰਤ ਲੈਣ ਲਈ ਆਖ ਦਿੰਦਾ, ਪਰ ਉਸਦੀ ਧਾਰਨਾ ਸੀ ਕਿ ਜਿੰਨਾ ਚਿਰ ਸਾਡੇ ਵਰਗੇ ਕਰੋੜਾਂ ਭਾਰਤੀਆਂ ਨੂੰ ਦੋ ਡੰਗ ਦੀ ਰੋਟੀ ਨਸੀਬ ਨਹੀਂ ਹੁੰਦੀ, ਓਨਾ ਚਿਰ ਸੂਝਵਾਨ ਕਾਡਰ ਲਈ ਬੁਰਜੂਆ ਸ਼ੌਕ ਪਾਲਣਾ ਇਨਕਲਾਬ ਵਿਰੋਧੀ ਹਰਕਤਾਂ ਕਰਨ ਦੇ ਬਰਾਬਰ ਹੈ।

ਪੰਦਰਾਂ-ਵੀਹਾਂ ਦਿਨਾਂ ਦੇ ਦਾਰੂ-ਦਰਮਲ ਪਿਛੋਂ ਉਹ ਥੋੜ੍ਹਾ ਜਿਹਾ ਠੀਕ ਹੋਇਆ ਈ ਸੀ ਕਿ ਅੱਛੀ-ਖ਼ਾਸੀ ਡੀਲ-ਡੌਲ ਵਾਲਾ ਸੂਬਾ ਕਮੇਟੀ ਦਾ ਜਨਰਲ-ਸਕੱਤਰ ਬਰਾੜ ਇਕ ਦਿਨ ਮੇਰੇ ਦਫ਼ਤਰ ਆ ਧਮਕਿਆ। ਉਸ ਨਾਲ ਉਸ ਵਰਗੀ ਸੂਟਿਡ-ਬੂਟਿਡ, ਸੋਹਣੀ ਸੁਨੱਖੀ ਇਕ ਇਸਤਰੀ ਕਾਮਰੇਡ ਵੀ ਸੀ; ਜਿਸ ਦੀ ਉਸ ਨੇ ਕੇਂਦਰੀ ਕਮੇਟੀ ਦੀ ਕੈਰੀਅਰ ਆਖ ਕੇ ਜਾਣ-ਪਛਾਣ ਕਰਾਈ। ਰਸਮੀ ਸਾਹਬ—ਸਲਾਮ ਪਿਛੋਂ ਉਸ ਨੇ ਸੈਂਬੇ ਪਾਲ ਬਾਰੇ ਬੜੇ ਕਰੜੇ ਸ਼ਬਦਾਂ ਵਿਚ ਪੁੱਛ ਪੜਤਾਲ ਕੀਤੀ। ਮੈਂ ਝਕਦੇ-ਝਕਦੇ ਨੇ ਪਾਲ ਦੀ ਠੀਕ-ਠਾਕ ਹਾਲਤ ਦੱਸ ਦਿੱਤੀ। ਪਰ ਉਸਦਾ ਪਾਰਾ ਸਗੋਂ ਹੋਰ ਚੜ੍ਹਦਾ ਗਿਆ। ਪਹਿਲਾਂ ਉਸ ਨੇ ਪਾਲ ਤੇ ਇਸ਼ਕ ਪਾਲਣ ਦੀ ਤੋਹਮਤ ਲਾਈ, ਫਿਰ ਉਸ ਨੂੰ ਕਮਚੋਰ ਗਰਦਾਨ ਕੇ ਚੰਗਾ-ਮੰਦਾ ਬੋਲਿਆ ਅਤੇ ਉਸ ਤੋਂ ਪਿਛੋਂ ਪਾਰਟੀ-ਫੰਡਾਂ ਅੰਦਰ ਕੀਤੀ ਘਪਲੇਬਾਜ਼ੀ ਲਈ ਕਸੂਰਵਾਰ ਦੱਸ ਕੇ ਦੋ ਸਾਲਾਂ ਲਈ ਮੁਅੱਤਲ ਕਰਨ ਦੀ ਸਜ਼ਾ ਦਾ ਐਲਾਨ ਕਰ ਦਿੱਤਾ।

ਸਾਥੀ ਬਰਾੜ ਨੂੰ ਭਾਵੇਂ ਮੈਂ ਪਹਿਲਾਂ ਵੀ ਇਕ ਦੋ

ਵਾਰ ਜ਼ਿਲਾ-ਕਮੇਟੀ ਦੀਆਂ ਇਕੱਤਰਤਾਵਾਂ ਨੂੰ ਸੰਬੋਧਨ ਕਰਦਿਆਂ ਸੁਣ ਚੁੱਕਾ ਸਾਂ, ਪਰ ਉਸਦਾ ਇਹ ਰੂਪ ਮੈਂ ਉਸ ਦਿਨ ਪਹਿਲੀ ਵਾਰ ਦੇਖਿਆ। ਠੀਕ ਤੱਥਾਂ ਦੀ ਘੋਖ-ਪੜਤਾਲ ਕੀਤੇ ਬਿਨਾ ਉਹ ਪਾਲ ਦੀ ਇਨਕੁਆਰੀ ਕਰਨ ਆਇਆ, ਇਕ-ਪਾਸੜ ਫੈਸਲਾ ਦੇ ਕੇ ਤੁਰਦਾ ਬਣਿਆ ਸੀ। ਮੈਂ ਦੋ-ਇਕ ਵਾਰ ਪਾਲ ਦੇ ਗਵਾਹ ਵਜੋਂ ਸਫ਼ਾਈ ਦੱਸਣ ਲਈ ਬੋਲਣਾ ਵੀ ਚਾਹਿਆ, ਪਰ ਉਸ ਦੀ ਡਿਕਟੇਟਰਾਨਾ ਭੱਬਕ ਸੁਣ ਬਿੱਲੀ ਵਾਂਗ ਸਹਿਮ ਕੇ ਰਹਿ ਗਿਆ ਸੀ। ਉਸ ਦੇ ਵਾਰ-ਵਾਰ ਪੁੱਛਣ ਤੇ ਵੀ ਮੈਂ ਪਾਲ ਦਾ ਸਹੀ ਟਿਕਾਣਾ ਨਾ ਦਸਿਆ ਤੇ ਉਸ ਦੇ ਕਿਸੇ ਹੋਰ ਅਤੇ-ਪਤੇ ਬਾਰੇ ਵੀ ਸਾਫ਼-ਸਾਫ਼ ਮੁੱਕਰ ਗਿਆ।

ਉਸ ਦਿਨ ਦਫਤਰੋਂ ਸਵੱਖਤੇ ਵਿਹਲਾ ਹੋ ਕੇ ਮੈਂ ਘਰ ਜਾਣ ਦੀ ਬਜਾਏ ਸਿੱਧਾ ਬੰਬੀ ਤੇ ਪਹੁੰਚ ਗਿਆ ਤੇ ਪਾਲ ਨੂੰ ਸਾਰੀ ਵਿਥਿਆ ਆਖ ਸੁਣਾਈ। ਕਿੰਨੀਆਂ ਹੀ ਨਾ-ਮੁਰਾਦ ਆਹੁਰਾਂ ਤੋਂ ਥੋੜਾ ਕੁ ਰਾਜ਼ੀ ਹੋਣ ਕਰਕੇ ਉਹਦੇ ਰਤੀ ਕੁ ਪੈਰੀਂ ਆਏ ਚਿਹਰੇ ਤੇ ਸਾਰੀ ਗੱਲ ਸੁਣਦਿਆਂ ਸਾਰ ਇਕ ਵਾਰ ਫਿਰ ਮੁਰਦੇਹਾਣੀ ਪੱਸਰ ਗਈ। ਕੋਠੇ ਦੇ ਇਕ ਕੋਣੇ ਲੱਗੀ ਇਕ ਨਿੱਕੀ ਜਿਹੀ ਸੈਲਫ ਉੱਤੇ ਚਾਹ ਬਣਾਉਣ ਲਈ ਮਘਾਏ ਸਟੋਵ ਦੀ ਹਵਾ ਕੱਢ ਕੇ, ਉਸ ਨੇ ਐਧਰ-ਓਧਰ ਪਿਆ ਆਪਣਾ ਸਾਰਾ ਨਿੱਕ-ਸੁੱਕ ਕੱਠਾ ਕਰ ਲਿਆ। ਮੇਰੇ ਬਾਰ-ਬਾਰ ਪੁੱਛਣ ਤੇ ਵੀ ਉਸ ਨੇ ਕੋਈ ਭੇਤ-ਭਰੀ ਗੱਲ ਨਾ ਦੱਸੀ, ਸਗੋਂ ਡੂੰਘੇ ਸਾਹ ਭਰਦਿਆਂ ਲੰਮੀਂ ਹੂੰਅ...ਆਂ ਦੀ ਬੇਸੁਰੀ ਆਵਾਜ਼ ਕੱਢੀ ਤੇ ਬੇਸੁਰੀ ਜਿਹੀ ਹੇਕ ਅੰਦਰ ਆਪਣੇ ਹੀ ਕੰਨਾਂ ਤੱਕ ਸੀਮਤ ਦੋ-ਚਾਰ ਸ਼ਬਦ ਬੋਲੇ—'ਕੇਂਦਰੀ ਜਮਹੂਰੀਅਤ ਦਾ ਪ੍ਰਚਾਰ ਕਰਨ ਨਿਕਲੇ ਸਾਲੇ-ਕਿੱਦਾਂ ਕੇਂਦਰੀਵਾਦ ਦਾ ਸ਼ਿਕਾਰ ਹੋਏ ਪਏ ਆ...।'

ਪਿਛਲੇ ਕਈਆਂ ਵਰ੍ਹਿਆਂ ਅੰਦਰ ਮੈਂ ਕਦੀ ਵੀ ਪਾਲ ਮੂੰਹੋਂ ਕੋਈ ਚੰਗੀ-ਮਾੜੀ ਗਾਲ੍ਹ ਨਹੀਂ ਸੀ ਸੁਣੀ, ਪਰ ਉਸ ਦਿਨ ਉਸ ਨੇ ਨੰਗੇ-ਚਿੱਟੇ ਸ਼ਬਦਾਂ ਰਾਹੀਂ ਉਚਾਰਨ ਹੁੰਦੀਆਂ ਠੇਠ ਪੰਜਾਬੀ ਗਾਲ੍ਹਾਂ ਦੀ ਵਰਤੋਂ ਕਰਕੇ ਕੇਂਦਰੀ-ਕਮੇਟੀ ਦੇ ਆਪ-ਹੁਦਰੇ ਆਹੁਦੇਦਾਰਾਂ ਦੀ ਭੰਡੀ ਕੀਤੀ। ਜਾਤਾਂ-ਪਾਤਾਂ, ਮਜ਼੍ਹਬਾਂ-ਧਰਮਾਂ, ਸਾਮਰਾਜੀ-ਦਲਾਲਾਂ ਤੇ ਜਗੀਰੂ-ਨੌਕਰਸ਼ਾਹੀ ਪੰਜਾਲੀ ਹੇਠ ਰਿੜਕ ਹੁੰਦੇ ਕਰੋੜਾਂ ਲੋਕਾਂ ਦੀ 'ਮੁਕਤੀ' ਲਈ ਤੁਰੇ ਬਹੁਤੇ 'ਮੁਕਤੀਦਾਤਿਆਂ' ਨੂੰ ਉਸ ਨੇ ਆਪ ਹੀ ਇਸੇ ਜਿੱਲਣ ਅੰਦਰ ਫਸੇ ਹੋਏ ਗਰਦਾਨਿਆ। ਵਿਅਕਤੀਗਤ ਸਫਾਏ ਦੀ ਆੜ ਹੇਠ ਕਈ ਸਾਰੀਆਂ ਨਿੱਜੀ ਰੜਕਾਂ ਕੱਢਣ ਵਾਲੇ "ਸੂਰਬੀਰਾਂ" ਨੂੰ ਉਪਰੋਂ-ਥੱਲੀ ਕਈ ਵਾਰ ਗਾਲ੍ਹਾਂ ਕੱਢ ਕੇ ਉਸ ਨੇ ਆਪਣੇ ਮਨ ਤੇ ਪਿਆ ਮਣਾਂ-ਮੂੰਹੀਂ ਭਾਰ ਹੌਲਾ ਕੀਤਾ ਤੇ ਮੇਰੇ ਰੋਕਦਿਆਂ-ਟੋਕਦਿਆਂ ਤਰਕਾਲਾਂ ਦੇ ਘੁਸ-ਮੁਸੇ ਅੰਦਰ ਚੁਪ-ਚਾਪ ਕਿਧਰੇ ਨਿਕਲ ਗਿਆ।

ਬੰਬੀ ਵਾਲੇ ਕੋਠੇ ਨੂੰ ਖਾਲੀ ਹੋਇਆਂ ਭਾਵੇਂ ਕਈ ਦਿਨ ਬੀਤ ਚੁੱਕੇ ਸਨ, ਪਰ ਮੇਰੇ ਅੰਦਰਲੀ ਉੱਥਲ-ਪੁੱਥਲ ਨੇ ਮੇਰਾ ਹਰ ਪਲ ਬੜੀ ਤਲਖ਼ ਬੇਚੈਨੀ ਨਾਲ ਭਰੀ ਰੱਖਿਆ ਸੀ। ਸਾਥੀ ਪਾਲ ਦਾ ਚਲੇ ਜਾਣਾ, ਕਈਆਂ ਹਫ਼ਤਿਆਂ ਪਿੱਛੋਂ ਹਰਜੀਤ ਦਾ ਆਉਣਾ ਤੇ ਪਾਲ ਸਮੁਰ-ਦੀ ਬਦਖੋਹੀ ਕਰਨਾ ਅਤੇ ਉਸ ਦੇ ਮਗਰ-ਮਗਰ ਮੇਜਰ ਦਾ ਪਹੁੰਚਣਾ ਤੇ ਹਰਜੀਤ ਟੋਲੀ ਨੂੰ ਭੰਡਣਾ, ਫਿਰ ਥੋੜੇ ਕੁ ਦਿਨਾਂ ਦੇ ਵਕਫੇ ਪਿੱਛੋਂ ਸੰਤ ਦਾ ਹਥਿਆਰਬੰਦ ਰਾਹ ਨੂੰ ਨਿਖੇਧ ਕੇ ਪਾਰਲੀਮਾਨੀ ਰਾਹ ਦੇ ਹੱਕ ਵਿਚ ਲੰਮੇ-ਲੰਮੇ ਭਾਸ਼ਨ ਕਰਨਾ—ਇਸ ਸਾਰੀ ਟੁੱਟ-ਭੱਜ ਨੇ ਮੇਰੀ ਨੀਂਦ ਤਾਂ ਹਰਾਮ ਕੀਤੀ ਈ ਕੀਤੀ ਸੀ ਕਿ ਤੜਕਸਾਰ ਇਕ ਦਿਨ ਪੁਲੀਸ ਦੀ ਇਕ ਲੰਮੀਂ ਚੌੜੀ ਗਾਰਦ ਨੇ ਮੈਨੂੰ ਅਚੇਤ ਘਰ ਸੁੱਤੇ ਪਏ ਨੂੰ ਆ ਨੱਪਿਆ। ਮੇਰੀ ਬਿਰਧ ਮਾਂ ਨੇ ਬੜਾ ਵਾ-ਵੇਲ਼ਾ ਖੜ੍ਹਾ ਕੀਤਾ, ਪਰ ਉਹਨਾਂ ਇਕ ਨਾ ਸੁਣੀ। ਸਕੂਲ ਪੜ੍ਹਦੀ ਛੋਟੀ ਭੈਣ ਨੂੰ ਭਾਵੇਂ ਮੇਰੀਆਂ ਕਈ ਸਾਰੀਆਂ ਕਾਰਜ ਵਿਧੀਆਂ ਦਾ ਪਤਾ ਸੀ, ਪਰ ਮੈਨੂੰ ਧੂਹ ਕੇ ਵੈਨ ਅੰਦਰ ਸੁੱਟਿਆ ਦੇਖ ਕੇ ਉਹ ਬਹੁਤ ਰੋਈ ਕਰਲਾਈ। ਘਰ ਦਾ ਪੱਤੇ-ਪੱਤ ਛਾਨਣ ਤੇ ਵੀ ਪੁਲੀਸ ਨੂੰ ਕੋਈ ਯੋਗ-ਅਯੋਗ ਸਮੱਗਰੀ ਨਹੀਂ ਮਿਲੀ ਜਿਹੜੀ ਮੈਨੂੰ 'ਅਤਿ-ਖ਼ਤਰਨਾਕ' ਕਿਸਮ ਦਾ ਬੰਦਾ ਸਿੱਧ ਕਰਨ ਵਿਚ ਉਹਨਾਂ ਦੀ ਸਹਾਇਤਾ ਕਰਦੀ। ਫਿਰ ਵੀ 'ਸੁਧਾਰ ਕੇਂਦਰ' ਦੇ ਚੂਹੇ, ਚਾਬਕ, ਮੰਜੀਆਂ ਰੱਸੇ ਤੇ ਸ਼ੁੱਧ-ਅਸ਼ਲੀਲ ਪ੍ਰਸ਼ਨਾਵਲੀ ਵਰਤ ਕੇ ਮੈਥੋਂ ਕਈ ਅਤੇ-ਪਤੇ ਪੁੱਛਣ ਦੇ ਯਤਨ ਕੀਤੇ ਗਏ। ਕੋਈ ਵਾਹ ਪੇਸ਼ ਨਾ ਦੇਖ ਕੇ ਆਖ਼ਿਰ ਬਿਨਾ ਕਿਸੇ ਵਿਸ਼ੇਸ਼ ਫ਼ੇਰਮਾਇਸ਼ ਤੇ ਮੈਨੂੰ ਛੱਡ ਦਿੱਤਾ ਗਿਆ।

ਪੁੱਛ-ਪੜਤਾਲ ਕਾਰਨ ਹੋਈ ਅਧੜ-ਵੰਜੀ ਹਾਲਤ ਅੰਦਰ ਵਿਚਰਦਿਆਂ ਲੱਗ-ਭੱਗ ਇਕ ਵਰ੍ਹਾ ਹੋਰ ਬੀਤ ਗਿਆ, ਪਰ ਬੂਹੇ ਤੇ ਦਸਤਕ ਦੇਣ ਆਏ ਇਨਕਲਾਬ' ਨੂੰ ਜੀ-ਆਇਆਂ ਕਹਿਣ ਤੁਰੇ ਮੇਜ਼ਬਾਨਾਂ ਨੇ ਮੁੜ ਕਦੀ ਵੱਟੀ ਨਾ ਵਾਹੀ। ਅਗਨੀ ਪ੍ਰੀਖਿਆ ਰਾਹੀਂ ਲੰਘ ਕੇ ਸ਼ੁੱਧ ਹੋਇਆ ਮੇਰਾ ਵਿਸ਼ਵਾਸ, ਇਕ ਵਾਰ ਫ਼ਿਰ ਕੁਝ ਕਰਨ ਲਈ ਤੱਤਪਰ ਹੋ ਉਠਿਆ, ਪਰ ਫੜੇ ਜਾਣ ਤੋਂ ਪਹਿਲਾਂ ਪਾਰਟੀ ਅੰਦਰ ਉਪਰੋਂ-ਥਲੀ ਵਾਪਰੀਆਂ ਕਈ ਸਾਰੀਆਂ ਘਟਨਾਵਾਂ ਕਾਰਨ ਮੇਰੇ ਅੰਦਰ ਪਲਦਾ ਸਹਿਮ, ਡਰ ਦਾ ਰੂਪ ਧਾਰਨ ਕਰਕੇ ਮੇਰੇ ਚਿਹਰੇ ਤੇ ਸਾਫ਼-ਸਾਫ਼ ਪ੍ਰਗਟ ਹੋਣ ਲੱਗ ਪਿਆ।

ਹਰ ਵੇਲੇ ਆਪਣੇ ਆਪ ਅੰਦਰ ਗੁਆਚਿਆ ਰਹਿੰਦਾ ਦੇਖ ਕੇ, ਮੇਰੀ ਬਿਰਧ ਮਾਂ ਮੈਨੂੰ ਆਖਦੀ—

'ਚਿੱਤ ਰਾਜ਼ੀ ਨਹੀਂ ਲੱਗਦਾ, ਮੇਰੇ ਹੀਰੇ ਦਾ...!' 'ਨਹੀਂ ਮਾ, ਬਿਲਕੁਲ ਠੀਕ ਆਂ...ਮੈਂ'—ਆਖ ਕੇ ਮੈਂ ਉਸ ਨੂੰ ਉਪਰੀ ਜਿਹੀ ਤਸੱਲੀ ਦੇ ਛੱਡਦਾ।' ਦਾਈਆਂ ਤੋਂ ਢਿੱਡ ਨਹੀਂ ਲੁਕਾਏ ਜਾਂਦੇ...'—ਮਾਂ ਦਾ ਕਈ ਵਾਰੀ ਆਖਿਆ ਇਹ ਵਾਕ ਸਮਾਂ ਪਾ ਕੇ, ਮੈਨੂੰ ਉਸ ਅੰਦਰਲੀ ਭਾਵਨਾ ਦੀ ਤੜਪ ਸਮਝਣ ਲਈ ਮਜਬੂਰ ਕਰਨ ਲੱਗ ਪਿਆ ਅਤੇ ਜਿਸ ਦਿਨ ਦਾਜ ਦੀ ਭਰੀ ਟਰਾਲੀ ਮੂਹਰੇ ਦੌੜਦੀ ਕਾਰ ਵਿਚੋਂ ਮੇਰੇ ਨਾਲ ਗਹਿਣਿਆਂ ਨਾਲ ਲੱਦੀ ਉਹਦੀ ਨੂੰਹ ਨੇ ਸਾਡੇ ਵਿਹੜੇ ਅੰਦਰ ਪੈਰ ਧਰਿਆ, ਉਸ ਦਿਨ ਮੇਰੀ ਮਾਂ ਦੀ ਢੋਂਗੋਰੀ ਪਤਾ ਨਹੀਂ ਕਿਹੜੀਆਂ ਬਾਰੂਾਂ ਉਹਲੇ ਪਈ ਉਸ ਦੇ ਕੁੱਬ ਦਾ ਭਾਰ ਸਾਂਭਣ ਦੀ ਉਡੀਕ ਕਰਦੀ ਰਹੀ। ਜਿਹੋ-ਜਿਹੀ ਧੂਮ-ਧਾਮ ਨਾਲ ਇਕ ਡੋਲੀ ਨੇ ਸਾਡੇ ਵਿਹੜੇ ਅੰਦਰ ਪੈਰ ਧਰਿਆ ਸੀ, ਉਸ ਤੋਂ ਵੀ ਕਈ ਗੁਣਾਂ ਵੱਧ ਸ਼ਾਨ ਨਾਲ ਦੂਜੀ ਡੋਲੀ ਘਰੋਂ ਵਿਦਾ ਕਰਕੇ ਮੈਂ ਪਾਲ ਦੀਆਂ ਦੱਸੀਆਂ ਗੱਲਾਂ ਦੀ ਥਾਂ ਆਪਣੇ ਤਹਿਸੀਲਦਾਰ ਸਹੁਰੇ ਦੀਆਂ ਸਮਝਾਈਆਂ ਵਿਧੀਆਂ ਅਪਨਾਉਣ ਵਿਚ ਰੁਝਿਆ ਰਹਿਣ ਲੱਗ ਪਿਆ। ਹੋਰਨਾਂ ਖ਼ਾਤਰ 'ਗੁਆਏ' ਕਈਆਂ ਸਾਲਾਂ ਦਾ ਘਾਟਾ ਹਫ਼ਤਿਆਂ ਅੰਦਰ ਹੀ ਪੂਰਾ ਹੁੰਦਾ ਦੇਖ ਕੇ ਮੈਨੂੰ ਇਨਕਲਾਬ ਦੇ 'ਸਹੀ' ਅਰਥਾਂ ਦਾ ਪਤਾ ਲੱਗ ਪਈ। ਬੱਗ-ਬੱਗ ਕਰਦੇ ਐਨਫੀਲਡ ਪਿੱਛੇ ਬੈਠੀ ਸ੍ਰੀਮਤੀ ਬਾਂਸਲ ਨੂੰ ਸਕੂਲੇ ਲਾਹ ਕੇ ਜਦ ਮੈਂ ਤਹਿਸੀਲ ਦਫ਼ਤਰ ਦੀ ਆਪਣੀ ਸੀਟ ਤਕ ਪਹੁੰਚਦਾ ਤਾਂ ਮੈਨੂੰ ਉਹ ਕੁਰਸੀ ਮੇਰੇ ਆਪੇ ਤੋਂ ਛੋਟੀ-ਛੋਟੀ ਰਹਿ ਗਈ ਜਾਪਣ ਲੱਗੀ। ਮੇਰੀ ਇਸ ਭਾਵਨਾਂ ਨੂੰ ਤਾੜਦਿਆਂ ਤਹਿਸੀਲਦਾਰ ਸਹੁਰੇ ਨੇ ਕਈ ਤਰ੍ਹਾਂ ਦੀ ਉੱਥਲ-ਪੁੱਥਲ ਕੀਤੀ ਤੇ ਥੋੜ ਜਿਹੇ ਚਿਰ ਪਿਛੋਂ ਹੀ ਮੈਨੂੰ ਨੈਬ ਦੀ ਕੁਰਸੀ ਤੇ ਬੈਠਦਾ ਕਰ ਦਿੱਤਾ।

ਤਹਿਸੀਲ ਦਫ਼ਤਰ ਦੀ ਕਲਰਕੀ ਦੀਆਂ ਸਾਰੀਆਂ ਬਾਰੀਕੀਆਂ ਤੋਂ ਵਾਕਫ਼ ਹੋਣ ਕਰਕੇ, ਆਪਣੀ ਸਬ-ਤਹਿਸੀਲ ਦੇ ਸਾਰੇ ਕਰਮਚਾਰੀਆਂ ਦੀਆਂ ਤਲਾਵਾਂ ਚੰਗੀ ਤਰ੍ਹਾਂ ਖਿੱਚ ਕੇ ਰੱਖਦਿਆਂ, ਮੈਂ ਸਹਿਜੇ-ਸਹਿਜੇ ਪਾਲ ਦੇ ਸਮਝਾਏ ਸਰਮਾਏਦਾਰੀ ਪ੍ਰਬੰਧ ਅੰਦਰ ਹੁੰਦੇ ਆਮ-ਆਦਮੀ ਦੇ ਸ਼ੋਸ਼ਨ ਦੇ ਵਿਚਾਰਾਂ ਨੂੰ ਬਿਲਕੁਲ ਭੁਲ-ਭੁਲਾ ਗਿਆ। ਉਂਞ ਤਾਂ ਪਹਿਲਾਂ ਵੀ ਮੈਂ ਕਦੀ ਕਿਸਾਨ, ਮਜ਼ਦੂਰ ਜਾਂ ਮੁਲਾਜ਼ਮ ਜਥੇਬੰਦੀ ਬਣਾਕੇ ਸਥਾਪਤੀ ਵਿਰੁਧ ਸੰਘਰਸ਼ ਕਰਨ ਲਈ ਬਹੁਤਾ ਕਸ਼ਟ ਕਦੇ ਨਹੀਂ ਸੀ ਕੀਤਾ, ਫਿਰ ਵੀ ਇਸ ਜਾਰੀ ਲੁੱਟ-ਘਸੁੱਟ ਦੀ ਕਾਗਜ਼ੀ ਸਮਝ ਮੈਨੂੰ ਜ਼ਰੂਰ ਹੈ ਸੀ, ਪਰ ਹੁਣ ਤਾਂ ਹਿੱਸੇ-ਪੱਤੀਆਂ ਦੀ ਵੰਡ ਕਰਦਿਆਂ ਕੋਈ ਐਰਾ-ਗੈਰਾ ਵਿਚਾਰ ਮੇਰੇ ਲਾਗੇ ਕਦੀ ਵੀ ਨਹੀਂ ਸਨ ਢੁਕੇ, ਤੇ ਨਾ ਕਿਸੇ ਪਾਲ-ਪੁਲ ਦੀ ਯਾਦ ਕਦੀ ਲਾਗਿਓਂ ਦੀ ਲੰਘੀ ਸੀ। ਏਥੋਂ ਤੱਕ ਕਿ ਤਹਿਸੀਲ ਦਫ਼ਤਰ ਦੀ ਕਲਰਕੀ ਵੇਲੇ ਦੀਆਂ ਰੁੱਖੀਆਂ ਤੇ ਗਮਗੀਨ ਤਰਕਾਲਾਂ ਓਦੋਂ ਰੰਗੀਨ ਰਾਤਾਂ ਵਿਚ ਬਦਲ ਚੁੱਕੀਆਂ ਸਨ ਜਦੋਂ ਚਾਨਚੱਕ ਹਨੇਰਾ ਪੈਣ ਤੋਂ ਪਹਿਲਾਂ ਕਿਸੇ ਨੇ ਮੇਰੀ ਕੋਠੀ ਦੇ ਬਾਹਰਲੇ ਫਾਟਕ ਤੇ ਲੱਗੀ ਕਾਲ ਬੈੱਲ ਦੀ ਘੰਟੀ ਆ ਖੜਕਾਈ। ਵਿਹੜੇ ਦੀ ਇਕ ਨੁੱਕਰੇ ਭਾਂਡੇ ਮਾਂਜਦੀ ਲਾਜੋ ਝੀਊਰੀ ਦੇ ਉੱਠ ਕੇ ਫਾਟਕ ਖੋਲਦਿਆਂ ਸਾਰ ਕੋਈ ਲੰਮਾ ਪਤਲਾ ਆਕਾਰ ਉਸ ਦੇ ਪਿੱਛੇ-ਪਿੱਛੇ ਅੰਦਰ ਆ ਵੜਿਆ। ਇਕ ਅਜਨਬੀ ਦੇ ਇਸ ਤਰ੍ਹਾਂ ਆ ਧਮਕਣ ਤੇ ਮੇਰੇ ਗੁੱਸੇ ਦਾ ਪਾਰਾ ਸਿੱਖਰ-ਡਿਗਰੀ ਤੇ ਪਹੁੰਚਣ ਹੀ ਵਾਲਾ ਸੀ ਕਿ ਪਾਲ ਦੀ ਵਿਸਰ ਚੁੱਕੀ ਆਵਾਜ਼ ਨੇ ਬਾਹਰਲੀ ਬੈਠਕ ਅੰਦਰ ਟੈਲੀਵੀਜ਼ਨ ਸਾਹਮਣੇ ਪਤਨੀ ਨਾਲ ਅਯਾਸ਼ ਮੁਦਰਾ ਵਿਚ ਵੱਡੇ ਸੋਫ਼ੇ ਤੇ ਬੈਠੇ ਤੋਂ ਮੈਥੋਂ, ਦਰਾਂ ਤੋਂ ਕਾਫ਼ੀ ਪਿਛਾਂਹ ਖਲੋਕੇ, ਬੜੀ ਹਲੀਮੀ ਨਾਲ ਬਿਨਾਂ ਪੁੱਛੇ ਅੰਦਰ ਲੰਘ ਆਉਣ ਦੀ ਕੀਤੀ ਗੁਸਤਾਖੀ ਦੀ ਮੁਆਫ਼ੀ ਮੰਗ ਲਈ। ਉਸ ਦੀ ਲਾਹ-ਪਾਹ ਕਰਨ ਲਈ ਉਠਿਆ ਜਵਾਰਭਾਟਾ, ਭਾਵੇਂ ਪੂਰੀ ਤਰ੍ਹਾਂ ਆਪਣਾ ਕਾਰਜ ਨਾ ਕਰ ਸਕਿਆ ਪਰ 'ਦੱਸ ਕੀ ਕੰਮ ਐ...?' ਦਾ ਨਿੱਕਾ ਜਿਹਾ ਖਰਵਾਂ ਪ੍ਰਸ਼ਨ ਉਸ ਦੀ ਹੇਠੀ ਕਰਨ ਲਈ ਕਾਫ਼ੀ ਕਾਰਗਰ ਸਿੱਧ ਹੋਇਆ।

—'ਦੋ ਘੁੱਟ ਦਾਰੂ ਪੀਣੀ ਐ...'—ਉਸ ਦਾ ਸਿੱਧਾ ਸਪਾਟ ਉੱਤਰ ਸੁਣ ਕੇ ਮੈਂ ਇਸ ਲਈ ਝੰਜੋੜਿਆ ਗਿਆ ਕਿ ਐਨੇ ਵਰ੍ਹਿਆਂ ਤੋਂ ਸ਼ਰਾਬ ਪੀਣ ਦੇ ਆਦੀਆਂ ਨੂੰ ਲੰਮੇ ਹੱਥੀਂ ਲੈਣ ਵਾਲਾ ਪਾਲ, ਹੁਣ ਕਿਸ ਮੂੰਹ ਨਾਲ ਆਪ ਪੀਣ ਲਈ ਮੰਗ ਰਿਹਾ ਸੀ। 'ਅੰਦਰ ਆ ਜਾ' ਸੁਣਦਿਆਂ ਸਾਰ ਉਹ ਦਰਾਂ ਕੋਲ ਪਏ ਪਾਏਦਾਨ ਤੇ ਪਸਰ ਕੇ ਬੈਠ ਗਿਆ। ਮੇਰੇ ਬਾਰ ਬਾਰ ਕਹਿਣ ਤੇ ਵੀ ਉਹ ਦਰਵਾਜ਼ੇ ਵਿਚਕਾਰੋਂ ਉਠ ਕੇ ਸੋਫੇ ਉਤੇ ਤਾਂ ਨਾਹ ਬੈਠਾ ਪਰ ਕਮਰੇ ਅੰਦਰ ਵਿਛੀ ਕਸ਼ਮੀਰੀ ਕਾਲੀਨ ਤੇ ਜ਼ਰੂਰ ਸਰਕ ਗਿਆ।

ਬੈਠਕ ਦੇ ਇਕ ਕੋਨੇ ਅੰਦਰ ਧਰੀ ਕਰੀਮ ਰੰਗ ਦੀ ਵੱਡੀ ਫਰਿਜ 'ਚੋਂ ਵਿਸਕੀ ਦੀ ਬੋਤਲ ਕੱਢ ਕੇ ਸੈਂਟਰ ਟੇਬਲ ਤੇ ਲਿਆ ਰੱਖੀ। ਉਸੇ ਅੰਦਰ ਜਮਾਈ ਬਰਫ਼ ਦੀਆਂ ਨਿੱਕੀਆਂ ਨਿੱਕੀਆਂ ਚੌਰਸ ਟੁਕੜੀਆਂ, ਸ਼ੀਸ਼ੇ ਦੇ ਵੱਡੇ ਗਲਾਸ ਅੰਦਰ ਸੁੱਟ ਕੇ ਇਕ ਭਰਵਾਂ ਜਿਹਾ ਪੈਗ ਮੈਂ ਉਸ ਵੱਲ ਵਧਾਇਆ। ਬੇਸਬਰਿਆ ਵਾਂਗ ਉਸ ਨੇ ਗਲਾਸ ਨੂੰ ਝਬੂਟੀ ਮਾਰੀ ਤੇ ਇਕੋ ਸਾਹੇ ਗਟਾ-ਗੱਟ ਪੀ ਗਿਆ। 'ਹੋਰ' ਪੁੱਛਣ ਤੇ ਉਸਨੇ ਹਲਕਾ ਜਿਹਾ ਝੂਮਦਾ ਸਿਰ 'ਹਾਂ' ਕਰਨ ਲਈ ਚੰਗੀ ਤਰ੍ਹਾਂ ਉਪਰ-ਥੱਲੇ ਹਿਲਾਇਆ। ਦੂਜਾ ਪੈੱਗ ਪੀਂਦਿਆਂ, ਉਸਦੀਆਂ ਧਰਤੀ

ਅੰਦਰ ਗੱਡੀਆਂ ਨਜ਼ਰਾਂ ਪਹਿਲਾਂ ਮੇਰੇ ਚਿਹਰੇ ਤੇ ਆ ਟਿੱਕੀਆਂ ਤੇ ਫਿਰ ਹਲਕੇ ਜਿਹੇ ਖੰਘੂਰੇ ਪਿੱਛੋਂ ਕਮਰੇ ਅੰਦਰ ਸੱਜੀਆਂ ਆਲੀਸ਼ਾਨ ਵਸਤਾਂ ਉਤੋਂ ਦੀ ਤਿਲਕ-ਦੀਆਂ ਪਤਾ ਨਹੀਂ ਕਿੱਧਰ ਗੁਆਚ ਗਈਆਂ ।

ਮੇਰੇ ਦੋ ਚਾਰ ਮਿੰਟ ਕਮਰਿਉਂ ਬਾਹਰ ਜਾ ਕੇ ਮੁੜ ਆਉਣ ਤੱਕ ਉਹ ਪੂਰਾ ਟੱਲੀ ਹੋ ਗਿਆ ਲੱਗਦਾ ਸੀ ਸੱਜੇ ਹੱਥ ਦੀ ਉਂਗਲੀ ਹਿਲਾ-ਹਿਲਾ ਕੇ ਆਪਣੇ ਆਪ ਨਾਲ ਇਉਂ ਗੱਲਾਂ ਕਰ ਰਿਹਾ ਸੀ ਜਿਵੇਂ ਸਾਹਮਣੇ ਬੈਠੀ ਨਵੀਂ ਭਰਤੀ ਦੀ ਸਕੂਲਿੰਗ ਕਰ ਰਿਹਾ ਹੋਵੇ ।

—'ਕੀ ਗੱਲ ਐ ? ਕਾਮਰੇਡ'—ਮੈਂ ਉਸ ਦੀ ਬਿਰਤੀ ਤੋੜਨ ਦਾ ਯਤਨ ਕਰਦਿਆਂ ਆਖਿਆ ।

—'ਸਅ...ਅਬ ਠੀ...ੀਕ ਐ, ਸਾ...ਾ...ਰੇਈ ਸੂਤ ਐ ..ਐ...ਅਨ ਫਿੱਟ...।

—ਕੀ ਠੀਕ ਐ ! ਕੌਣ ਸੂਤ ਐ ! ਕਿਹਦੀ ਗੱਲ ਕਰਦੈਂ ?

—ਐਨ—ਕਲਆ...ਾਬ ਦੀ, ਸਾਲੇ ਕੇ...ੇ... ਸਰ ਦੀ, ਡੀ...ੀ...ਐਸ.ਪੀ. ਦੀ । ਮਾਹ...ਟਰ ਦੀ, ਉਹ...ਹਦੇ ਘਰ ਲਾਲ...ਨ੍ਹੇਰੀ ਪ੍ਰਹ...ਹਚ ਗੀ । ਬਾਰਾਂ ਕਿੱਲਿਆਂ ਆ...ਲੀ ਮਾਹਟਰਨੀ । ਤੇਜੂ ਨੂੰ ਸਰ...ਪੰਚੀ ਚੁੱਕ ..ਕੇ...ਲੈ...ਗਈ !, ਸੈਤੂ...ਕਾਰ ਦਾਰੂ ਕੱਢ... ਕੱਢ ਪੀਂਦਾ ਵੇਚ...ਦਾ । ਤਾ...ਰੀ ਮਰੀ...ਕਾ ਨੱਸ ਗਿਆ । ਰੋਡ...ਬੇਜ਼ੀਆ ਨਾ...ਥੀ ਦਸੀਆਂ...ਪੰਜੀਆਂ ਪਿੱਛੇ ਸੂ ..ਦਾਈ ਹੋ ਗਿਆ । ਤੇ ਉਹ...ਉਹ ਮੇਰਾ ਸਕਾ...ਸਾ...ਲਾ ਪ੍ਰੂਲ...ਤਾਰੀਆ ਸਕੱਤਰ...ਜਨਰਲ ..ਬਰਾੜ, ਹਰਜੀ ਦੀ ਭੈਣ ਨਾਲ ਸ਼ੀਮਲੇ ਤੁ...ਰਿਆ ਫਿਰਦਾ...ਹਨੀਮੂਨ...ਗੁਰੀਲਾ...ਯੁੱਧ... ਬੇਸ ਏਰੀਆ... ਕੈਰੀਅਰ...ਭੈਣ ਦੀ ..।

ਕਿਸੇ ਗਾਲ੍ਹ ਨਾਲ ਕਮਰੇ ਦੀ ਫਿਜ਼ਾ ਨੂੰ ਗੰਦੀ ਹੋਣ ਤੋਂ ਬਚਾਉਣ ਲਈ ਮੈਂ ਛੇਤੀ ਨਾਲ ਉੱਠ ਕੇ ਉਸ ਨੂੰ ਮੋਢਿਓਂ ਫੜ ਕੇ ਹਿਲਾਉਂਦਿਆਂ ਆਖਿਆ—ਕੀ ਹੋ ਗਿਆ ਤੈਨੂੰ ? ਪਾਲ ! ਕਾਮਰੇਡ !!

—ਕੇ...ਅ...ੜਾ ਪਾਲ, ਕੌ...ਅ...ਣ ਕਾਮ... ਰੇਡ ! ਸਾ...ਅੱ...ਭ ਬਕ...ਬਾਸ, ਝੂਠ...ਅਠ, ਸਭ... ਅਭ ਸਾਲਾ ਫੋ...ਅਕਟ । ਮੈਂਅ...ਕੋਅਈ...ਕੜਾ... ਕਾਅਮਰੇਡ...ਨਈਂ...ਕੋਅਈ...ਪਾ...ਾਅਲ...ਸ਼ਾਅਲ ...ਨਈਂ । ਮੈਂਅ...ਤਾਂ...ਘਸੀ...ੀਟ ਪੁਰੀਏ...ਰੁਅਲਦੇ... ਚਮਾ...ਆਰ...ਦਾ ਮੁੰਡਾ...ਭਜਨਾ...ਆਂ ਭਅਜਨਾ । ਮਾਂਆਂ...ਭੈਅਣ...ਭਾਅਈ...ਘਅਰ...ਸਅੱਭ...ਇੰਨਕ ...ਕਲਾਅਬ...ਹੋ ਗਿਆ ਐਨ...ਕਲਾਅਬ । ਆ...ਾ...ਮਰੀਕਾ ...ਰਉ...ਊਸ...ਪਾਅਰਟੀ...ਸ਼ਿਮਅਲਾ...ਕੈਅਰ...ਰੀ...ਅਰ ...ਹਨੀ...ਮਉ...ਊਨ...।

ਪਹਿਲੀ ਵਾਰ ਪੀਤੀ ਦਾ ਬੇ-ਕਾਬੂ ਹੁੰਦਾ ਨਸ਼ਾ ਭਾਂਪ ਕੇ ਉਹ ਅਬਾ-ਤਬਾ ਬੋਲਦਾ ਹਵਾ ਦੇ ਬੁੱਲੇ ਵਾਂਗ ਕਮਰੇ 'ਚੋਂ ਉੱਠਿਆ ਤੇ ਵਿਹੜੇ ਅੰਦਰ ਪੱਸਰੀ ਦੁੱਧੀਆ ਰੌਸ਼ਨੀ ਵਿਚਕਾਰੋਂ ਦੀ ਲੜਖੜਾਉਂਦਾ ਕੋਠੀਓਂ ਬਾਹਰ ਨਿਕਲ ਗਿਆ ।

ਬਾਹਰਲੇ ਫ਼ਾਟਕ ਨੂੰ ਅੰਦਰੋਂ ਜਿੰਦਰਾ ਮਾਰ ਕੇ, ਅੰਦਰ ਵਾਪਸ ਪਰਤਿਆ, ਮੈਂ ਕਿੰਨੀ ਰਾਤ ਗਈ ਤੱਕ ਇਹ ਨਿਰਨਾ ਨਾ ਕਰ ਸਕਿਆ ਕਿ ਸ਼ਾਹ ਕਾਲੀ ਰਾਤ ਦੇ ਹਨੇਰੇ ਨੂੰ ਚੀਰਦਾ ਸਾਥੀ ਪਾਲ ਇਕ ਵਾਰ ਫਿਰ 'ਬਰੂਹਾਂ ਤੇ ਖੜੇ ਇਨਕਲਾਬ' ਨੂੰ ਜੀ ਆਇਆਂ ਕਹਿਣ ਲਈ ਵਸੀਮਾਂ ਟੱਪ ਕੇ ਕਿਧਰੇ ਫਿਰ ਅਲੋਪ ਹੋ ਗਿਆ ਹੈ ਜਾਂ ਘਸੀਟਪੁਰੀਏ ਰੁਲਦੇ ਚਮਿਆਰ ਦਾ ਪੁੱਤਰ ਭਜਨਾ ਪਿਤਾ-ਪੁਰਖੀ ਸੰਦ-ਸੰਦੇੜਾ ਚੁੱਕੀ ਗਲੀ-ਗੁਆਂਢ ਹੋਕਾ ਦਿੰਦਾ ਕਿਸੇ ਨਾਲ ਦੇ ਘਰ ਅੰਦਰ ਜੁੱਤੀਆਂ ਗੰਢਣ ਬੈਠ ਗਿਆ ਹੈ । ੦

ਨਜ਼ਮ

## ਪਾਤਰ ਦਾ ਐਲਾਨ

### ਸੁਰਿੰਦਰ ਮਚਾਕੀ

ਜਦ ਵੀ ਕਦੇ ਇਤਿਹਾਸ ਜਾਂ ਮਿਥਿਹਾਸ
ਦਾ ਜ਼ਿਕਰ ਚਲਦਾ ਹੈ ।
ਤਦ ਇਕ ਪਾਤਰ ਉੱਭਰਦਾ ਹੈ
ਤੇ ਮਾਨ ਨਾਲ ਐਲਾਨ ਕਰਦਾ ਹੈ ।
ਹਾਂ ਮੈਂ ਹੀ ਸਾਂ ।
ਜਿਸ ਗਵਾਲਣਾਂ ਦੀਆਂ ਗਾਗਰਾਂ ਨੂੰ
ਨਿਸ਼ਾਨਾ ਬਣਾਇਆ ਸੀ ।
ਸੋਹਲ ਜਿਹੇ ਸਰੀਰਾਂ
ਨ ਚਾਂਦੀ ਜਿਹਾ ਪਾਣੀ ਵਹਾਇਆ ਸੀ ।
ਕਿਆ ਨਜ਼ਾਰਾ ਸੀ !
ਜੋ ਮੈਂ ਹੀ ਪਾਇਆ ਸੀ ।
ਕਿਸੇ ਹੋਰ ਦੇ ਹਿਸੇ ਨਾ ਆਇਆ ਸੀ ।
ਅੱਜ !
ਸਿਰਫ਼ ਗਾਗਰਾਂ ਹੀ ਨਹੀਂ ਇਜ਼ਤਾਂ ਵੀ
ਨਿਸ਼ਾਨਾ ਬਣਦੀਆਂ ਹਨ ।
ਬਾਂਦੀ ਰਾਜਸੱਤਾ ਵੀ ਉਸੇ ਪਾਤਰ
ਦਾ ਹੀ ਪੱਖ ਕਰਦੀ ਹੈ ਦਮ ਭਰਦੀ ਹੈ ।
ਤੇ ਫਿਰ !
ਨਿਸ਼ਾਨਾ ਬਣੀਆਂ ਇਜ਼ਤਾਂ 'ਚੋਂ
ਇਕ ਮੂਕ ਜਿਹੀ ਵੰਗਾਰ ਉੱਭਰਦੀ ਹੈ
ਕਿ ਕਦ ਤੱਕ
ਗਾਗਰਾਂ ਤੇ ਇਜ਼ਤਾਂ ਨਿਸ਼ਾਨਾ ਬਣਨਗੀਆਂ ?
ਕਦ ਤੱਕ ਜ਼ਬਾਨੀ ਰੋਪੜੀ ਤਾਲੇ ਲਾ
ਖ਼ਾਮੋਸ਼ ਇਹ ਸਭ ਤੱਕੀ ਜਾਵੇਗੀ ?
ਕਦ ਤੱਕ—?!
੦

## ਹੁਣ ਗੁਜ਼ਰ ਨਹੀਂ ਹੋਣਾ.

(ਯੂਰਪ 'ਚੋਂ ਵੇਗ ਫੜ ਰਹੀ ਅਮਨ ਲਹਿਰ ਦੇ ਨਾਂ)

**ਜਸਪਾਲ ਜੱਸੀ**

ਸਕੂਲ ਪੜ੍ਹਦੀ ਬੱਚੀ,
ਖੌਫ਼ ਦੇ ਪ੍ਰਛਾਵਿਆਂ 'ਚ
ਘਿਰੀ ਹੋਈ ਮਾਂ ਤੋਂ ਪੁੱਛਦੀ ਹੈ
"ਅੰਮੀ ! ਭਲਾ ਦੱਸੀਂ, ਨਕਸ਼ੇ 'ਤੇ
ਪੈਰਿਸ, ਬਰਲਨ ਤੇ ਵਾਸ਼ਿੰਗਟਨ ਕਿੱਥੇ ਨੇ ?"
ਮਾਂ, ਖਿੰਡਦੀਆਂ ਨਜ਼ਰਾਂ ਨੂੰ
ਨਕਸ਼ੇ 'ਤੇ ਟਿਕਾਉਣ ਦਾ ਯਤਨ ਕਰਦੀ ਹੈ
ਨਕਸ਼ਾ, ਕਦੇ ਲਹੂ ਦੇ ਸਮੁੰਦਰ ਵਾਂਗ
ਨਜ਼ਰਾਂ ਅੱਗੇ ਫੈਲਦਾ ਹੈ
ਕਦੇ ਖਾਧੇ ਹੋਏ ਮਨੁੱਖੀ ਪਿੰਜਰ ਦੀ
ਢੇਰੀ ਵਾਂਗ ਸੁੰਗੜਦਾ ਹੈ
ਡੁੱਬਦੇ ਜਾ ਰਹੇ ਦਿਲ ਨੂੰ
ਹੱਥ 'ਚ ਥੰਮ੍ਹ ਕੇ ਉਹ
ਲਕੀਰਾਂ 'ਚੋਂ ਪੈਰਿਸ ਦੇ ਨਕਸ਼ ਲੱਭਦੀ ਹੈ
"ਕਿੰਝ ਦੱਸਾਂ; ਪੈਰਿਸ ਕਿਤੇ ਨਹੀਂ ਧੀਏ
ਇਥੇ ਤਾਂ, ਅਪਾਹਜ ਬੰਦਿਆਂ ਦਾ
ਹਜੂਮ ਰੀਂਗਦਾ ਹੈ !
ਕਿੰਝ ਤੱਕੇਂਗੀ ਬੱਚੀਏ
ਮਨਹੂਸ ਨੀਂਦ ਦੀ ਸਿਆਹ ਚਾਦਰ 'ਚ
ਲਿਪਟੇ ਹੋਏ ਬਰਲਨ ਨੂੰ
ਏਥੇ ਤਾਂ ਬੱਸ, ਜਿਸਮਾਂ ਦੀ ਸੁਆਹ
ਤੇ ਹੱਡੀਆਂ ਦੇ ਢੇਰ ਜਾਗਦੇ ਨੇ
ਵਾਸ਼ਿੰਗਟਨ ?!
ਹਾਏ ! ਮੋਏ ਜਿਸਮਾਂ ਨੂੰ ਉਡੀਕਦੀਆਂ
ਕਬਰਾਂ ਤੇ ਗਿਰਜਾ ਵੀ
ਭਸਮ ਹੋ ਗਈਆਂ ?!'
ਬੇਜ਼ਬਾਨ ਹੋਏ ਮੁਜਰਮ ਵਾਂਗ
ਨਜ਼ਰਾਂ ਚੁਰਾਉਂਦੀ
ਉਹ ਬੱਚੀ ਨੂੰ ਦਿਲ ਨਾਲ ਲਾਉਂਦੀ ਹੈ
... ... ...
ਮਹਾਂ ਨਗਰਾਂ 'ਚ
ਘਰਾਂ ਦੇ ਪਰਚਿਆਂ ਪਿੱਛੇ
ਇੰਝ ਹੀ ਕਰੋੜਾਂ ਮਨੁੱਖੀ ਦਿਲ ਪਿਘਲੇ
ਤੇ ਫਿਰ ਪਿਘਲੇ ਦਿਲਾਂ 'ਚੋਂ
ਭਾਫ ਉੱਠੀ
"ਨਹੀਂ ! ਅਸੀਂ ਹੁਣ ਹੋਰ ਨਹੀਂ ਜਰਨਾ
ਖੌਫ਼ ਦੇ ਪ੍ਰਛਾਂਵਿਆਂ ਅੱਗੇ
ਹੀਰੋਸ਼ੀਮਾਂ ਤੇ ਨਾਗਾਸ਼ਾਕੀ ਦੇ ਖੇਤਰਾਂ ਵਾਂਗ
ਝਾਕਦੇ ਬਿਸਤਰਾਂ ਤੋਂ
ਰਸੋਈਆਂ 'ਚ
ਮਨੁੱਖਤਾ ਦੀ ਚਿਖਾ ਵਾਂਗ ਬਲਦੇ
ਗੈਸ ਚੁੱਲ੍ਹਿਆਂ ਤੋਂ
ਡਰਾਉਣੇ ਸੁਪਨਿਆਂ ਦੇ ਸਹਿਮ ਹੇਠ
ਡੁੱਬਦੇ ਦਿਲਾਂ ਨੂੰ, ਹੱਥਾਂ 'ਚ
ਥੰਮ੍ਹਣ ਦੇ ਯਤਨ ਕੀਤਿਆਂ
ਹੁਣ ਗੁਜ਼ਰ ਨਹੀਂ ਹੋਣਾ !"
... ... ...
ਤੇ ਮਨੁੱਖਤਾ ਗਰਜ ਉੱਠੀ ਹੈ
ਖੌਫ਼ ਦੇ ਸਮੁੰਦਰ 'ਚ ਡੁੱਬੇ ਹੋਏ
ਮਹਾਂ ਨਗਰਾਂ 'ਚੋਂ
ਪਿਘਲੇ ਮਨੁੱਖੀ ਜਜ਼ਬਿਆਂ ਦਾ ਲਾਵਾ
ਲਖੂਖਾਂ ਚਿਹਰਿਆਂ ਤੇ ਖੌਲਦੇ
ਰੋਹ ਰੋਹ ਦਾ ਸਮੁੰਦਰ ਬਣ ਰਿਹਾ ਹੈ
"ਕੌਣ ਨੇ ! ਜੋ ਮੌਤ ਦੇ ਬਿਸਤਰ 'ਤੇ ਪਏ
ਸਰਮਾਏ ਦੇ ਬੁੱਚੜ ਦੈਂਤ ਦੀ
ਜਾਨ ਦੀ ਸੁੱਖ ਲਈ
ਸਾਡੇ ਲਹੂ ਦੀਆਂ ਨਦੀਆਂ ਦੀ
ਭੇਟ ਮੰਗਦੇ ਨੇ
ਕੌਣ ਨੇ, ਜੋ ਸਤਾਂ ਸਾਗਰਾਂ ਦੇ ਪਾਣੀ ਨੂੰ
ਮਨੁੱਖੀ ਜਿਸਮਾਂ ਦੀ ਸੁਆਹ 'ਚ
ਸੋਕਣਾ ਚਾਹੁੰਦੇ ਨੇ
ਕੌਣ ਨੇ, ਜੋ ਮਨੁੱਖਤਾ ਤੇ ਉਹਦੀ ਸਿਰਜਣਾ ਨੂੰ
ਨਰਕ ਦੇ ਅਗਨ ਖੂਹਾਂ 'ਚ
ਡੋਬਣਾ ਲੋਚਦੇ ਨੇ
ਅਸੀਂ ਉਨ੍ਹਾਂ ਹੱਥਾਂ ਨੂੰ,
ਜਾਮ ਕਰਕੇ ਰੱਖ ਦਿਆਂਗੇ
ਜੋ ਅਗਨ-ਖੂਹਾਂ ਦੀਆਂ
ਕਤਾਰਾਂ ਦੀ ਗਿਣਤੀ ਲਈ
ਤੇ ਨਰਕ ਦੇ ਬੂਹੇ ਦੀਆਂ
ਚਾਬੀਆਂ ਦੀ ਮਾਲਕੀ ਲਈ
ਝਗੜਦੇ ਨੇ।"
ਪਿਘਲੇ ਮਨੁੱਖੀ ਦਿਲਾਂ ਦੇ
ਰੋਹ ਦਾ ਸਮੁੰਦਰ
ਹੋਰ ਵੱਡਾ, ਹੋਰ ਵੱਡਾ ਹੋ ਰਿਹਾ ਹੈ !
ਵਧੋ ਸਾਥੀਓ ! ਹੋਰ ਉੱਚੇ ਕਰੋ
ਪਿਆਰੀ ਧਰਤ ਦੀ ਢਾਲ ਬਣਨਾ ਲੋਚਦੇ
ਕਰੋੜਾਂ ਤਣੇ ਹੋਏ ਮੁੱਕਿਆਂ ਨੂੰ
ਸੁੱਚੇ ਇਨਸਾਨੀ ਰੋਹ ਦੀ ਧਮਕ ਨੂੰ
ਪੰਜਾਂ ਮਹਾਂਦੀਪਾਂ 'ਚ ਧੜਕਣ ਦਿਓ

ਤਾਂ ਜੋ ਪਤਾ ਲੱਗ ਜਾਵੇ
ਮਨੁੱਖੀ ਜਜ਼ਬਿਆਂ ਦਾ ਮੂਰਛਤ ਹੋਣਾ ।
ਬਹੁਤ ਹਫ ਚੁੱਕੇ ਹਾਂ ਅਸੀਂ
ਕਿਆਮਤ ਦਾ ਚਿੰਨ੍ਹ ਬਣੀਂ
ਘਰ ਦੀ ਹਰ ਸ਼ੈਅ ਤੋਂ ਲੁਕਣ ਲਈ
ਥਾਂ ਲੱਭਣ ਦਾ ਯਤਨ ਕਰਦੇ
ਗੁੰਮ ਸੁੰਮ ਬੇਵਸੀ ਦੀਆਂ ਮੂਰਤਾਂ ਬਣਕੇ
ਇੰਝ ਬਚਿਆ ਨਹੀਂ ਜਾਣਾ
ਕਲੇਜੇ 'ਤੇ ਬੰਬਾਂ ਦੇ ਫਟਣ ਵਾਂਗ ਡਿਗਦੀ
ਕਲਾਕਾਂ ਦੀ ਟਕ ਟੁਕ ਤੇ
ਮਿਜ਼ਾਈਲਾਂ ਦੇ ਮੂੰਹਾਂ ਵਾਂਗ
ਨਿਗਲਣ ਨੂੰ ਆਉਂਦੀਆਂ
ਸੂਈਆਂ ਦੀਆਂ ਨੋਕਾਂ ਤੋਂ
ਸੌਣ-ਕਮਰਿਆਂ 'ਚ
ਕੁੱਲ ਧਰਤ ਦੀਆਂ
ਮਾਵਾਂ, ਭੈਣਾਂ, ਧੀਆਂ ਤੇ ਵਹੁਟੀਆਂ ਨੂੰ
ਪਿਓਆਂ, ਵੀਰਾਂ, ਪੁੱਤਰਾਂ ਤੇ ਹਾਣੀਆਂ ਨੂੰ
ਕਿ ਡੁੱਬਦੇ ਦਿਲਾਂ ਨੂੰ
ਹੱਥਾਂ 'ਚ ਥੰਮ੍ਹਣ ਦਾ ਯਤਨ ਕੀਤਿਆਂ
ਹੁਣ ਗੁਜ਼ਰ ਨਹੀਂ ਹੋਣਾ ।
ਮੌਤ ਦੇ ਬਿਸਤਰ ਤੇ ਪਏ
ਸਰਮਾਏ ਦੈਂਤ ਨੇ
ਜ਼ਿੰਦਗੀ ਦੇ ਸਭਨਾਂ ਅੰਗਾਂ ਦਾ
ਖੇੜਾ ਚੂਸਕੇ
ਬੜਾ ਚਿਰ ਜੀਅ ਲਿਆ ਹੈ
ਮੂਰਛਤ ਹੋ ਰਹੇ ਅੰਗਾਂ ਨੂੰ
ਹਰਕਤ ਦੇਣ ਲਈ
ਹੁਣ ਇਹ, ਸਬੂਤੀ ਮਨੁਖਤਾ ਨੂੰ
ਨਿਗਲ ਜਾਣਾ ਚਾਹੁੰਦਾ ਹੈ
ਇਸ ਤੋਂ ਪਹਿਲਾਂ ਕਿ
ਕੁਝ ਦਿਨ ਦੀ ਉਧਾਰੀ ਜ਼ਿੰਦਗੀ ਖ਼ਾਤਰ
ਇਹ, ਰੁਮਕਦੀਆਂ ਪੌਣਾਂ 'ਤੇ
ਬੰਬਾਂ ਦੇ ਜ਼ਹਿਰ ਦਾ ਟੂਣਾ ਕਰੇ
ਤੇ ਧਰਤੀ ਨੂੰ, ਮਨੁੱਖਤਾ ਦੀ
ਕਬਰ ਵਿਚ ਬਦਲ ਦੇਵੇ
ਆਓ ! ਨਰਕ ਦੇ ਬੂਹੇ ਦੀਆਂ
ਚਾਬੀਆਂ ਦੀ ਮਾਲਕੀ ਖਾਤਰ
ਝਗੜਦੇ ਹੱਥਾਂ ਨੂੰ ਝਟਕ ਦੇਈਏ
ਤੇ ਅਗਨ-ਖੂਹਾਂ ਦੀਆਂ ਕਤਾਰਾਂ ਨੂੰ
ਕੁਬੇਰਾਂ ਦੇ ਲਹੂ 'ਚ ਡੋਬ ਦੇਈਏ !

ਖੌਫ਼ ਦੇ ਪਛਾਵਿਆਂ ਅੱਗੇ
ਗੁੰਮ ਸੁੰਮ ਬੇਵਸੀ ਦੀਆਂ ਮੂਰਤਾਂ ਬਣਕੇ
ਡੁੱਬਦੇ ਦਿਲਾਂ ਨੂੰ ਹੱਥਾਂ 'ਚ
ਥੰਮ੍ਹਣ ਦੇ ਯਤਨ ਕੀਤਿਆਂ
ਹੁਣ ਗੁਜ਼ਰ ਨਹੀਂ ਹੋਣਾ ।
o

## ਠਾਣੇ

ਗੁਰਦਿਆਲ ਦਲਾਲ

ਤੁਸੀਂ ਕਿਵੇਂ ਮੂੰਹ ਚੁੱਕੀ ਅੰਦਰ ਆ ਵੜੇ ?
ਦਿਸਦਾ ਨਹੀਂ ?
ਬਿਲਡਿੰਗ ਦੇ ਬਾਹਰ 'ਠਾਣਾ' ਲਿਖਿਆ ਹੈ ।
ਇਸ ਲਈ ਇਹ 'ਠਾਣਾ' ਨਹੀਂ ।
ਹੋਰ ਅਸੀਂ ਕਿਹੜਾ ਕੌਤਕ ਕਰ ਵਿਖਾਈਏ ?
ਕਿ ਤੁਹਾਡੇ ਜ਼ੰਗ-ਖਾਧੇ ਕਪਾਟ ਖੁੱਲ੍ਹ ਜਾਣ ।
ਤੇ ਤੁਸੀਂ ਸਮਝ ਸਕੋ ਕਿ—
'ਠਾਣਾ' ਕੀ ਹੁੰਦਾ ਹੈ ? ਤੇ 'ਠਾਣੇਦਾਰ' ਕੀ ?
'ਸਿਪਾਹੀ' ਕੀ ਹੁੰਦੇ ਹਨ ? ਤੇ 'ਡਾਕੂ' ਕੀ ?
ਤੁਹਾਨੂੰ ਅਜੇ ਕਦੋਂ ਪਤਾ ਲੱਗੇਗਾ ?
ਕਿ ਸਾਡੇ 'ਮੁਕਾਬਲੇ' 'ਮੁਕਾਬਲੇ' ਹੁੰਦੇ ਹਨ
ਬਾਹਰ ਲੱਗੇ ਬੋਰਡ ਨੂੰ ਬਿਨਾਂ ਦੇਖੇ
ਅੰਦਰ ਲੰਘ ਆਏ ?
ਵੇਖਿਆ ਨਹੀਂ ਉਸ ਉੱਤੇ,
ਇਕ ਅੰਨ੍ਹਾ ਬੁੱਢਾ,
ਇਕ ਸਿਪਾਹੀ ਨੂੰ ਸੜਕ ਪਾਰ ਕਰਵਾ ਰਿਹਾ ਹੈ ।
ਤੇ ਉਸ ਦੇ ਹੇਠ ਲਿਖਿਆ ਹੈ—
'ਪੁਲਸ ਦੀ ਮਦਦ ਕਰੋ
ਪੁਲਸ ਤੁਹਾਡੀ ਮਦਦ ਕਰੇਗੀ ।'
ਪਹਿਲਾਂ ਕੀ ਲਿਖਿਆ ਹੈ ?
ਪਿੱਛੋਂ ਕੀ ਲਿਖਿਆ ਹੈ ?
ਅੰਨ੍ਹੇ ਹੋ ?

ਜੇ ਪੁਲਸ ਦੀ ਮਦਦ ਲਈ,
ਜੇਬ ਖਾਲੀ ਹੈ ਤੁਹਾਡੀ;
ਤਾਂ ਔਹ ਖੂੰਜੇ 'ਚ ਪਏ ਬਾਂਸ ਚੁੱਕੋ ।
ਤੇ ਨਹਿਰ 'ਚ ਥਾਂ-ਥਾਂ ਅਟਕੀਆਂ ਲਾਸ਼ਾਂ ਨੂੰ,
ਠਾਣੇ ਦੀ ਹੱਦ ਟਪਾ ਕੇ ਆਉ ।
ਅਤੇ ਆਪਣੇ ਸ਼ਹਿਰ ਨੂੰ
ਸਾਫ਼-ਸੁਥਰਾ ਰੱਖਣ ਲਈ
ਵੀਹ ਨੁਕਾਤੀ ਪ੍ਰੋਗਰਾਮ ਵਿੱਚ ਹਿੱਸਾ ਪਾਉ ।
ਸਾਡੀ ਜਾਨ ਨੂੰ ਕੋਈ ਇਕ ਕੰਮ ਹੈ ?
ਰਾਤ ਦੇ ਥੱਕੇ ਸਿਪਾਹੀ ਸੁੱਤੇ ਪਏ ਹਨ—
ਸ਼ੋਰ ਨਾ ਕਰੋ ।
ਤੁਹਾਡਾ ਚਹੇਤਾ ਸਿੱਬੂ,

ਜਿਸ ਦੀ ਧੀ ਨੇ ਸ਼ਹਿਰ ਦੇ ਨਾਮੀ 'ਪਤਵੰਤਿਆਂ' ਤੋਂ
ਬਲਾਤਕਾਰ ਕਰਵਾਇਆ।
ਉਹ ਇਥੇ ਹਵਾਲਾਤ ਵਿਚ ਸੁਰਖਿਅਤ ਹੈ।
ਤੇ ਉਸ ਦੀ ਧੀ ਪੁਲਸ ਨੂੰ ਚਕਮਾ ਦੇ ਕੇ
ਫ਼ਰਾਰ ਹੋ ਗਈ ਹੈ।
ਤੁਸੀਂ ਭਲਾ ਕਿਉਂ ਚਿੰਤਾ ਕਰ ਰਹੇ ਹੋ ਉਸਦੀ ?
ਤੁਹਾਡੀਆਂ ਧੀਆਂ-ਭੈਣਾਂ ਤੇ ਠੀਕ ਨੇ !
ਸਹੀ-ਸਲਾਮਤ ਨੇ।
ਫਿਰ ਇਹ ਸ਼ੋਰ ਬਾਰ-ਬਾਰ ਭਲਾ ਕਿਉਂ ?
ਸ਼ਹਿਰ ਦੇ 'ਪਤਵੰਤਿਆਂ' ਵਲ ਉਂਗਲ ਨਾਂ ਕਰੋ।
ਪਤਾ ਨਹੀਂ ? ਉਨ੍ਹਾਂ ਕੋਲ 'ਬਲਾਤਕਾਰੀ ਪਰਮਟ' ਨੇ।
ਤੇ ਸ਼ਹਿਰ ਸਿੱਬ੍ਹ ਦੇ ਨਹੀਂ, ਸਗੋਂ—
ਉਨ੍ਹਾਂ ਦੇ ਮੋਢਿਆਂ ਤੇ ਖੜ੍ਹਾ ਹੈ।
ਖ਼ਬਰਦਾਰ ਰਹੋ।
ਕਾਨੂੰਨ ਦੀ ਉਲੰਘਣਾ ਨਾ ਕਰੋ।
ਪਤਾ ਨਹੀਂ ? ਕਾਨੂੰਨ ਦਾ ਦੂਜਾ ਨਾਉਂ ਮੌਤ ਹੈ।
ਤੇ ਕਾਨੂੰਨ ਮੁਕਾਬਲਾ ਹੈ।
ਤੁਸੀਂ ਬਾਰ-ਬਾਰ ਸਿਪਾਹੀਆਂ ਸਿਰ ਦੋਸ਼ ਨਾ ਮੜ੍ਹੋ।
ਇਕੱਲੀ ਤਨਖ਼ਾਹ ਤੇ ਤੁਸੀਂ ਕਰਦੇ ਹੋ ਗੁਜ਼ਾਰਾ ?
ਕੌਣ ਨਹੀਂ ਸਾਈਡ-ਬਿਜ਼ਨਸ ਕਰਦਾ ?
ਜੇ ਇਨ੍ਹਾਂ ਨੂੰ ਚੋਰੀਆਂ, ਡਾਕੇ ਤੇ ਤੀਵੀਆਂ
ਉਧਾਲਣ ਦੇ ਕੰਮ ਤੋਂ
ਚਾਰ ਪੈਸੇ ਬਚ ਜਾਂਦੇ ਹਨ—
ਤਾਂ ਤੁਸੀਂ ਭਲਾ ਕਿਉਂ ਈਰਖਾ ਵਿਚ ਸੜਦੇ ਹੋ ?
ਕੀ ਇਹ ਤੁਹਾਨੂੰ ਭੁੱਕੀ, ਫੀਮ ਤੇ ਠਰਰੇ ਦੀ ਸਪਲਾਈ ਕਰਕੇ
'ਲੋਕ ਸੇਵਾ' ਨਹੀਂ ਕਰਦੇ ?
ਤੁਹਾਡੇ ਨਾਂ ਪਾਉਣ ਵਾਲੇ ਪਿਸਤੌਲਾਂ ਦੀ
ਕੀਮਤ ਨਹੀਂ ਤਾਰਦੇ ?
ਤੁਸੀਂ ਲਾਲ-ਖਾਕੀ ਵਰਦੀਆਂ ਨੂੰ ਸਲਾਮ ਕਰਨਾ ਸਿੱਖੋ।
ਆਖ਼ਰ ਤੁਸੀਂ ਚਾਹੁੰਦੇ ਕੀ ਹੋ ?
ਪਹਿਲਾਂ ਔਹ ਖੂੰਜੇ 'ਚ ਪਏ ਬਾਂਸ ਚੁੱਕੋ;
ਤੇ ਪੁਲਸ-ਸੇਵਾ ਕਰੋ।
ਫਿਰ ਅਸੀਂ ਲੋਕ ਸੇਵਾ ਕਰਾਂਗੇ।
o

---

## ਚਿੱਟਿਆਂ ਬਸਤਰਾਂ ਵਾਲੇ ਜਲਾਦ

**ਜਗਤਾਰ ਢਾਅ**

ਹਾਂ—ਪੱਤੀ ਪੱਤੀ ਤਾਂ ਵਲੂੰਧਰੀ ਪਈ ਹੈ ਜ਼ਰੂਰ
ਪਰ ਅਸੀਂ ਇਕ ਫੁੱਲ ਦੀ ਨਹੀਂ
ਪੂਰੇ ਗੁਲਸ਼ਨ ਦੀ ਗੱਲ ਕਰਾਂਗੇ।
ਗੋਰੇ ਨਗਰ ਦੇ ਮੇਮਣੇ ਦੇ ਸਿਰ ਵਾਲੇ ਭੇੜੀਏ ਜਦੋਂ
ਸਾਡੀ ਮਾਂ ਦੇ ਜਿਸਮ 'ਚੋਂ ਦੰਦ ਕੱਢੇ
ਤਾਂ ਵਲੂੰਧਰੀਆਂ ਪੱਤੀਆਂ ਦੇ ਜ਼ਖ਼ਮ
ਸਾਡਿਆਂ ਸਰੀਰਾਂ ਦੇ ਅੰਦਰ ਬਾਹਰ ਰਿਸ ਰਹੇ ਸਨ
ਤੇ ਉਸਦੇ ਰੇਸ਼ਮੀ ਹੱਥ
ਸਾਡਿਆਂ ਜ਼ਖ਼ਮਾਂ 'ਚ ਖੁਭੇ ਦਿਸ ਰਹੇ ਸਨ।

ਉਹ ਕਹਿ ਰਿਹਾ ਸੀ—
'ਦੇਖੋ ਤੁਹਾਡੇ ਇਹ ਜ਼ਖ਼ਮ
ਤੁਹਾਡੇ ਅੰਦਰਲਾ ਹੀ ਕੋਹੜ ਹੈ
ਵਰਨਾ ਰੋਗ ਤੁਹਾਨੂੰ ਕਿਹੜਾ ਹੋਰ ਹੈ।'

ਫਿਰ ਉਸਨੇ ਆਪਣੇ ਥੈਲੇ ਵਿਚੋਂ ਕੱਢਕੇ
ਚਾਂਦੀ ਦੇ ਕੁਝ ਕੈਪਸੂਲ
ਸਾਡਿਆਂ ਕੰਨਾਂ ਪਾਸ ਛਣਕਾਏ
ਸਾਡੀਆਂ ਅੱਖਾਂ ਅੰਦਰ
ਆਪਣੇ ਗਿਆਨ ਦੇ ਤੁਪਕੇ ਪਾਏ
ਸਾਡਿਆਂ ਜ਼ਖ਼ਮਾਂ ਉਤੇ
ਆਪਣੇ ਸਿਧਾਂਤ ਦੇ ਤੂੰਬੇ ਲਾਏ
ਤੇ ਦੁੱਧ ਚਿੱਟੇ ਬਸਤਰ ਰੱਖ ਸਾਡੇ ਅੱਗੇ
ਖ਼ੂਨ ਲਿਬੜੇ ਬਸਤਰ ਉਤਾਰਨ ਲਈ ਆਖ
ਸਾਡਿਆਂ ਹੱਥਾਂ 'ਚ ਘੁਗੀਆਂ ਫੜਾ
ਉਹ ਚਲੇ ਗਿਆ।

ਅਸੀਂ ਉਸਦੀ ਦਿਸ਼ਾ ਦੇਖਣ ਲਈ
ਦੌੜਕੇ ਜਾ ਚੜ੍ਹੇ
ਇਤਹਾਸ ਦੇ ਮੁਨਾਰੇ ਉਤੇ
ਤੇ ਦੇਖਿਆ
ਚੁਫੇਰੇ ਜੰਗ ਅੰਦਰ ਭੇੜੀਏ ਤਾਂ ਹਾਰ ਰਹੇ ਸਨ
ਪਰ ਉਹ ਮੇਮਣੇ ਦੇ ਸਿਰ ਵਾਲਾ ਭੇੜੀਆ
ਕਦੀ ਨਹੀਂ ਸੀ ਹਾਰਦਾ
ਹਾਂ ਜਦੋਂ ਵੀ ਹਾਰਨ ਲਗਦਾ ਸੀ
ਛੱਡ ਰਣ-ਭੂਮੀ
ਉਹ ਮੇਜ਼ ਉਤੇ ਜਾ ਸੀ ਚੜ੍ਹਦਾ।

ਇਤਿਹਾਸ ਦੇ ਮੁਨਾਰੇ ਉਤੇ ਖੜ ਅਸੀਂ ਦੇਖਿਆ
ਕਾਲ ਕੋਠੜੀਆਂ ਅੰਦਰ ਸਬੂਤੇ ਰਹਿਣ ਵਾਲੇ
ਕੁਰਸੀਆਂ ਦੇ ਸੁਖ ਅੰਦਰ ਖਰ ਗਏ ਸਨ
ਮੌਤ ਦਾ ਡਰ ਨਾ ਜਿਨ੍ਹਾਂ ਨੂੰ ਕਰ ਸਕਿਆ ਠੰਡੇ
ਉਹ ਨਿੱਜੀ ਖਾਹਿਸ਼ਾਂ ਦੇ ਕੱਕਰ 'ਚ ਮਰ ਗਏ ਸਨ।

ਇਤਿਹਾਸ ਦੇ ਮੁਨਾਰੇ ਉਤੇ ਖੜ੍ਹ ਅਸੀਂ ਦੇਖਿਆ
ਯੁੱਧ ਦੇ ਮੈਦਾਨ 'ਚ ਕਦੀ ਨਾ ਹਾਰਨ ਵਾਲੇ ਯੋਧੇ
ਮੇਜ਼ ਗਿਰਦ ਬੈਠ ਹਾਰ ਰਹੇ ਸਨ
ਸਮਿਆਂ ਦੇ ਸ਼ੈਤਾਨ ਬਾਂਦਰ
ਆਪਣੇ ਹੀ ਭਰਾਵਾਂ ਦੀਆਂ ਲਾਸ਼ਾਂ ਉਤੇ ਪੈਰ ਧਰ ਧਰ
ਬਦਲ ਆਪਣੀ ਮਿੱਟੀ

ਮੁੜ ਆਪਣੇ ਹੀ ਭਰਾਵਾਂ ਨੂੰ ਮਾਰ ਰਹੇ ਸਨ ।

ਅਸੀਂ ਹਾਰੇ ਹੋਏ ਦੁਸ਼ਮਣ ਨੂੰ
ਦੌੜਕੇ ਜਿੱਤ ਦਾ ਝੰਡਾ ਫੜਦਿਆਂ ਦੇਖਿਆ
ਮੋਮਣੇ ਦੇ ਸਿਰ ਵਾਲੇ ਭੇੜੀਏ ਦਾ
ਇਕ ਝੰਡਾ ਉਤਰ
ਉਸਦੀਆਂ ਪੁਤਲੀਆਂ ਹੱਥੀਂ
ਉਸੇ ਦਾ ਹੀ ਨਵਾਂ ਝੰਡਾ ਚੜ੍ਹਦਿਆਂ ਦੇਖਿਆ ।

ਇਸੇ ਲਈ ਹੁਣ ਜਦੋਂ
ਦਿੱਲੀ ਦੇ ਦੇਵੀ ਦੇਵਤਿਆਂ ਦੇ ਮੂੰਹਾਂ 'ਚੋਂ
ਭੇੜੀਏ ਦੀ ਖੌਫ਼ਨਾਕ ਆਵਾਜ਼ ਆਉਂਦੀ ਹੈ
ਤਾਂ ਅਸੀਂ ਸਮਝ ਜਾਂਦੇ ਹਾਂ
ਅਜੇ ਵੀ ਕਿਉਂ ਅੰਗਰੇਜ਼ ਦੀ ਫੌਜ
ਦਿੱਲੀ ਵਲੋਂ
ਸਾਡਿਆਂ ਪਿੰਡਾਂ ਸ਼ਹਿਰਾਂ ਉਤੇ ਧਾਉਂਦੀ ਹੈ

ਸਾਡੇ ਗੁਲਸ਼ਨ ਵਿਚ ਜਦੋਂ ਵੀ
ਵਲੂੰਧਰੀਆਂ ਪੱਤੀਆਂ ਦੀ ਹਾਹਾਕਾਰ ਮਚਦੀ ਹੈ
ਤਾਂ ਦਿੱਲੀ ਦੇ ਤਖ਼ਤ ਉਤੇ ਬੈਠੀ
ਡੈਣ ਹੱਸਦੀ ਹੈ ।
ਸੱਪਾਂ ਦੇ ਚੁੰਮਦੀ ਮੱਥੇ
ਉਹ ਜ਼ੁਲਮ ਦਾ ਦਿਓ ਨਚਾਉਂਦੀ ਹੈ
ਰਾਜ ਭਵਨਾਂ ਦੇ ਗੁੰਬਦਾਂ 'ਚੋਂ
ਬਖਸ਼ਿਸ਼ਾਂ ਦੇ ਫੁਹਾਰੇ ਚਲਾਉਂਦੀ ਹੈ ।

ਪਰ ਨਹੀਂ
ਅਸੀਂ ਉਨ੍ਹਾਂ ਫੁਹਾਰਿਆਂ 'ਚ
ਆਪਣੇ ਰਿਸਦੇ ਜ਼ਖ਼ਮ ਧੋਣ ਲਈ
ਚਿਟਿਆਂ ਬਸਤਰਾਂ ਵਾਲੇ ਜਲਾਦਾਂ ਦੇ ਜਸ਼ਨ ਵਿਚ ਹੋ ਸ਼ਾਮਲ
ਘੁੱਗੀਆਂ ਉਡਾਉਣ ਦੇ ਉਤਸਵ ਵਿਚ ਹਿੱਸਾ ਨਹੀਂ ਲੈਣਾ
ਜਿੰਨ ਸ਼ੇਰਾਂ ਦੇ ਮੂੰਹਾਂ ਵਿਚੋਂ ਡਿਗਦੀ ਝੱਗ ਦੀ ਮਰ੍ਹਮ
ਆਪਣੇ ਜ਼ਖ਼ਮਾਂ ਉਤੇ ਲਾਉਣ ਨਾਲੋਂ
ਕਿਤੇ ਅਰਾਮ ਭਰਿਆ ਹੈ ਮੇਰੇ ਯਾਰੋ
ਪਸ਼ੂਆਂ ਵਾਂਗੂੰ
ਇਕ ਦੂਜੇ ਦੇ ਜ਼ਖ਼ਮ ਚੱਟ ਚੱਟ
ਪੀੜ ਘੱਟ ਕਰਦਿਆਂ ਰਹਿਣਾ ।

ਹਾਂ—ਪੱਤੀ ਪੱਤੀ ਤਾਂ ਵਲੂੰਧਰੀ ਪਈ ਹੈ ਜ਼ਰੂਰ
ਪਰ ਅਸੀਂ ਇਕ ਫੁੱਲ ਦੀ ਨਹੀਂ
ਪੂਰੇ ਗੁਲਸ਼ਨ ਦੀ ਗੱਲ ਕਰਾਂਗੇ ।
o

---

## ਸੰਗੀ ਸਾਥੀ ਸਿੱਖ

### ਹਰਜੀਤ ਚੌਧਰੀਆ

ਅੱਜ ਦੀ ਨਵੀਨ ਸੋਚ ਰਲ ਵਿਗਿਆਨ ਦੋਵੇਂ
ਕਰਨ ਕਿਆਸ ਨਿਰਨਾਂ ਸਮਾਜਕ ਵਿਕਾਸ ਦਾ—
ਅੱਜ ਵੀ ਸਮਾਜ ਬਹੁਤ ਸਾਰਾ
ਮਨੂ-ਸਿਮਰਤੀ ਜੁਗਾੜ ਵਿਚ ਜਕੜਿਆ—
ਜ਼ਾਤੀ-ਪਾਤੀ-ਅਭਿਮਾਨੀ
ਰੂੜ੍ਹੀਵਾਦੀ ਪੱਖ਼ਪਾਤੀ, ਧੂੰਆਂ-ਰੋਲ ਹੈ ਰਿਹਾ—
ਪਰ ਸਿੱਖ ਤਾਂ ਵਿਚਾਰ ਸੀ ਸਿੰਘ 'ਹਥਿਆਰ' ਸੀ
ਸਭੇ ਸਾਂਝੀਵਾਲ ਸਦਾਣ ਦਾ—
ਵਿਚਾਰ ਤੇ ਹਥਿਆਰ ਦੋਵੇਂ
ਲੋਕ-ਹਿੱਤ ਪੂਰਦੇ—
ਭਗਤੀ ਸ਼ਕਤੀ ਸੰਗਤ ਪੰਗਤ
ਸ਼੍ਰੀ ਰੂਪ ਓਦੋਂ ਦੇ ਸਾਂਝੀਵਾਲ ਦਾ
ਸਿੱਖ ਕੋਈ ਜਾਤ ਨਾ ਸਿੱਖ ਕੋਈ ਜਮਾਤ ਨਾ
ਸਭਨਾਂ 'ਚ ਇਕੋ ਲਹੂ
ਸਭੇ ਕਰਨ ਕਿਰਤ ਸੱਚੀ ਦਸਾਂ ਨੌਹਾਂ ਦੀ—
ਦੇਣ ਦਸਵੰਧ ਸਭੇ ਸਰਬੱਤ ਦੇ ਭਲੇ ਲਈ
ਆਪਣੇ ਖ਼ੂਨ ਪਸੀਨੇ ਦੀ ਕਿਰਤ ਚੋਂ
ਪਰ ਅੱਜ ਆਪਮਤੇ ਨਾਮਧਰੀਕ 'ਸਿੱਖ ਆਗੂ'
ਹੋਏ ਖ਼ੁਦ ਜਾਤੀਪਾਤੀ ਵੱਖਵਾਦੀ ਤਰ੍ਹਾਂ ਤਰ੍ਹਾਂ ਦੇ—
ਕਰਨ ਉੱਲੂ ਸਿੱਧਾ ਰਾਜਸੱਤਾ ਹਥਿਆਣ ਦਾ,
ਜਾਂ ਸਾਂਝ-ਭਿਆਲੀ ਪਾਣ ਦਾ—
ਵੱਖ ਵੱਖ ਜਾਤਾਂ-ਕੁਜਾਤਾਂ ਵਿਚ ਵੰਡਿਆ
ਧਰਮ ਤੇ ਕਰਮ ਨੂੰ
ਮਜ਼ਹਬੀ ਸਿੱਖ, ਜੱਟ ਸਿੱਖ, ਸਿੱਖ ਰਵਦਾਸੀਏ
ਅਰੋੜੇ ਸਿੱਖ, ਰਾਮਗੜ੍ਹੀਏ ਸਿੱਖ, ਸਿੱਖ ਰਾਮਦਾਸੀਏ
ਨਾਮਧਾਰੀ ਸਿੱਖ, ਰਹਿਤੀਏ ਸਿੱਖ, ਸਿੱਖ ਖੱਤਰੀ
ਨਾਈ ਸਿੱਖ, ਨਿਰਮਲੇ ਸਿੱਖ, ਸਿੱਖ ਟਾਂਕ ਛੱਤਰੀ—
ਵੱਨ-ਸਵੰਨਾ ਸ਼ਾਵਨਵਾਦ, ਭੇਦਭਾਵ
ਹੋਰ ਪਤਾ ਨੀ ਸਿੱਖ ਕਿਹੜੀ ਕਿਹੜੀ ਭਾਂਤ ਦੇ—
ਫੋਕਾ ਰੋਬ, ਫੋਕੀ ਹੈਂਕੜ, ਫੋਕਾ ਮਾਣ
ਵੱਡਾਪਣ ਮੱਲੋਮੱਲੀ ਦਾ—
ਬਣ ਕਾਰਮੁਖਤਿਆਰ ਡੈਣ ਰੂਪੀ ਮਾਇਆ ਦੇ
ਬੈਠ ਪਲੀਤ ਕਪਟੀ ਧਨਪਤੀ ਗੱਦਿਆਂ 'ਤੇ
ਕਰਨ ਰੱਖਿਆ ਹੰਕਾਰੀ ਮਲਕ ਭਾਗੋਆਂ ਦੀ
ਕਰਨ ਕਤਲਿਆਮ ਲਾਲੋਆਂ, ਧੰਨਿਆਂ ਦਾ ਬੇਫ਼ਿਕਰ ਹੋ ਕੇ
ਕੀ ਇਹ ਅਪਮਾਨ ਨੀ ਗੁਰ-ਮਰਿਯਾਦਾ ਦਾ-??
ਹੁੰਦੇ ਕੁਝ ਸਮੇਂ ਦੇ ਅਪਣੇ ਢੰਗ
ਹਰ ਸਵਾਲ ਹੱਲ ਕਰਨ ਦੇ—
ਪਹਿਲਾਂ ਤਾਂ ਪੁੱਟਣੀ ਪਊ
ਕੰਡਿਆਲੀ ਵਾੜ ਜਾਤਾਂ-ਕੁਜਾਤਾਂ ਦੀ—
ਪਾ ਕੇ ਮੁਕਤੀ ਗਲਤ ਕੀਮਤਾਂ ਤੋਂ
ਪਾਉਣੀ ਪਊ ਸਾਂਝ ਰੋਟੀ-ਬੇਟੀ ਦੀ—
ਬਣ ਰੰਗਰੇਟੇ ਲਿਆਉਣੀ ਪਊ
ਤਬਦੀਲੀ ਸਮਾਜ ਉੱਚੇ-ਨੀਵੇਂ ਵਿੱਚ—
ਤਾਂ ਪਊ ਬੁੱਧ-ਬਲ-ਗੈਰਤ-ਪਿਆਰ
ਜਜ਼ਬਾ ਸਮੂਹਕ ਵਿਕਾਸ ਦਾ—
ਸਰਬ ਸਾਂਝੀ ਦੁਨੀਆਂ ਵਿਚ ਵਿਚਰਨਾ
ਕੌਮ ਮੁਲਕ ਦੀਆਂ ਹੱਦਾਂ ਤੋਂ ਪਾਰ ਵੀ—
ਵਿਸ਼ਾਲ ਅਨਭਵੀ ਸਿੱਖ
ਸੱਜਣ-ਸੰਗੀ-ਸਾਥੀ ਸਦਾਊ ਫੇਰ ਹੀ
o

# ਹਰ ਇਕ ਨੂੰ ਜੀਣ ਦਾ ਹੱਕ ਚਾਹੀਦੈ

- ਗੁਰਸ਼ਰਨ ਸਿੰਘ

ਪਾਤਰ :

ਇਕ ਮੁੱਖ ਸੂਤਰਧਾਰ, 1-2-3-4 ਉਹਦੇ ਸਹਾਇਕ, ਇਕ ਤੇ ਦੋ—ਜੋ ਚਾਰ ਝਾਕੀਆਂ ਵਿਚ ਵੱਖ ਵੱਖ ਰੂਪ ਵਿਚ ਆਂਦੇ ਹਨ

ਸੂਤਰਧਾਰ : (ਸਹਾਇਕਾਂ ਸਮੇਤ ਅਗੇ ਆਕੇ) ਅਸੀਂ ਹਿੰਦੁਸਤਾਨ ਦੇ ਸਾਧਾਰਨ ਸ਼ਹਿਰੀ ਹਾਂ।

1. ਖੇਤਾਂ ਵਿਚ ਕੰਮ ਕਰਨ ਵਾਲੇ।
2. ਫੈਕਟਰੀਆਂ ਵਿਚ ਕੰਮ ਕਰਨ ਵਾਲੇ।
3. ਦਫ਼ਤਰਾਂ ਵਿਚ ਕੰਮ ਕਰਨ ਵਾਲੇ।
4. ਦੁਕਾਨਾਂ 'ਚ ਕੰਮ ਕਰਨ ਵਾਲੇ।

ਸੂਤਰਧਾਰ : ਕੀ ਸਾਨੂੰ ਜੀਣ ਦਾ ਹੱਕ ਚਾਹੀਦੈ ?

ਇਕੱਠੇ : ਹਾਂ ਸਾਨੂੰ ਜੀਣ ਦਾ ਹੱਕ ਚਾਹੀਦੈ।

ਸੂਤਰਧਾਰ : ਇਹ ਹੱਕ ਕੌਣ ਖੋਹ ਰਿਹਾ ਏ ?

1. ਸਰਕਾਰ ਚਲਾਉਣ ਵਾਲੇ।
2. ਇਨਸਾਫ਼ ਦੀਆਂ ਕਚੈਹਰੀਆਂ ਚਲਾਉਣ ਵਾਲੇ।
3. ਅਮਨ ਦੇ ਰਾਖੇ, ਥਾਣੇ ਚਲਾਉਣ ਵਾਲੇ।
4. ਧਰਮ ਦੇ ਨਾਂ ਵਪਾਰ ਚਲਾਉਣ ਵਾਲੇ।

ਸੂਤਰਧਾਰ : (ਵਾਰੀ ਵਾਰੀ) ਸਰਕਾਰ ਤੁਹਾਡੇ ਹੱਕ ਕਿਸ ਤਰ੍ਹਾਂ ਖੋਹ ਰਹੀ ਏ ?

1. ਕਾਲੇ-ਕਾਨੂੰਨ ਬਣਾ ਕੇ।

ਸੂਤਰਧਾਰ : ਕਚੈਹਰੀ ਤੁਹਾਡੇ ਹੱਕ ਕਿਸ ਤਰ੍ਹਾਂ ਖੋਹ ਰਹੀ ਏ ?

2. ਬੇਗੁਨਾਹਾਂ ਨੂੰ ਸਜ਼ਾ ਦੇਕੇ, ਗੁਨਾਹਗਾਰਾਂ ਨੂੰ ਬਰੀ ਕਰਕੇ।

ਸੂਤਰਧਾਰ : ਥਾਣੇ ਵਾਲੇ ਤੁਹਾਡੇ ਹੱਕ ਕਿਸ ਤਰ੍ਹਾਂ ਖੋਹ ਰਹੇ ਨੇ ?

3. ਝੂਠੇ ਕੇਸ ਬਣਾਕੇ, ਲੁਚਿਆਂ ਬਦਮਾਸ਼ਾਂ ਨੂੰ ਪਨਾਹ ਦੇ ਕੇ।

ਸੂਤਰਧਾਰ : ਧਰਮਾਂ ਵਾਲੇ ਤੁਹਾਡੇ ਹੱਕ ਕਿਸ ਤਰ੍ਹਾਂ ਖੋਹ ਰਹੇ ਨੇ ?

4. ਮਾਸੂਮਾਂ ਦਾ ਕਤਲ ਕਰਵਾਕੇ, ਦੰਗੇ ਕਰਵਾਕੇ, ਭਰਾ ਭਰਾ 'ਚ ਨਫ਼ਰਤ ਫੈਲਾ ਕੇ।

ਸੂਤਰਧਾਰ : ਇਸਦਾ ਨਤੀਜਾ ਕੀ ਹੋ ਰਿਹੈ ?

1. ਦੇਸ਼ ਵਿਚ ਬਦਅਮਨੀ ਫੈਲ ਰਹੀ ਏ।
2. ਵਪਾਰ ਠੱਪ ਹੋ ਰਹੇ ਨੇ।
3. ਬੇਕਾਰੀ ਫੈਲ ਰਹੀ ਏ।
4. ਮਹਿੰਗਾਈ ਸਿਖਰਾਂ ਛੂਹ ਰਹੀ ਏ।
1. ਆਪਾ ਧਾਪੀ ਪਈ ਏ।
2. ਕੋਈ ਕਿਸੇ ਦਾ ਦੁੱਖ ਨਹੀਂ ਵੰਡਾਉਂਦਾ।
3. ਭਰਾ ਦਾ ਭਰਾ ਦੁਸ਼ਮਣ ਬਣ ਰਿਹਾ ਏ।
4. ਗਵਾਂਢੀ ਦਾ ਇਤਬਾਰ ਨਹੀਂ।
1. ਘਰੋਂ ਨਿਕਲੋ ਤਾਂ ਪਤਾ ਨਹੀਂ ਵਾਪਸ ਆਉਣਾ ਹੈ ਕਿ ਨਹੀਂ।
2. ਕੋਈ ਪਿਸਤੌਲ ਵਿਖਾਕੇ ਸਕੂਟਰ ਖੋਹ ਲਏ।
3. ਕੋਈ ਚਾਕੂ ਮਾਰਕੇ ਘਾਇਲ ਕਰ ਦੇ।
4. ਕੋਈ ਬਸੋਂ ਉਤਾਰਕੇ ਉਂਝ ਹੀ ਮਾਰ ਦੇ।
1. ਕੀ ਇਹ ਕੋਈ ਜੀਣਾ ਏ ?
2. ਕੀ ਇਸ ਜੀਣ ਵਿਚ ਕੋਈ ਹੱਜ ਏ ?
3. ਕੀ ਇਸ ਜੀਣ ਵਿਚ ਕੋਈ ਸੁਆਦ ਏ ?
4. ਕੀ ਇਹ ਜੀਣ ਦਾ ਦਸਤੂਰ ਏ ?

ਸੂਤਰਧਾਰ : ਫੇਰ ?

ਇਕੱਠੇ : ਸਾਨੂੰ ਕੁਝ ਕਰਨਾ ਚਾਹੀਦੈ।

ਸੂਤਰਧਾਰ : ਕਿਉਂ ? ਦਸ ਸਕੋਗੇ ?

1. ਸਾਨੂੰ ਜੀਣ ਦਾ ਹੱਕ ਚਾਹੀਦੈ।
2. ਤੁਹਾਨੂੰ ਜੀਣ ਦਾ ਹੱਕ ਚਾਹੀਦੈ।
3. ਹਰ ਇਕ ਨੂੰ ਜੀਣ ਦਾ ਹੱਕ ਚਾਹੀਦੈ।
4. ਸਭ ਨੂੰ ਜੀਣ ਦਾ ਹੱਕ ਚਾਹੀਦੈ।

ਸੂਤਰਧਾਰ : ਆਓ ਫੇਰ ਹੱਕ ਦੀ ਗੱਲ ਛੋਹੀਏ।

ਇਕੱਠੇ : ਤੁਹਾਨੂੰ ਇਕ ਨਾਟਕ ਵਿਖਾਈਏ
ਜੋ ਸੱਚ ਹੈ ਉਹ ਪ੍ਰਤੱਖ ਹੰਢਾਈਏ।

(ਸੂਤਰਧਾਰ ਇਕ ਪਾਸੇ ਤੇ ਬਾਕੀ ਦੂਜੇ ਪਾਸੇ ਹੋ ਜਾਂਦੇ ਹਨ। ਦਰਮਿਆਨ ਇਕ ਟ੍ਰੈਫ਼ਿਕ ਸਿਪਾਹੀ ਤੇ ਇਕ ਨੁੱਕਰ ਵਿਚ ਖੜੀਆ ਰਿਕਸ਼ਾ ਵਾਲਾ)

ਸੂਤਰਧਾਰ : ਇਹ ਇਕ ਚੌਕ ਹੈ, ਟਰੈਫਿਕ ਦਾ ਸਿਪਾਹੀ ਖੜਾ ਹੈ। ਟਰੈਫਿਕ ਦੀ ਸਹੂਲਤ ਲਈ ਲਾਲ ਹਰੀਆਂ ਬੱਤੀਆਂ ਲਗੀਆਂ ਹਨ। ਪਰ ਇਹਨਾਂ ਬੱਤੀਆਂ ਦੀ ਕੋਈ ਪ੍ਰਵਾਹ ਨਹੀਂ ਕਰ ਰਿਹਾ। ਕਾਰ ਲੰਘ ਗਈ ਹੈ, ਮੋਟਰ ਸਾਈਕਲ ਲੰਘ ਗਿਆ, ਸਕੂਟਰ ਲੰਘ ਗਿਆ। ਉਹ ਲਾਲ ਬੱਤੀ ਹੋਣ ਤੇ ਵੀ ਲੰਘ ਗਏ ਨੇ, ਪਰ (ਇਸ ਸਾਰੇ ਦਰਮਿਆਨ ਸਿਪਾਹੀ ਦੇ ਮੂਕ ਐਕਸ਼ਨ ਹਨ।) ਟਰੈਫਿਕ ਸਿਪਾਹੀ ਕੁਝ ਨਹੀਂ ਕਰ ਸਕਿਆ। ਪਰ, ਉਹ ਖਿੱਝ ਰਿਹਾ ਏ। ਆਪਣੀ ਖਿੱਝ ਕਿਸਤੇ ਕੱਢੇ ? ਉਹ ਇਕ ਗਰੀਬ ਰਿਕਸ਼ਾ ਵਾਲਾ ਦਿਸ ਪਿਆ ਹੈ

ਇਹ ਨਾਟਕ 11 ਦਸੰਬਰ ਨੂੰ ਅੰਮ੍ਰਿਤਸਰ ਅਤੇ 25 ਦਸੰਬਰ ਨੂੰ ਦੇਸ਼ ਭਗਤ ਹਾਲ ਜਲੰਧਰ ਵਿਚ ਬੜੀ ਸਫਲਤਾ ਨਾਲ ਖੇਡਿਆ ਗਿਆ

ਅਪਣੀ ਰਿਕਸ਼ਾ ਇਕ ਪਾਸੇ ਖੜ੍ਹੀ ਕਰਕੇ ਸਾਫ਼ ਕਰ ਰਿਹਾ ਹੈ—ਭਈਆ ਹੈ, ਪ੍ਰਦੇਸ਼ ਵਿਚ ਰੁਜ਼ਗਾਰ ਕਮਾਉਣ ਆਇਆ ਹੈ, ਕਾਨੂੰਨ ਦੇ ਰਖਵਾਲਿਆਂ ਲਈ ਇਸ ਤੋਂ ਵੱਧ, ਸੌਖਾ ਸ਼ਿਕਾਰ ਕੀ ਹੋ ਸਕਦਾ ਹੈ ?

(ਸਿਪਾਹੀ ਉਸ ਵਲ ਜਾਂਦਾ ਹੈ)

ਸਿਪਾਹੀ : ਓਏ ਸੂਰ ਦਿਆ ਪੁੱਤਰਾ, ਇਹ ਮਾਂ ਆਪਣੀ ਨੂੰ ਇਥੇ ਕਿਉਂ ਖੜਾ ਕੀਤਾ ਏ ?

ਭਈਆ : ਹਜ਼ੂਰ ਸਵਾਰੀ ਕੀ ਇੰਤਜ਼ਾਰ ਕਰੇ ਹੈਂ।

ਸਿਪਾਹੀ : ਓਏ ਇਹ ਜਗ੍ਹਾ ਖੜੀ ਕਰਨ ਵਾਲੀ ਏ ? ਸਾਰਾ ਟਰੈਫਿਕ ਰੋਕ ਲਿਆ ਏ। (ਇਕ ਮਾਰਦਾ ਹੈ)

ਭਈਆ : ਹਜ਼ੂਰ ਹਮ ਤੋ ਸੜਕ ਕੇ ਏਕ ਤਰਫ਼ ਖੜਾ ਹੈ।

ਸਿਪਾਹੀ : ਸਾਲਾ ਅਗੋਂ ਬੋਲਦਾ ਹੈ (ਇਕ ਹੋਰ ਮਾਰਦਾ ਹੈ)

ਭਈਆ : (ਚੀਕਕੇ) ਮਾਰ ਦੀਆ ਹਜ਼ੂਰ, ਬੇਕਸੂਰ ਕੋ ਮਾਰ ਦੀਆ।

ਸਿਪਾਹੀ : ਸਾਲਾ ਬੇਕਸੂਰ ਦਾ (ਇਕ ਹੋਰ ਮਾਰਦਾ ਹੈ)

ਭਈਆ : ਜ਼ੁਲਮ ਕਰਤੇ ਹੈਂ ਹਜ਼ੂਰ।

ਸਿਪਾਹੀ : ਸਾਲਾ ਜ਼ੁਲਮ ਦਾ (ਇਕ ਹੋਰ ਮਾਰਦਾ ਹੈ).

(ਚਾਰੇ ਆਪਸ ਵਿਚ ਗਲਾਂ ਕਰਦੇ ਹਨ)

1. ਐਂਵੇ ਗਰੀਬ ਮਾਰ ਕਰ ਰਿਹਾ ਏ।
2. ਇਹਨਾ ਦਾ ਕੰਮ ਹੀ ਇਹੋ ਏ।
3. ਜੇ ਭਈਅ ਰੁਪਿਆ ਤਲੀ ਤੇ ਰੱਖ ਦੇਂਦਾ ਤਾਂ ਬੱਚ ਜਾਂਦਾ।
4. ਰੁਪਏ ਦੀ ਗੱਲ ਛੱਡ, 'ਹੁਣ ਤਾਂ ਪੰਜ ਤੋਂ ਘੱਟ ਗੱਲ ਹੀ ਨਹੀਂ।
1. ਪੰਜਾਂ ਨਾਲ ਕੀ ਬਣਦੈ ?
2. ਮਹਿੰਗਾਈ ਲੱਕ ਤੋੜ ਰਹੀ ਏ।
3. ਪਿਆਜ਼ ਦੇਖੋ 3 ਰੁਪਏ ਕਿਲੋ।
4. ਆਟਾ $2\frac{1}{2}$ ਰੁਪਏ ਕਿਲੋ।
1. ਦੁੱਧ $3\frac{1}{2}$ ਰੁਪਏ ਕਿਲੋ।
2. ਹੋਰ ਤੇ ਹੋਰ ਚਾਹ ਦਾ ਕੱਪ 60 ਪੈਸੇ।
3. ਕੋਈ ਖਾਏ ਤਾ ਕੀ ਖਾਏ ?
4. ਕੋਈ ਪੀਏ ਤਾ ਕੀ ਪੀਏ ?

(ਭਈਏ ਨੂੰ ਮਾਰ ਪੈਂਦੇ ਹੀ ਚੀਕ ਨਿਕਲਦੀ ਹੈ)

1. (ਭਈਏ ਵਲ ਧਿਆਨ ਕਰਕੇ) ਪਰ ਉਸ ਗ਼ਰੀਬ ਨੂੰ ਖਾਮਖਾਹ ਮਾਰ ਪੈ ਰਹੀ ਏ।
2. ਆਓ ਉਸ ਦੀ ਮਦਦ ਕਰੀਏ, ਉਸਨੂੰ ਛੁਡਵਾਈਏ।
3. ਉਹਨੂੰ ਛੁਡਵਾਈਏ ਤਾਂ ਆਪ ਮਾਰ ਖਾਈਏ ?
4. ਅਸੀਂ ਕੋਈ ਮੂਰਖ ਹਾਂ ?
3. ਭਰ੍ਹਾ ਬਾਲ ਬੱਚਿਆਂ ਵਾਲੇ ਹਾਂ
4. ਟੱਬਰ ਵਿੱਚ ਇਕੱਲੇ ਕਮਾਉਣ ਵਾਲੇ ਹਾਂ, ਦਿਹਾੜੀ ਮਰ ਜਾਏ ਭੁੱਖੇ ਮਰ ਜਾਈਏ
1. 2 (ਇਕੱਠੇ) ਇਹ ਤਾਂ ਠੀਕ ਹੈ।
3. ਚਲ ਬਈ ਦੇਰ ਹੋ ਰਹੀ ਏ।
4. ਅ ਹੋ ਟੀ. ਵੀ. ਦਾ ਟਾਈਮ ਹੋ ਰਿਹਾ ਏ।
1. ਤੁਸੀਂ ਟੀ. ਵੀ. ਦੀ ਗੱਲ ਕੀਤੀ, ਮੈਨੂੰ ਯਾਦ ਆਇਆ ਅੱਜ ਪਾਕਿਸਤਾਨ ਤੋਂ ਡਰਾਮਾ ਆਉਣਾ ਏ।
2. ਬਈ ਡਰਾਮਾ ਪਾਕਿਸਤਾਨ ਦਾ।
3. ਆਪਣਿਆਂ ਨੂੰ ਡਰਾਮਾ ਕਰਨਾ ਕਿਥੋਂ ਆਉਂਦਾ ਏ ?
4. ਸਫ਼ਾਰਸ਼ੀ ਸਾਰੇ ਇਕੱਠੇ ਹੋਏ ਨੇ।

(ਮਾਰਨ ਦੀ ਆਵਾਜ਼)

ਇਕੱਠੇ. ਦੇਖੋ ਕਿੰਨੀ ਬੇਰਹਿਮੀ ਨਾਲ ਮਾਰ ਰਿਹਾ ਏ।

(ਸਿਪਾਹੀ ਉਨ੍ਹਾਂ ਵੱਲ ਆਂਦਾ ਹੈ ਉਹ ਪਿੱਠ ਕਰ ਲੈਂਦੇ ਹਨ-ਭਈਆ ਇਕ ਪਾਸੇ ਤੇ ਸਿਪਾਹੀ ਦੂਜੇ ਪਾਸੇ ਨਿਕਲ ਜਾਂਦਾ ਹੈ)

ਸੂਤਰਧਾਰ : ਜਿਸਨੂੰ ਸ਼ਰੇਆਮ ਕੁੱਟਿਆ ਗਿਆ ਕੀ ਉਹ ਪ੍ਰਦੇਸ਼ ਤੋਂ ਮਾਰ ਖਾਣ ਆਇਆ ਏ ? ਕੋਈ ਨਹੀਂ, ਜੋ ਉਹਦੀ ਮਦਦ ਕਰਦਾ, ਸਾਨੂੰ ਪਿਆਜ਼ ਦੀ ਮਹਿੰਗਾਈ ਦੀ ਯਾਦ ਆ ਸਕਦੀ ਹੈ, ਪਾਕਿਸਤਾਨ ਦਾ ਡਰਾਮਾ ਯਾਦ ਆ ਸਕਦਾ ਹੈ, ਪਰ ਸਾਡੇ ਸਾਹਮਣੇ ਜੋ ਜੀਂਦਾ ਡਰਾਮਾ ਹੋ ਰਿਹਾ ਏ, ਉਸ ਤੋਂ ਅਸੀਂ ਅੱਖਾਂ ਬੰਦ ਕੀਤੀਆਂ ਨੇ। ਅਸੀਂ ਭੁੱਲ ਗਏ ਹਾਂ।

(ਚਾਰੇ ਮੁੜਕੇ)

1. ਉਹਦਾ ਦੁੱਖ ਸਾਡਾ ਦੁੱਖ ਏ।
2. ਉਹਦੀ ਪੀੜ ਸਾਡੀ ਪੀੜ ਏ।
3. ਜੋ ਉਹਦੇ ਨਾਲ ਹੁਣ ਹੋ ਰਿਹੈ, ਰਾਤ ਸਾਡੇ ਨਾਲ ਹੋ ਸਕਦੈ।
4. ਜੋ ਉਹਦੇ ਨਾਲ ਅੱਜ ਹੋ ਰਿਹੈ, ਕਲ ਸਾਡੇ ਨਾਲ ਹੋ ਸਕਦੈ।
1. ਇਹਨੂੰ ਜੀਣ ਦਾ ਹੱਕ ਚਾਹੀਦੈ।
2. ਸਾਨੂੰ ਜੀਣ ਦਾ ਹੱਕ ਚਾਹੀਦੈ।
3. ਤੁਹਾਨੂੰ ਜੀਣ ਦਾ ਹੱਕ ਚਾਹੀਦੈ।
4. ਸਭ ਨੂੰ ਜੀਣ ਦਾ ਹੱਕ ਚਾਹੀਦੈ।

ਸੂਤਰਧਾਰ : ਇਹ ਸਾਡੇ ਨਾਟਕ ਦੀ ਪਹਿਲੀ ਝਾਕੀ।

ਇਕੱਠੇ : ਜ਼ਿੰਦਗੀ ਦਾ ਨਕਸ਼ਾ ਜੋ ਹੋਇਆ ਟਾਕੀਓਂ ਟਾਕੀ।

ਸੂਤਰਧਾਰ : ਇਹ ਚੀਕਾਂ ਦੀ ਆਵਾਜ਼ ਸੁਣ ਰਹੇ ਹੋ ? ਇਹ ਦੌੜੀ ਹੋਈ ਘਰ ਦੀ ਨੂੰਹ ਆਈ ਏ। ਉਹਦੇ ਪਿਛੇ ਪਿਛੇ ਉਹਦਾ ਪਤੀ ਏ, ਉਹਦਾ ਦਿਉਰ ਏ। ਉਹਨਾਂ ਨੇ ਉਹਨੂੰ ਫੜ ਲਿਆ ਏ—ਉਹ ਡਿੱਗ ਪਈ

ਏ। ਇਹ ਬੁੱਢੀ ਬੋਤਲ ਫੜਕੇ ਆਈ ਏ। ਇਹ ਸੱਸ ਏ।' ਦੇਖੋ ਤੇਲ ਛਿੜਕ ਦਿੱਤਾ ਹੈ। ਪਤੀ ਨੇ ਤੀਲੀ ਲਗਾਈ ਏ। ਕੁੜੀ ਦੇ ਕੱਪੜੇ ਸੜ ਰਹੇ ਨੇ। ਕੁੜੀ ਸੜ ਰਹੀ ਏ।

(ਸੂਤਰਧਾਰ ਦੇ ਐਕਸ਼ਨ ਇਸ ਤਰਾਂ ਹਨ, ਜਿਸ ਤਰਾਂ ਉਹ ਸਭ ਕੁਝ ਵੇਖ ਰਿਹਾ ਹੈ)

ਕੁੜੀ ਦੀ ਆਵਾਜ਼ : ਬਚਾਓ, ਲੋਕੋ ਬਚਾਓ।

ਸੂਤਰਧਾਰ : ਪਰ ਕੋਈ ਬਚਾਉਣ ਵਾਲਾ ਨਹੀਂ। ਗਵਾਂਢੀ ਕੋਠਿਆਂ ਤੇ ਚੜ੍ਹਕੇ ਵੇਖ ਰਹੇ ਹਨ।

(1, 2, 3, 4 ਹੁਣ ਗਵਾਂਢੀ ਬਣਕੇ ਗੱਲਾਂ ਕਰਦੇ ਹਨ)

1. ਵਿਚਾਰੀ ਮਾਰ ਦਿੱਤੀ ਏ।
2. ਜਦੋਂ ਦੀ ਵਿਆਹੀ ਤੰਗ ਕਰ ਰਹੇ ਨੇ।
3. ਅਖੇ ਦਾਜ ਥੋੜਾ ਲਿਆਈ ਏ।
4. ਸੁਣਿਐ ਖਿਓ ਨੇ 20 ਹਜ਼ਾਰ ਨਕਦ ਦਿਤੇ।

1. 20 ਹਜ਼ਾਰ ਨੂੰ ਕੌਣ ਜਾਣਦੈ ?
2. ਮਹਿੰਗਾਈ ਹੀ ਬੜੀ ਏ।
3. ਸਕੂਟਰ 15 ਹਜ਼ਾਰ ਦਾ ਆਂਦਾ ਏ।
4. ਫਰਿਜ 5 ਹਜ਼ਾਰ ਦਾ ਆਂਦਾ ਏ।

1. 20 ਹਜ਼ਾਰ ਤੇ ਇਥੇ ਹੀ ਲਗ ਗਿਐ।
2. ਫੇਰ ਟੀ. ਵੀ. ਵੀ ਚਾਹੀਦਾ ਏ।
3. ਟੀ. ਵੀ. ਦੀ ਮੌਜ ਬੜੀ ਏ, ਘਰ ਬੈਠਕੇ ਪਿਕਚਰ ਵੇਖੋ।
4. ਚਿਤਰਹਾਰ ਵੇਖੋ, ਡਰਾਮਾ ਵੇਖੋ।

1. ਪਰ ਇਕ ਦੁੱਖੀ ਡਰਾਮਾ ਉਹ ਵੀ ਹੋ ਰਿਹੈ।
2. ਕੁੜੀ ਵਿਚਾਰੀ ਸੜ ਰਹੀ ਏ।
3. ਕੀ ਕਰ ਸਕਨੇ ਹਾਂ ?
4. ਗਵਾਂਢ ਮੱਥਾ ਦੇ ਲੜਾਈ ਥੋੜੀ ਲੈ ਸਕਦੇ ਆਂ।

1. ਹੁਣ ਤਾਂ ਘਰ ਘਰ ਇਹੋ ਅੱਗ ਏ।
2. ਕੋਈ ਸਟੋਵ ਨਾਲ ਸੜ ਰਹੀ ਏ।
3. ਕੋਈ ਗੈਸ ਨਾਲ ਸੜ ਰਹੀ ਏ।
4. ਗੈਸ ਦੀ ਗੱਲ ਯਾਦ ਆਈ, ਗੈਸ ਦੀ ਬੜੀ ਤਕਲੀਫ ਏ।

1. ਪੰਦਰਾਂ ਦਿਨ ਹੋ ਗਏ ਨੇ, ਹਾਲੇ ਸਲੈਂਡਰ ਨਹੀਂ ਆਇਆ।
2. ਹੁਣ ਸੁਣਿਐ ਗੈਸ ਦੀ ਬਲੈਕ ਹੋਣ ਲਗ ਪਈ ਏ।
3. ਰਿਕਸ਼ਾ ਵਾਲੇ ਨੂੰ 15 ਰੁਪਏ ਦੇਵੋ, ਗੈਸ ਅਗਲ਼ੇ ਦਿਨ ਘਰ ਪੁੱਜ ਜਾਂਦੀ ਏ।
4. ਪਰ ਉਹ ਦੇਖੋ, ਕੁੜੀ ਦੇ ਵਾਲਾਂ ਨੂੰ ਅੱਗ ਲਗ ਗਈ ਏ।

1. ਸੱਸ ਖੜੀ ਕਿਸਤਰ੍ਹਾਂ ਵੇਖ ਰਹੀ ਏ ?
2. ਆਪਣੀ ਧੀ ਨਹੀਂ ਹੋਣੀ ?
3. ਪੈਸੇ ਦਾ ਲਾਲਚ ਬੁਰਾ ਹੈ।
4. ਪੈਸਾ ਹੀ ਹਰ ਇਕ ਥਾਂ ਪ੍ਰਧਾਨ ਏ।

1. ਪੈਸੇ ਨਾਲ ਅਲੈਕਸ਼ਨਾਂ ਜਿਤੋ।
2. ਪੈਸੇ ਨਾਲ ਕਾਨੂੰਨ ਖ੍ਰੀਦੋ।
3. ਪੈਸੇ ਨਾਲ ਇਨਸਾਫ ਖ੍ਰੀਦੋ।
4. ਪੈਸੇ ਨਾਲ ਜਹਾਨ ਖ੍ਰੀਦੋ।

(ਕੁੜੀ ਦੀ 'ਬਚਾਓ ਬਚਾਓ' ਦੀ ਆਵਾਜ਼ ਆਈ ਹੈ। ਸਾਰੇ ਉਧਰ ਵੇਖਦੇ ਹਨ, ਫੇਰ ਕੁਝ ਪਲਾਂ ਬਾਅਦ ਗੱਲਾਂ ਸ਼ੁਰੂ ਕਰ ਦੇਂਦੇ ਹਨ)

1. ਹਾਂ ਕੀ ਗੱਲ ਕਰ ਰਹੇ ਸਾਂ ਅਸੀਂ ?
2. ਪੈਸੇ ਨਾਲ ਕਾਨੂੰਨ ਖ੍ਰੀਦੋ।
3. ਪੈਸੇ ਨਾਲ ਇਨਸਾਫ ਖ੍ਰੀਦੋ।
4. ਪੈਸੇ ਨਾਲ ਜਹਾਨ ਖ੍ਰੀਦੋ।

ਸੂਤਰਧਾਰ : ਤੇ ਇਹਨਾਂ ਦੀਆਂ ਗੱਲਾਂ ਦੇ ਦਰਮਿਆਨ ਇਕ ਕੁੜੀ ਸੜਕੇ ਮਰ ਗਈ ਹੈ। ਅਮਨ ਤੇ ਕਾਨੂੰਨ ਦੇ ਰਖਵਾਲੇ ਪੁੱਜ ਗਏ ਹਨ। ਉਹ ਗਵਾਹੀਆਂ ਲੈਣਾ ਚਾਹੁੰਦੇ ਹਨ।

(ਥਾਨੇਦਾਰ ਤੇ ਸਿਪਾਹੀ ਆਂਦੇ ਹਨ)

ਥਾਨੇਦਾਰ : (1 ਨੂੰ) ਤੁਹਾਡੇ ਗਵਾਂਢ ਇਕ ਕੁੜੀ ਸੜਕੇ ਮਰੀ ਹੈ, ਤੁਹਾਨੂੰ ਕੁਝ ਪਤਾ ਏ ?

1. ਸੜਕੇ ਨਹੀਂ ਮਰੀ ਜੀ, ਸਾੜਕੇ ਮਾਰੀ ਗਈ ਏ।

ਥਾਨੇਦਾਰ : ਅੱਛਾ ਫੇਰ ਤਾਂ ਤੁਸੀਂ ਸਭ ਕੁਝ ਅੱਖਾਂ ਨਾਲੇ ਵੇਖਿਆ ਹੋਣਾ ਏ।

1. ਵੇਖਿਆ ਜੀ, ਏਨਾਂ ਅੱਖਾਂ ਨਾਲ ਵੇਖਿਆ।

ਥਾਨੇਦਾਰ : ਕੀ ਨਾਂ ਏ ਤੁਹਾਡਾ ?

1. (ਥੋੜ੍ਹਾ ਜਿਹਾ ਝੇਪਕੇ) ਨਾਂਅ ਪੁੱਛਕੇ ਕੀ ਕਰੋਗੇ ?

ਥਾਨੇਦਾਰ : ਗਵਾਹੀ ਲਈ ਕਚੈਹਰੀ ਬੁਲਾਵਾਂਗੇ।

1. ਫੇਰ ਅਸੀਂ ਕੁਝ ਨਹੀਂ ਵੇਖਿਆ। ਅਸਲ ਵਿਚ ਸਾਡੇ ਗੁਆਂਢ ਕੁੜੀ ਕੋਈ ਮਰੀ ਹੀ ਨਹੀਂ— ਕਿਉਂ ਭਾਈ ਸਾਹਬ, ਕੋਈ ਮਰੀ ਹੈ ?

2. ਨਹੀਂ, ਕੋਈ ਨਹੀਂ ਮਰੀ।

ਥਾਨੇਦਾਰ : (3 ਨੂੰ) ਭਾਈ ਸਾਹਿਬ ਤੁਸੀਂ ਕਿਹੜੇ ਮਕਾਨ ਵਿਚ ਰਹਿੰਦੇ ਹੋ ?

3. 109 ਨੰਬਰ ਵਿਚ।

ਥਾਨੇਦਾਰ : 108 ਵਿਚ ਇਕ ਕੁੜੀ ਦੀ ਮੌਤ ਹੋ ਗਈ ਏ, ਤੁਸੀਂ ਕੁਝ ਜਾਣਦੇ ਹੋ ?

3. ਜਨਾਬ ਜੇ 107 ਵਾਲੇ ਨਹੀਂ ਜਾਣਦੇ ਤਾਂ ਫੇਰ ਮੈਂ ਕਿਸ ਤਰ੍ਹਾਂ ਜਾਣ ਸਕਦਾ ਹਾਂ ?

ਥਾਨੇਦਾਰ : (4 ਨੂੰ) ਭਾਈ ਸਾਹਿਬ ਤੁਸੀਂ ਕੁਝ ਜਾਣਦੇ ਹੋ ?

4. ਅਸੀਂ ਤਾਂ ਜੀ ਮਹਾਤਮਾ ਗਾਂਧੀ ਨੂੰ ਜਾਣਦੇ ਹਾਂ

ਥਾਨੇਦਾਰ : ਮਹਾਤਮਾ ਗਾਂਧੀ ਨੂੰ ?

4. ਹਾਂ, ਮਹਾਤਮਾ ਗਾਂਧੀ ਤੇ ਉਹਨਾਂ ਦੇ ਤਿੰਨ ਬਾਂਦਰਾਂ ਨੂੰ—ਨਾ ਬੁਰਾ ਬੋਲਦੇ ਹਾਂ, ਨਾ ਬੁਰਾ ਸੁਣਦੇ ਹਾਂ, ਨਾ ਬੁਰਾ ਦੇਖਦੇ ਹਾਂ ।

ਥਾਨੇਦਾਰ : ਕੁੜੀ ਸੜਕੇ ਮਰ ਗਈ ਏ ।

4. ਇਸ਼ਵਰ ਉਹਦੀ ਰੂਹ ਨੂੰ ਸ਼ਾਂਤੀ ਦੇਵੇ ।

ਇਕੱਠੇ. ਇਸ਼ਵਰ ਅੱਲਾ ਤੇਰੇ ਨਾਮ,
ਸਭ ਨੂੰ ਸੰਨਪਤੀ ਦੇ ਭਗਵਾਨ ।

(ਥਾਨੇਦਾਰ ਬੇਵਸੀ ਵਿਚ ਜਾਂਦਾ ਹੈ)

ਸੂਤਰਧਾਰ : ਇਕ ਕੁੜੀ ਮਰ ਗਈ, ਇਕ ਬਾਬਲ ਦੀ ਧੀ ਮਰ ਗਈ, ਸਭ ਨੇ ਵੇਖਦਿਆਂ ਹੋਇਆਂ ਕੁਝ ਨਹੀਂ ਵੇਖਿਆ, ਸਭ ਨੇ ਸੁਣਦਿਆਂ ਹੋਇਆਂ ਕੁਝ ਨਹੀਂ ਸੁਣਿਆ । ਕਾਨੂੰਨ ਮੁਤਾਬਕ ਮੁਕਦਮਾ ਸਰਕਾਰ ਵਲੋਂ ਪੇਸ਼ ਕੀਤਾ ਗਿਆ ।

(ਜੱਜ ਤੇ ਸਰਕਾਰ ਵਕੀਲ ਆਂਦੇ ਹੁਨ । ਥੋੜੀ ਖੱਪ ਪੈਂਦੀ ਹੈ ।)

ਜੱਜ : ਆਰਡਰ, ਆਰਡਰ । ਕੋਈ ਚਸ਼ਮਦੀਦ ਗਵਾਹ ?

ਵਕੀਲ : ਮੀ-ਲਾਰਡ, ਕੋਈ ਨਹੀਂ ।

ਜੱਜ : ਮਰਨ ਵੇਲੇ ਕੁੜੀ ਦਾ ਕੋਈ ਬਿਆਨ ?

ਵਕੀਲ : ਮੀ ਲਾਰਡ, ਪੁਲਸ ਦੇ ਪਹੁੰਚਣ ਤੋਂ ਪਹਿਲੇ ਉਹ ਮਰ ਚੁੱਕੀ ਸੀ ।

ਜੱਜ : ਮੁਕੱਦਮੇ ਦੀ ਬੁਨਿਯਾਦ ।

ਵਕੀਲ : ਮੀ ਲਾਰਡ, ਮਾਂ ਬਾਪ ਦਾ ਬਿਆਨ ਕੁੜੀ ਦੇ ਸਹੁਰੇ ਘਰ ਉਹਨੂੰ ਆਮ ਤੰਗ ਕੀਤਾ ਜਾਂਦਾ ਸੀ ਤੇ ਮਾਪਿਆਂ ਦੇ ਘਰੋਂ ਪੈਸੇ ਲਿਆਉਣ ਲਈ ਮਜਬੂਰ ਕੀਤਾ ਜਾਂਦਾ ਸੀ ।

ਜੱਜ : ਕੋਈ ਠੋਸ ਸਬੂਤ ?

ਵਕੀਲ : ਮੀ ਲਾਰਡ ਕੋਈ ਨਹੀਂ ।

(ਜੱਜ ਕੁਝ ਲਿਖਦਾ ਹੈ, ਵਕੀਲ ਤੇ ਜੱਜ ਜਾਂਦੇ ਹਨ)

ਸੂਤਰਧਾਰ : ਹਿੰਦੋਸਤਾਨ ਦਾ ਕਾਨੂੰਨ ਸਬੂਤਾਂ ਤੇ ਖਲੋਤਾ ਹੈ । ਸਬੂਤ ਹੈ ਨਹੀਂ, ਇਸ ਲਈ ਕਾਤਲ ਬਰੀ ਕਰ ਦਿਤੇ ਗਏ । ਤੁਸੀਂ ਇਸ ਵਿਚ ਕੁਝ ਕਰ ਸਕਦੇ ਹੋ—ਨਹੀਂ—ਕਿਉਂ ? ਕਿਉਂਕਿ—

1) ਤੁਹਾਡੇ ਲਈ ਗੈਂਦਿਆਂ ਦਾ ਕ੍ਰਾਮ ਬਹੁਤਾ ਜ਼ਰੂਰੀ ਏ ।

2) ਆਟੇ ਦਾ ਚੱਕਰ ਤੁਹਾਨੂੰ ਘਰੋਂ ਨਹੀਂ ਨਿਕਲਣ ਦੇਂਦਾ ।

3) ਬੱਚਿਆਂ ਦੇ ਦੁੱਧ ਦਾ ਤੁਹਾਨੂੰ ਫ਼ਿਕਰ ਏ ।

4) ਘਰ ਦੀ ਗੈਸ ਤੁਹਾਡੀ ਮੁੱਕੀ ਹੋਈ ਏ ।

ਸੂਤਰਧਾਰ : ਇਕ ਕੁੜੀ ਸੜਕੇ ਮਰ ਗਈ—ਕੀ ਕਿਸੇ ਵਿਧਾਨ ਨੂੰ ਸ਼ਰਮ ਆਈ ?

1. ਨਹੀਂ ।

ਸੂਤਰਧਾਰ : ਕਿਸੇ ਕਾਨੂੰਨ ਨੂੰ ਸ਼ਰਮ ਆਈ ?

2. ਨਹੀਂ ।

ਸੂਤਰਧਾਰ : ਕਿਸੇ ਨਿਆਂ ਪਰਨਾਲੀ ਨੂੰ ਸ਼ਰਮ ਅਸੀਂ ?

3. ਨਹੀਂ ।

ਸੂਤਰਧਾਰ : ਕੀ 67 ਕ੍ਰੋੜ ਲੋਕਾਂ ਦੀ ਕੌਮ ਨੂੰ ਸ਼ਰਮ ਆਈ ?

4. ਨਹੀਂ ।

ਸੂਤਰਧਾਰ : ਪਰ ਧਰਤੀ ਨੂੰ ਸ਼ਰਮ ਆ ਰਹੀ ਹੈ, ਧਰਤੀ ਦੀਆਂ ਧੀਆਂ ਸੜਕੇ ਮਰ ਰਹੀਆਂ ਹੋਣ, ਧਰਤੀ ਮਾਂ ਕਿੰਝ ਖੁਸ਼ ਰਹਿ ਸਕਦੀ ਹੈ—ਇਸ ਲਈ ਇਹ ਧਰਤ ਕੁਮਲਾ ਰਹੀ ਏ. ਕੀ ਜਿਹੜੀ ਕੁੜੀ ਸੜ ਮਰੀ, ਉਹਨੂੰ ਜੀਣ ਦਾ ਹੱਕ ਨਹੀਂ ਚਾਹੀਦੈ ?

1. ਉਹਨੂੰ ਜੀਣ ਦਾ ਹੱਕ ਚਾਹੀਦੈ ।

2. ਤੁਹਾਨੂੰ ਜੀਣ ਦਾ ਹੱਕ ਚਾਹੀਦੈ ।

3. ਸਾਨੂੰ ਜੀਣ ਦਾ ਹੱਕ ਚਾਹੀਦੈ ।

4. ਹਰ ਇਕ ਨੂੰ ਜੀਣ ਦਾ ਹੱਕ ਚਾਹੀਦੈ ।

ਸੂਤਰਧਾਰ : ਇਹ ਸੀ ਸਾਡੇ ਨਾਟਕ ਦੀ ਦੂਜੀ ਕਹਾਣੀ, ਜੋ ਦੇਸ਼ ਦੇ ਕਾਨੂੰਨ ਦਾ—ਕਰਦੀ ਦੁੱਧ ਦਾ ਦੁੱਧ ਪਾਣੀ ਦਾ ਪਾਣੀ, ਪਰ ਇਥੇ ਤਾਂ ਹਰ ਸੜਕ ਤੇ ਕਹਾਣੀ, ਹਰ ਮੋੜ ਤੇ ਕਹਾਣੀ ਤੇ ਸੁਣੋ ਇਸ ਸੜਕ ਦੀ ਕਹਾਣੀ ।

1. ਇਹ ਸੜਕ ਵਗਦੀ ਸੀ ।

2. ਇਥੋਂ ਕਾਰਾਂ ਲੰਘਦੀਆਂ ਸਨ ।

3. ਸਕੂਟਰ ਲੰਘਦੇ ਸਨ ।

4. ਸਾਇਕਲ ਲੰਘਦੇ ਸਨ ।

1. ਪਰ ਹੁਣ ਇਹ ਬੰਦ ਏ ।

2. ਇਹਦੇ ਤੰਬੂ ਕਨਾਤ ਲੱਗੇ ਹੋਏ ਨੇ ।

3. ਬਿਜਲੀਆਂ ਜੰਗਮਗਾ ਰਹੀਆਂ ਨੇ ।

4. ਲੀਡਰ ਸਾਹਬ ਦੀ ਧੀ ਦਾ ਵਿਆਹ ਏ ।

1. ਹਕੂਮਤੀ ਪਾਰਟੀ ਦੇ ਬੰਦੇ ਨੇ ।

2. ਉਹ ਪਾਰਟੀ ਜੋ ਮਹਾਤਮਾ ਗਾਂਧੀ ਦੇ ਨਾਂ ਦੀ ਸੌਂਹ ਖਾਂਦੀ ਸੀ ।

3. ਮਹਾਤਮਾ ਗਾਂਧੀ ਜੋ ਲੰਗੋਟੀ ਵਿਚ ਰਹਿੰਦਾ ਸੀ ।

4. ਮਹਾਤਮਾ ਗਾਂਧੀ ਜੋ ਸਾਦਗੀ ਦਾ ਪਰਚਾਰ ਕਰਦਾ ਸੀ ।

1. ਉਹ ਕਹਿੰਦਾ ਸੀ ਜੇ ਤੁਹਾਡੇ ਕੋਲ ਦੌਲਤ ਹੈ,

2. ਤਾਂ ਉਹਦਾ ਹੋਛਾ ਵਿਖਾਵਾ ਨਾ ਕਰੋ ।

3. ਕਿਉਂਕਿ ਇਹ ਵਿਖਾਵਾ ਗਰੀਬ ਨੂੰ ਤਕਲੀਫ਼ ਪੁਚਾਂਦਾ ਹੈ ।

4. ਉਹਦੀ ਦੁਖਦੀ ਰਗ ਨੂੰ ਹੋਰ ਦੁਖਾਂਦਾ ਹੈ ।

ਸੂਤਰਧਾਰ : Vulgar display of wealth is a

sin against Society, ਦੌਲਤ ਦਾ ਹੋਛਾ ਪ੍ਰਗਟਾਵਾ ਸਮਾਜ ਵਿਰੁਧ ਇਕ ਪਾਪ ਹੈ ।

(ਇਕ ਗਰੀਬੜਾ ਜਿਹਾ ਬੰਦਾ ਆਂਦਾ ਹੈ । ਉਹਦੀਆਂ ਅੱਖਾਂ ਚੁੰਧਿਆ ਰਹੀਆਂ ਨੇ)

ਇਕੱਠੇ : ਭਲਿਆ ਲੋਕਾ, ਕੀ ਵੇਖ ਰਿਹਾ ਏਂ ?

ਗਰੀਬੜਾ : ਰੌਸ਼ਨੀਆਂ ਵੇਖ ਰਿਹਾ ਹਾਂ ।

ਇਕੱਠੇ : ਕਿਉਂ ?

ਗਰੀਬੜਾ : ਤਾਂ ਜੋ ਪੁਤਰੋ, ਆਪਣੀ ਝੁੱਗੀ ਦੇ ਹਨੇਰੇ ਨੂੰ ਯਾਦ ਕਰ ਸਕਾਂ ।

ਸੂਤਰਧਾਰ : ਹਾਂ ਜੇ ਇਸ ਰੌਸ਼ਨੀ ਦਾ ਹਜ਼ਾਰਵਾਂ ਹਿੱਸਾ ਇਸ ਦੀ ਝੁੱਗੀ ਦੇ ਹਿੱਸੇ ਆ ਸਕੇ ਤਾਂ ਇਸ ਦੀ ਝੁੱਗੀ 'ਚ ਉਮਰ ਭਰ ਚਾਨਣਾ ਰਹਿ ਸਕਦਾ ਏ । ਇਸ ਰੌਸ਼ਣੀ ਦਾ ਸੌਵਾਂ ਹਿੱਸਾ ਗਰੀਬਾਂ ਦੀ ਬਸਤੀ ਤੇ ਪਜ ਜਾਏ । ਤਾਂ ਉਹ ਹਨੇਰੀ ਬਸਤੀ ਸਦਾ ਲਈ ਰੌਸ਼ਨ ਹੋ ਜਾਏ । ਤੇ ਇਹ ਰੌਸ਼ਨੀ ਇਥੇ ਜਗਮਗ ਕਰ ਰਹੀ ਏ, ਗਰੀਬ ਆਦਮੀ ਨੂੰ ਦੁਖੀ ਕਰਨ ਲਈ, ਉਹਨੂੰ ਯਾਦ ਕਰਵਾਣ ਲਈ–

1. ਉਹਦੀ ਝੁੱਗੀ ਹਨੇਰੀ ਏ ।
2. ਉਹਦੀ ਬਸਤੀ ਹਨੇਰੀ ਏ ।
3. ਉਹਦੀ ਜ਼ਿੰਦਗੀ ਹਨੇਰੀ ਏ ।
4. ਉਹਦੀ ਦੁਨੀਆ ਹਨੇਰੀ ਏ ।

ਸੂਤਰਧਾਰ : ਤੇ ਇਹ ਨੇ ਜੋ ਅੰਨ੍ਹੀ ਜਗਮਗ ਕਰਕੇ ਅਪਣੀ ਅਮੀਰੀ ਦਾ ਵਿਖਾਵਾ ਕਰ ਰਹੇ ਨੇ ।

1. ਲੋਕਾਂ ਦੀ ਰੌਸ਼ਨੀ ਤੇ ਡਾਕਾ ਮਾਰ ਰਹੇ ਨੇ ।
2. ਇਹੀ ਰੋਜ਼ ਟੀ. ਵੀ. ਵਿਚ ਪਰਚਾਰ ਕਰਦੇ ਨੇ।
3. ਚਾਨਣ ਦੇ ਵਣਜਾਰੇ ਪ੍ਰੋਗਰਾਮ ਵਿਖਾਂਦੇ ਨੇ ।
4. ਚਾਨਣ ਚੁਰਾਉਣ ਵਾਲੇ ਚਾਨਣ ਦੇ ਵਣਜਾਰੇ ਬਣ ਜਾਂਦੇ ਨੇ ।

(ਬਾਬਾ ਰੌਸ਼ਨੀਆਂ ਵਲ ਵੇਖੀ ਜਾ ਰਿਹਾ ਹੈ)

ਸੂਤਰਧਾਰ : ਬਾਬਾ ਕੀ ਵੇਖ ਰਿਹਾ ਏਂ ?

ਗਰੀਬੜਾ : ਇਥੇ ਸਰਦਾਰ ਜੀ ਕੀ ਏ ?

ਸੂਤਰਧਾਰ : ਕੋਠੀ ਵਾਲਿਆਂ ਦੀ ਧੀ ਦਾ ਵਿਆਹ ਏ ।

ਗਰੀਬੜਾ : (ਹਉਕਾ ਲੈ ਕੇ) ਅੱਛਾ ਸੁਖੀ ਵੱਸੇ ।

ਸੂਤਰਧਾਰ : ਪਰ ਬਾਬਾ ਗੱਲ ਕੀ ਏ ?

ਗਰੀਬੜਾ : ਮੈਨੂੰ ਆਪਣੀ ਧੀ ਯਾਦ ਆ ਗਈ ਏ ।

ਸੂਤਰਧਾਰ : ਕਿਉਂ ਇਹੋ ਜਿਹੀ ਕੀ ਗੱਲ ਏ ?

ਗਰੀਬੜਾ : ਮੈਂ ਹਾਲੀਂ ਤੱਕ ਅਪਣੀ ਧੀ ਦੇ ਹੱਥ ਪੀਲੇ ਨਹੀਂ ਕਰ ਸਕਿਆ ।

ਸੂਤਰਧਾਰ : ਕਿਉਂ ਬਾਬਾ ?

ਗਰੀਬੜਾ : ਕਾਰਜ ਲਈ ਜੋ ਪੈਸੇ ਜੋੜੇ ਸਨ, ਉਹ ਬਿਮਾਰੀ ਨੇ ਖਾ ਲਏ ।

(ਅੱਖਾਂ ਪੂੰਝਦਾ ਜਾਂਦਾ ਹੈ)

ਸੂਤਰਧਾਰ : ਜਿਸ ਦੇਸ਼ ਵਿਚ ਇਹ ਹਾਲਤ ਹੋਵੇ—

1. ਕ੍ਰੋੜਾਂ ਲੋਕਾਂ ਨੂੰ ਦੋ ਵੇਲੇ ਦੀ ਰੋਟੀ ਨਾ ਮਿਲਦੀ ਹੋਵੇ
2. ਲੱਖਾਂ ਧੀਆਂ ਦਾਜ ਖੁਣੋ ਸਾੜੀਆਂ ਜਾ ਰਹੀਆਂ ਹੋਣ ।
3. ਕ੍ਰੋੜਾਂ ਦੇ ਸਿਰ ਤੇ ਛੱਤ ਨਾ ਹੋਏ ।
4. ਕ੍ਰੋੜਾਂ ਸੜਕਾਂ ਤੇ ਬੇਰੁਜ਼ਗਾਰ ਫਿਰਦੇ ਹੋਣ ।

ਸੂਤਰਧਾਰ : ਉਥੇ ਏਨਾਂ ਲੋਕਾਂ ਦਾ ਕੀ ਹੱਕ ਬਣਦਾ ਹੈ ਕਿ ਅਮੀਰੀ ਦਾ ਇਸਤਰ੍ਹਾਂ ਹੋਛਾ ਵਿਖਾਵਾ ਕਰਨ ।

1. ਇਹ ਲੋਕ ਜੋ ਵਿਧਾਨ ਸਭਾ ਦੇ ਮੈਂਬਰ ਨੇ ।
2. ਇਹ ਲੋਕ ਜੋ ਮਹਾਤਮਾ ਗਾਂਧੀ ਦਾ ਖੱਦਰ ਪਾਉਣ ਪਾਉਣ ਵਾਲੇ ਨੇ ।
3. ਇਹ ਲੋਕ ਜੋ ਲੋਕਾਂ ਨੂੰ ਰਾਹ ਵਿਖਾਉਣ ਵਾਲੇ ਨੇ।
4. ਇਹ ਲੋਕ ਜੋ ਲੋਕ ਸੇਵਾ ਦਾ ਦਾਅਵਾ ਕਰਦੇ ਨੇ।
1. ਇਹਨਾਂ ਨੂੰ ਸ਼ਰਮ ਨਹੀਂ ਆਂਦੀ ?
2. ਇਹਨਾਂ ਵਰਗਿਆਂ ਹੋਰਨਾਂ ਨੂੰ ਸ਼ਰਮ ਕਿਉਂ ਨਹੀਂ ਆਂਦੀ ?
3. ਇਹਨਾਂ ਨੂੰ ਸ਼ਰਮ ਦਿਵਾਉਣੀ ਪਏਗੀ ।
4. ਇਹਨਾਂ ਦੇ ਪਿਛਿਆਂ ਤੇ ਅੱਕ ਉਗਾਣੀ ਪਏਗੀ ।
1. ਇਹ ਧਰਤੀ ਸਾਡੀ ਹੈ ।
2. ਸਾਨੂੰ ਜੀਣ ਦਾ ਹੱਕ ਚਾਹੀਦੈ ।
3. ਤੁਹਾਨੂੰ ਜੀਣ ਦਾ ਹੱਕ ਚਾਹੀਦੈ ।
4. ਹਰ ਇਕ ਨੂੰ ਜੀਣ ਦਾ ਹੱਕ ਚਾਹੀਦੈ ।

ਸੂਤਰਧਾਰ : ਤੇ ਇਹ ਸੀ ਜ਼ਿੰਦਗੀ ਦੀ ਇਕ ਤਸਵੀਰ ।

1. ਜਿਥੇ ਕੋਈ ਅੰਤਾਂ ਦਾ ਗਰੀਬ ।
2. ਤੇ ਕੋਈ ਹੋਛਾ ਅਮੀਰ ।
3. ਪਰ ਹਾਲੇ ਉਠਨਾ ਨਾਂ ।
4. ਇਹ ਨਹੀਂ ਸੀ ਨਾਟਕ ਦਾ ਅਖ਼ੀਰ ।

(1, 2, 3, 4 ਪਿਠ ਕਰਦੇ ਹਨ)

ਸੂਤਰਧਾਰ : ਤੇ ਇਹ ਪੰਜਾਬ ਹੈ ।

(1. 2. 3. 4 ਵਾਰੀ ਵਾਰੀ ਮੁੜਦੇ ਹਨ)

1. ਪੰਜਾਂ ਪਾਣੀਆਂ ਦੀ ਧਰਤੀ ।
2 ਜੋ ਹੁਣ ਤਿੰਨਾਂ ਪਾਣੀਆਂ ਦੀ ਰਹਿ ਗਈ ਏ ।
3. ਜੇ ਹਵਾ ਇਸ ਤਰ੍ਹਾਂ ਚਲਦੀ ਰਹੀ ।
4 ਤਾਂ ਇਹ ਦੋ ਪਾਣੀਆਂ ਦੀ ਰਹਿ ਜਾਏਗੀ ।

ਸੂਤਰਧਾਰ : ਇਥੇ ਕੀ ਹੋ ਰਿਹੈ ?

1. ਦਿਨ ਦਿਹਾੜੇ ਕਤਲ ਹੋ ਰਹੇ ਨੇ।
2. ਬੈਂਕ ਲੁੱਟੇ ਜਾ ਰਹੇ ਨੇ ।
3. ਪਟਰੋਲ ਪੰਪ ਲੁਟੇ ਜਾ ਰਹੇ ਨੇ ।
4. ਲੋਕ ਲੁਟੇ ਜਾ ਰਹੇ ਨੇ ।

ਸੂਤਰਧਾਰ : ਲੱਗਦਾ ਇਸ ਤਰ੍ਹਾਂ ਹੈ—

1. ਗੁੰਡਿਆਂ ਦਾ ਰਾਜ ਏ ।
2. ਸਮਾਜ ਦੁਸ਼ਮਣ ਇਥੋਂ ਦੇ ਸਰਦਾਰ ਨੇ ।
3 ਧਰਮ ਅਸਥਾਨ ਕਾਤਲਾਂ ਦੀ ਪਨਾਹ ਨੇ ।
4. ਥਾਣਿਆਂ ਵਿਚ ਜਬਰ ਜਨਾਹ ਨੇ ।

ਸੂਤਰਧਾਰ : ਇਹ ਉਹ ਧਰਤੀ ਹੈ ਜਿਸਨੇ—
1 ਨਾਨਕ ਵਰਗਾ ਦਰਵੇਸ਼ ਦਿੱਤਾ ।
2. ਜਿਸਨੇ ਸਾਂਝੀਵਾਲਤਾ ਦਾ ਉਪਦੇਸ਼ ਦਿਤਾ ।
3. ਕੌਣ ਭਲੇ ਕੌਣ ਮੰਦੇ ਦਾ ਅਦੇਸ਼ ਦਿਤਾ ।
4. ਝੂਠ ਵਿਰੁਧ ਸੰਘਰਸ਼ ਦਾ ਸੰਦੇਸ਼ ਦਿਤਾ ।

ਸੂਤਰਧਾਰ : ਪਰ ਅੱਜ ਇਸ ਧਰਤੀ ਤੇ—
1. ਸਾਂਝ ਨਹੀਂ ਨਫਰਤ ਪ੍ਰਧਾਨ ਹੈ ।
2. ਜੋ ਚੋਧਰੀ ਜੋ ਲੀਡਰ ਉਹ ਸ਼ੈਤਾਨ ਹੈ ।
3. ਸੱਚ ਵਿਚਾਰਾ ਲੁਕ ਖਲੋਤਾ ਝੂਠ ਦੀ ਸ਼ਾਨ ਹੈ ।
4. ਇਥੇ ਜੀਣਾ ਮੁਸ਼ਕਲ ਮਰਨਾ ਆਸਾਨ ਹੈ ।

ਸੂਤਰਧਾਰ : ਇਕ ਪਾਸੇ ਮੋਰਚਾ ਦੂਜੇ ਪਾਸੇ ਸਰਕਾਰ ਹੈ !

(ਖਾਲਸਾ ਤੇ ਸਰਕਾਰ ਆਂਦੇ ਹਨ)

ਸੂਤਰਧਾਰ : ਖਾਲਸਾ ਜੀ ਤੁਸੀਂ ਚਾਹੁੰਦੇ ਕੀ ਹੋ ?

ਖਾਲਸਾ : ਅਸੀਂ ਚਾਹੁੰਦੇ ਹਾਂ ਕਿ ਸਰਕਾਰ ਸਾਡੀਆਂ ਮੰਗਾਂ ਮੰਨੇ। ਅਸੀਂ ਸਮਝਦੇ ਹਾਂ ਕਿ ਸਿੱਖ ਧਰਮ, ਸਿੱਖ ਸਭਿਆਚਾਰ, ਸਿੱਖ ਸਦਾਚਾਰ ਖਤਰੇ ਵਿਚ ਹਨ ।
1. ਪਰ ਦੇਸ਼ ਦਾ ਪ੍ਰਧਾਨ ਸਿੱਖ ਏ ।
2. ਪੰਜਾਬ ਦੇ ਬਹੁਤ ਜ਼ਿਲ੍ਹਿਆਂ ਦੇ ਡੀ.ਸੀ. ਸਿੱਖ ਨੇ ।
3. ਸਿੱਖ ਉਚੀਆਂ ਪਦਵੀਆਂ ਤੇ ਲੱਗੇ ਹੋਏ ਨੇ ।
4. ਬਹੁਤੇ ਜ਼ਿਲਿਆਂ ਦੇ ਐਸ.ਐਸ.ਪੀ. ਸਿੱਖ ਨੇ ।

ਖਾਲਸਾ : ਅਸੀਂ ਉਹਨਾਂ ਨੂੰ ਸਿੱਖ ਨਹੀਂ ਮੰਨਦੇ, ਉਹ ਚੱਮਚੇ ਨੇ ।

ਸੂਤਰਧਾਰ : (ਤਨਜ਼ ਨਾਲ) ਫੇਰ ਸਿੱਖ ਕੌਣ ਨੇ ?
1. ਜੋ ਬੇਗੁਨਾਹਾਂ ਦਾ ਕਤਲ ਕਰਨ ?
2. ਕਿਸੇ ਪਾਨ ਵਾਲੇ ਗਰੀਬ ਦਾ ਗਾਟਾ ਲਾਹੁਣ ?
3. ਬੱਸਾਂ ਵਿਚ ਸਫ਼ਰ ਕਰਦਿਆਂ ਦਾ ਖੂਨ ਕਰਨ ?
4. ਮੰਦਰਾਂ ਵਿਚ ਮੂਰਤੀਆਂ ਨੂੰ ਅੱਗ ਲਾਣ ?

ਖਾਲਸਾ : ਇਹਦੀ ਜ਼ਿੰਮੇਵਾਰੀ ਸਾਡੇ ਤੇ ਨਹੀਂ ਆਂਦੀ, ਇਹ ਸਰਕਾਰ ਦੇ ਏਜੰਟਾਂ ਦਾ ਕੰਮ ਏ, ਜੋ ਸਾਨੂੰ ਬਦਨਾਮ ਕਰਨਾ ਚਾਹੁੰਦੇ ਨੇ ।
1. ਪਰ ਉਹ ਪਕੜੇ ਕਿਉਂ ਨਹੀਂ ਜਾਂਦੇ ?

ਖਾਲਸਾ : ਸਰਕਾਰ ਕੋਲੋਂ ਪੁਛੋ ।
2. ਸਰਕਾਰ ਕਹਿੰਦੀ ਏ ਉਹ ਗੁਰੂ ਨਾਨਕ ਨਿਵਾਸ 'ਚ ਲੁਕੇ ਹੋਏ ਨੇ ?

ਖਾਲਸਾ : ਗੁਰੂ ਨਾਨਕ ਨਿਵਾਸ ਉਹ ਉਡ ਕੇ ਨਹੀਂ ਆ ਜਾਂਦੇ ?
3. ਸਰਕਾਰ ਤੁਹਾਨੂੰ ਲਿਸਟ ਦੇਂਦੀ ਹੈ, ਤੁਸੀਂ ਪਕੜਵਾ ਦੇਵੋ ।

ਖਾਲਸਾ : ਅਸੀਂ ਸਰਕਾਰ ਦੇ ਨੌਕਰ ਨਹੀਂ ।
4. ਪੰਜਾਬ ਤਬਾਹ ਹੋ ਰਿਹਾ ਏ ।

ਖਾਲਸਾ : ਇਸਦੀ ਜ਼ਿੰਮੇਵਾਰ ਸਰਕਾਰ ਏ ।
1. ਵਪਾਰ ਤਬਾਹ ਹੋ ਰਿਹਾ ਏ ।

ਖਾਲਸਾ : ਝੂਠ ਦਾ ਵਪਾਰ ਮੁੱਕ ਜਾਏ ਚੰਗਾ ਏ ।
2 ਲੋਕ ਭੁੱਖੇ ਮਰ ਰਹੇ ਨੇ ।

ਖਾਲਸਾ : ਸਾਡੇ ਕੋਲ ਆ ਜਾਣ, ਗੁਰੂ ਕਾ ਲੰਗਰ ਖੁਲ੍ਹਾ ਏ ।
3. ਤੁਹਾਡੀ ਵੀ ਇਸ ਬਾਰੇ ਕੁਝ ਜ਼ਿੰਮੇਵਾਰੀ ਏ ।

ਖਾਲਸਾ : ਅਸੀਂ ਜ਼ਿੰਮੇਵਾਰੀ ਨਿਭਾ ਰਹੇ ਹਾਂ ।
4 ਉਹ ਕਿਸ ਤਰ੍ਹਾਂ ?

ਖਾਲਸਾ : ਮੋਰਚਾ ਲਗਾ ਕੇ, ਮੋਰਚੇ ਵਿਚ ਸਾਡੀਆਂ ਮੰਗਾਂ ਨਹੀਂ ਪੰਜਾਬ ਦੀਆਂ ਮੰਗਾਂ ਨੇ ! ਹਿੰਦੂ ਸਿੱਖਾਂ ਦੀਆਂ ਸਾਂਝੀਆਂ ਮੰਗਾਂ ਨੇ । ਜੇ ਕੋਈ ਨਾ ਸਮਝੇ ਤਾਂ ਸਾਡਾ ਕੀ ਕਸੂਰ ?

ਸੂਤਰਧਾਰ : ਸੋ ਇਹਨਾਂ ਦੀ ਜ਼ਿੰਮੇਵਾਰੀ ਮੋਰਚਾ ਲਗਾਉਣਾ ਸੀ, ਉਹ ਇਹਨਾਂ ਲਗਾਇਆ ਹੋਇਆ ਹੈ ।
1. ਕਤਲ ਹੋ ਰਹੇ ਨੇ ਇਹਨਾਂ ਦੀ ਜ਼ਿੰਮੇਵਾਰੀ ਨਹੀਂ ।
2. ਦਹਿਸ਼ਤ ਫੈਲ ਰਹੀ ਹੈ, ਇਹਨਾਂ ਦੀ ਜ਼ਿੰਮੇਵਾਰੀ ਨਹੀਂ ।
3. ਡਾਕੇ ਪੈ ਰਹੇ ਨੇ, ਇਹਨਾਂ ਦੀ ਜ਼ਿੰਮੇਵਾਰੀ ਨਹੀਂ ।
4. ਨਫਰਤ ਫੈਲ ਰਹੀ ਏ, ਇਹਨਾਂ ਦੀ ਜ਼ਿੰਮੇਵਾਰੀ ਨਹੀਂ ।

ਸੂਤਰਧਾਰ : ਆਓ ਫੇਰ ਇਹਨਾਂ ਨੂੰ ਮਿਲੀਏ, ਜਿਨ੍ਹਾਂ ਦੇ ਹੱਥ ਵਿਚ ਇਸ ਦੇਸ਼ ਦੀ ਵਾਗ ਡੋਰ ਏ ।
1. ਜਨਾਬ ਤੁਸੀਂ ਇਸ ਦੇਸ਼ ਦੀ ਸਰਕਾਰ ਚਲਾ ਰਹੇ ਹੋ ?

ਸਰਕਾਰ : ਲੋਕਾਂ ਨੇ ਸਾਨੂੰ ਚੁਣਿਆ ਹੈ ਕਿ ਅਸੀਂ ਸਰਕਾਰ ਚਲਾਈਏ ।
2 ਲੋਕਾਂ ਦੇ ਮਸਲੇ ਹਲ ਕਰਨਾ ਕਿਸਦੀ ਜ਼ਿੰਮੇਵਾਰੀ ਹੈ ?

ਸਰਕਾਰ : ਸਾਡੀ ਜ਼ਿੰਮੇਵਾਰੀ ਹੈ ।
3 ਆਸਾਮ ਦਾ ਮਸਲਾ ਹੈ, ਪੰਜਾਬ ਦਾ ਮਸਲਾ ਹੈ, ਇਹ ਹੱਲ ਕਿਉਂ ਨਹੀਂ ਹੁੰਦਾ ?

ਸਰਕਾਰ : ਹੌਲੇ ਹੌਲੇ ਹੋ ਜਾਏਗਾ ।
4. ਹੁਣ ਕਿਉਂ ਨਹੀਂ ਹੁੰਦਾ ?

ਸਰਕਾਰ : ਪਹਿਲੇ ਅਸੀਂ ਏਸ਼ਿਆਈ ਖੇਡਾਂ ਵਿਚ ਰੁੱਝੇ ਹੋਏ ਸਾਂ, ਫੇਰ ਗੁੱਟ-ਨਿਰਲੇਪ ਕਾਨਫਰੰਸ ਆ ਗਈ, ਫੇਰ ਸਾਡੀ ਪ੍ਰਧਾਨ ਮੰਤਰੀ ਨੂੰ U.N O. ਜਾਣਾ ਪੈ ਗਿਆ, ਫੇਰ ਕਾਮਨ ਵੈਲਥ ਦੇਸ਼ਾਂ ਦੀ ਕਾਨਫਰੰਸ ਆ ਗਈ ।
1. ਤੁਸੀਂ ਦੁਨੀਆਂ ਦੇ ਮਸਲੇ ਸੁਲਝਾ ਸਕਦੇ ਹੋ ਪਰ

ਆਪਣੇ ਲੋਕਾਂ ਦੇ ਨਹੀਂ।

ਸਰਕਾਰ : ਦੁਨੀਆਂ ਵੱਡੀ ਚੀਜ਼ ਏ, ਆਪਣੇ ਲੋਕ ਆਪਣੇ ਲੋਕ ਨੇ।

2. ਦੇਸ਼ ਤਬਾਹ ਹੋ ਰਿਹਾ ਏ।

ਸਰਕਾਰ : ਤਬਾਹ ਹੋ ਗਿਆ ਤਾਂ ਫੇਰ ਉਸਰ ਜਾਏਗਾ, ਇਹ ਤਬਾਹੀਆਂ ਉਸਾਰੀਆਂ ਤੇ ਚਲਦੀਆਂ ਹੀ ਰਹਿੰਦੀਆਂ ਨੇ।

3. ਲੋਕ ਕਤਲ ਹੋ ਰਹੇ ਨੇ।

ਸਰਕਾਰ : ਹਿੰਦੋਸਤਾਨ ਦੀ ਆਬਾਦੀ ਬਹੁਤ ਏ, ਮੁੱਕਣ ਨਹੀਂ ਲੱਗੀ।

4. ਕਾਤਲਾਂ ਨੂੰ ਫੜਦੇ ਕਿਉਂ ਨਹੀਂ ?

ਸਰਕਾਰ : ਜ਼ਰੂਰੀ ਕਦਮ ਚੁੱਕੇ ਹੋਏ ਹਨ, ਹਰ ਚੌਕ ਤੇ 4 ਕਿਸਮ ਦੀ ਪੁਲਸ ਖੜੀ ਕਰ ਦਿੱਤੀ ਏ। B.S.F. C.R.P., P.A.P. ਤੇ PP।

1. ਇਹ ਪੁਲਸ ਕਾਹਦੇ ਲਈ ਖੜੀ ਕੀਤੀ ਏ ?

ਸਰਕਾਰ : ਤਾਂ ਜੋ ਲੋਕਾਂ ਦੇ ਜਾਨੋਮਾਲ ਦੀ ਰਖਵਾਲੀ ਕਰੇ।

2. (ਤਨਜ਼ ਨਾਲ) ਆਹੋ ਲੋਕਾਂ ਦਾ ਮਾਲ ਖੋਹੇ ਕੇ ਬੋਝੇ ਵਿਚ ਪਾਏ।

ਸਰਕਾਰ : ਮੈਂ ਸਮਝਿਆ ਨਹੀਂ।

3. ਰੀਪੋਰਟਾਂ ਮਿਲੀਆਂ ਹਨ ਕਿ ਕਤਲ ਵੇਲੇ ਤਾਂ ਪੁਲਸ ਕਿਧਰੇ ਲੱਭਦੀ ਨਹੀਂ, ਮੌਕੇ ਤੋਂ ਘੰਟੇ ਬਾਅਦ ਜ਼ਰੂਰੀ ਪੁੱਜਦੀ ਏ।

4. ਪਰ ਚੌਂਕ ਤੇ ਸਕੂਟਰ ਖੜਾ ਕਰਕੇ 10 ਰੁਪਏ ਝਾੜ ਸਕਦੀ ਏ।

1. ਮੋਟਰ ਸਾਈਕਲ ਵਾਲੇ ਨੂੰ ਅਤਿਵਾਦੀ ਕਹਿਕੇ 100 ਰੁਪਏ ਆਪਣੇ ਬੋਝੇ ਵਿਚ ਪਾ ਸਕਦੀ ਏ।

ਸਰਕਾਰ : ਇਸ ਦੇ ਬਾਰੇ ਅਸੀਂ ਹਦਾਇਤਾਂ ਦੇ ਦਿਤੀਆਂ ਹਨ।

2. ਕੀ ?

ਸਰਕਾਰ : ਕਿ ਪੁਲਸ ਵਾਲੇ ਸਾਧਾਰਨ ਲੋਕਾਂ ਨੂੰ ਤੰਗ ਨਾ ਕਰਨ।

3. ਪਰ ਤੁਸੀਂ ਗੱਲਬਾਤ ਕਰਕੇ ਸਾਰੇ ਮਸਲੇ ਦਾ ਫੈਸਲਾ ਕਿਉਂ ਨੀਂ ਕੱਢਦੇ ?

ਸਰਕਾਰ : ਸਿਆਸਤ ਵਿਚ ਕਿਸੇ ਗਲ ਦਾ ਫਸਤਾ ਨਹੀਂ ਵਢਿਆ ਜਾਂਦਾ।

4. (ਤਨਜ ਨਾਲ) ਸਗੋਂ ਗਲ ਨੂੰ ਲਮਕਾਇਆ ਜਾਂਦਾ ਹੈ।

1. ਤਾਂ ਜੋ ਲੋਕ ਉਲਝੇ ਰਹਿਣ।

2. ਇਕ ਦੂਜੇ ਦੇ ਖਿਲਾਫ ਬੋਲਦੇ ਰਹਿਣ।

3. ਵਾਦਵਿਵਾਦ ਹੁੰਦਾ ਰਹੇ।

4. ਤੇ ਤੁਹਾਡੀ ਦੁਕਾਨ ਚਲਦੀ ਰਹੇ।

ਸਰਕਾਰ : ਬਈ ਇਹ ਸਿਆਸਤ ਦੀ ਖੇਡ ਦਾ ਹਿੱਸਾ ਹੈ। ਪਾਸਾ ਸੁੱਟਣ ਵਾਲੇ ਪੋਜ਼ ਵਿਚ ਮੁਕ ਹੋ ਜਾਂਦਾ ਹੈ।

ਸੂਤਰਧਾਰ : (ਦਰਸ਼ਕਾਂ ਨੂੰ)

ਸੋ ਤੁਸੀ ਵੇਖ ਲਿਆ, ਜ਼ਿਮੇਵਾਰ ਬੰਦਿਆਂ ਨੂੰ ਮਿਲ ਲਿਆ, ਉਹ ਜੋ ਸੋਚ ਰਹੇ ਨੇ ਜਾਣ ਲਿਆ, ਉਹ ਜੋ ਖੇਡ ਖੇਡਦੇ ਨੇ ਵੇਖ ਲਈ, ਉਹ ਜੋ ਚਾਲ ਚਲ ਰਹੇ ਨੇ, ਸਮਝ ਲਈ ਤੇ ਹੁਣ ਤੁਹਾਡਾ ਵੀ ਕੁਝ ਫਰਜ਼ ਬਣਦਾ ਹੈ। (1 2,3 4 ਦਰਸ਼ਕਾਂ ਨੂੰ ਸੰਬੋਧਨ)

1. ਕੀ ਤੁਸੀ ਪਿਆਜ਼ ਦੀ ਮਹਿੰਗਾਈ ਤਕ ਅਪਣੇ ਆਪ ਨੂੰ ਸੀਮਤ ਰਖੋਗੇ ?

2. ਕੀ ਤੁਸੀ ਚਾਹ ਦੇ ਕੱਪ ਤੇ ਹੀ ਸਿਆਸਤ ਬਾਰੇ ਸਚੋਗੇ ?

3. ਕੀ ਤੁਸੀ ਅਖਬਾਰ ਦੀਆਂ ਸੁਰਖੀਆਂ ਪੜ੍ਹਕੇ ਚੁੱਪ ਹੋ ਜਾਓਗੇ ?

4. ਕੀ ਤੁਸੀ ਕ੍ਰਿਕਟ ਕਮੈਂਟਰੀ ਅਤੇ ਟੀ. ਵੀ. ਡਰਾਮੇ ਤਕ ਆਪਣੇ ਆਪ ਨੂੰ ਮਹਿਫੂਜ਼ ਰਖੋਗੇ ?

1. ਤੁਹਾਨੂੰ ਸੋਚਣਾ ਪਏਗਾ।

2. ਤੁਹਾਨੂੰ ਵਿਚਾਰਨਾ ਪਏਗਾ।

3. ਤੁਹਾਨੂੰ ਜਾਣਨਾ ਪਏਗਾ।

4. ਸਮਝਣਾ ਪਏਗਾ।

ਸੂਤਰਧਾਰ : ਇਹ ਜੋ ਖੇਡ ਖੇਡੀ ਜਾ ਰਹੀ ਹੈ—

1. ਇਸ ਵਿਚ ਸਾਡੀ ਤੁਹਾਡੀ ਮੌਤ ਹੈ।

2. ਸਾਡੇ ਤੁਹਾਡੇ ਭਵਿਖ ਦੀ ਮੌਤ ਹੈ।

3. ਸਾਡੇ ਤੁਹਾਡੇ ਬਚਿਆਂ ਦੀ ਮੌਤ ਹੈ।

4. ਸਾਡੇ ਤੁਹਾਡੇ ਇਸ ਦੇਸ਼ ਦੀ ਮੌਤ ਹੈ।

ਸੂਤਰਧਾਰ : ਆਓ ਆਪਣੇ ਘਰਾਂ ਵਿਚੋਂ ਬਾਹਰ ਆਈਏ—

1. ਸਿਰਾਂ ਨਾਲ ਸਿਰ ਜੋੜੀਏ,

2. ਬਾਹਵਾਂ 'ਚ ਬਾਹਵਾਂ ਪਾਈਏ

3. ਹਥਾਂ ਨਾਲ ਹੱਥ ਮਿਲਾਈਏ

4. ਕਦਮਾਂ ਨਾਲ ਕਦਮ ਵਧਾਈਏ

ਸੂਤਰਧਾਰ—ਤੇ ਇਹ ਦੇਖੀਏ—

1. ਕਿਸੇ ਗਰੀਬ ਨੂੰ ਤੱਕੜੇ ਹੱਥੋਂ ਮਾਰ ਪੈ ਰਹੀ ਏ ਤਾਂ ਚੁੱਪ ਨਾ ਰਹੀਏ।

2. ਕੋਈ ਧੀ ਦਾਜ ਦੇ ਲਾਲਚੀਆਂ ਹੱਥੋਂ ਸਾੜੀ ਜਾ ਰਹੀ ਏ ਤੇ ਤਮਾਸ਼ਾਈ ਬਣੀ ਏ।

3. ਦੌਲਤ ਦਾ ਹੋਛਾਂ ਪ੍ਰਗਟਾਵਾ ਹੋ ਰਿਹਾ ਹੋਵੇ ਤਾਂ ਕੋਲੋਂ ਦੀ ਥੁੱਕ ਕੇ ਲੰਘੀਏ।

4. ਦੰਭ ਦੀ ਸਿਆਸੀ ਖੇਡ ਖੇਡਨ ਵਾਲਿਆਂ ਵਿਰੁੱਧ ਰੋਸ ਪ੍ਰਗਟਾਈਏ।

ਸੂਤਰਧਾਰ : ਇਹ ਨਫਰਤ ਦੀ ਸਿਆਸੀ ਫੈਲਾਉਣ ਵਾਲੇ ਇਹ ਦੰਭ ਦੀ ਸਿਆਸਤ ਚਲਾਉਣ ਵਾਲੇ ਇਹ ਪੰਥੀਏ, ਇਹ ਸਰਕਾਰੀਏ, ਇਹ ਦਰਬਾਰੀਏ, ਇਹ ਸ...

ਡੱਬੂ ਨੇ ਅੱਗ ਲਾ ਕੇ ਆਪ ਜਾ ਕੰਧ ਤੇ ਚੜਣ ਵਾਲੇ ।

1. ਇਹਨਾਂ ਨੂੰ ਦੁਰਕਾਰੀਏ ।
2. ਇਹਨਾਂ ਨੂੰ ਫਿਟਕਾਰੀਏ ।
3. ਟੱਬੇ ਮਾਰ ਦੁੜਾਈਏ ।
4. ਇਹਨਾਂ ਨੂੰ ਮੂੰਹ ਨਾ ਲਾਈਏ ।

ਸੂਤਰਧਾਰ : ਇਹਨਾਂ ਵਿਰੁਧ ਇੱਕਠੇ ਹੋ ਕੇ ਆਵਾਜ਼ ਚੁਕੀਏ

1. ਇਹੀ ਸੱਚ ਦਾ ਰਾਹ ਹੈ
2. ਇਹੀ ਮਨੁੱਖਤਾ ਦਾ ਰਾਹ ਹੈ
3. ਇਹੀ ਨਿਆਂ ਦਾ ਰਾਹ ਹੈ
4. ਇਹੀ ਜਿੰਦਗੀ ਦਾ ਰਾਹ ਹੈ

ਸੂਤਰਧਾਰ : ਤੇ ਇਹੀ ਅੱਜ ਦੀ ਮਨੁੱਖਤਾ ਦਾ ਧਰਮਯੁੱਧ ਹੈ।

(ਵਕਫਾ)

ਆਓ ਇਸ ਯੁੱਧ ਨੂੰ ਲੜੀਏ

1. ਸਾਨੂੰ ਜੀਣ ਦਾ ਹੱਕ ਚਾਹੀਦੈ
2. ਤੁਹਾਨੂੰ ਜੀਣ ਦਾ ਹੱਕ ਚਾਹੀਦੈ
3. ਹਰ ਇੱਕ ਨੂੰ ਜੀਣ ਦਾ ਹੱਕ ਚਾਹੀਦੈ
4. ਸਭ ਨੂੰ ਜੀਣ ਦਾ ਹੱਕ ਚਾਹੀਦੈ

o

---

## ਪਾਠਕ ਲੇਖਕ ਫੋਰਮ

### 1. ਸੰਪਾਦਕੀ ਬਾਰੇ

ਦਸੰਬਰ 81 ਦੀ ਸੰਪਾਦਕੀ ਮੌਜੂਦਾ ਢਾਂਚੇ ਵਿਚ ਆਈ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਵਿਸ਼ੇਸ਼ ਰੂਪ ਵਿਚ ਅਦਬੀ ਪਿੜ ਬਾਰੇ ਸੁਚੇਤ ਕਦਮ ਕਿਹਾ ਜਾ ਸਕਦਾ ਹੈ। ਸੰਪਾਦਕ ਨੇ ਬਹੁਤ ਹੀ ਅਸਰਦਾਰ ਢੰਗ ਰਾਹੀਂ ਸਾਡੇ ਸਮਾਜ ਦੀ ਅਤਿ-ਘਿਨਾਉਣੀ ਤਸਵੀਰ ਪੇਸ਼ ਕਰਕੇ ਸਾਡੀ ਜ਼ਿਹਨੀ-ਅਯਾਸ਼ੀ ਨੂੰ ਕਰਮ ਖੇਤਰ ਵਿਚ ਜੁਝਣ ਲਈ, ਜਿਸ ਕਦਰ ਪ੍ਰੇਰਿਆ ਹੈ, ਉਹ ਵਾਕਈ ਪ੍ਰਸ਼ੰਸਾਯੋਗ ਹੈ। ਇਸ ਲਈ ਪੰਜਾਬ ਦੇ ਦਾਨਿਸ਼ਮੰਦਾਂ ਅਥਵਾ ਜਾਗਰੂਕ ਚੇਤਨਾ ਵਾਲੇ ਵਿਅਕਤੀਆਂ ਦਾ ਇਹ ਫਰਜ਼ ਬਣਦਾ ਹੈ ਕਿ ਸਮਾਜ ਦੇ ਇਸ ਗਲੀਜ਼ਪੁਣੇ ਨੂੰ ਬਾਹਰ ਕੱਢਣ । ਇਹ ਕਦਮ ਕਲਾ, ਸਾਹਿਤ ਅਤੇ ਸਭਿਆਚਾਰ ਰਾਹੀਂ ਜਿੰਨੇ ਪੁਰ ਅਸਰ ਤਰੀਕੇ ਰਾਹੀਂ ਹੋ ਸਕਦਾ ਹੈ, ਇਸ ਮਰੀਜ਼ ਦੀ ਹੋਰ ਕੋਈ ਏਡੀ ਤਕੜੀ ਦਵਾਈ ਨਹੀਂ ।

ਸੰਪਾਦਕ ਨੇ ਮੂਲ ਰੂਪ ਵਿਚ ਚਾਰ ਨੁਕਤੇ ਉਠਾਏ ਹਨ । ਜਿਸ ਵਿਚ ਮੁੱਖ ਸਫ਼ਰ ਲੇਖਕ ਤੋਂ ਅਧਿਆਪਕ ਤੱਕ ਹੈ । ਲੇਖਕ ਤੇ ਅਧਿਆਪਕ ਇਕੋ ਸਿਕੇ ਦੇ ਦੋ ਪਾਸੇ ਹਨ । ਪਹਿਲੇ ਨੁਕਤੇ ਵਿਚ 'ਪਿੰਡਾਂ ਵਿਚ, ਸ਼ਹਿਰਾਂ ਵਿੱਚ, ਰਹਿ ਕੇ ਸਾਹਿਤਕ ਪਿੜ ਅੰਦਰ ਆਟੇ 'ਚ ਲੂਣ ਬਰਾਬਰ ਹਨ । ਦੂਸਰੀ ਗੱਲ ਪਿੰਡ ਵਿਚ ਰਹਿ ਕੇ ਸਾਹਿਤਕ ਰੁਚੀਆ ਰੱਖਣ ਵਾਲੇ ਵਿਅਕਤੀਆਂ ਕੋਲ ਵਕਤ ਦੀ ਬਹੁਲਤਾ ਨਹੀਂ ਹੁੰਦੀ। ਪਰ ਫਿਰ ਵੀ ਕਿੰਨੀਆਂ ਕੁ ਸਾਹਿਤ ਸਭਾਵਾਂ ਹਨ ਜਿਹੜੀਆਂ ਸ਼ਹਿਰਾਂ ਦੀ ਬਜਾਇ, ਸ਼ਹਿਰ ਦੇ ਨੇੜੇ ਦੇ ਪਿੰਡਾਂ ਵਿਚ ਇਕਤਰਤਾਵਾਂ ਕਰਕੇ ਲੋਕਾਂ ਨੂੰ ਜਾਗਰੂਕ ਕਰ ਰਹੀਆਂ ਹਨ । ਕਿਉਂਕਿ ਸਾਹਿਤ ਦਾ ਮੂਲ ਉਦੇਸ਼ ਜਿਥੇ ਸਾਡਾ ਮਨੋਰੰਜਨ ਕਰਨਾ ਹੈ, ਉਥੇ ਸਾਡੇ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ ਦਾ ਉਲੇਖ ਵੀ ਕਰਨਾ ਹੈ । ਇਹਨਾਂ ਮੁਸ਼ਕਿਲਾਂ ਵਿਚ ਘਿਰੇ ਬਹੁਤੇ ਲੋਕੀ ਦਲਿਤ-ਸ਼੍ਰੇਣੀਆਂ ਨਾਲ ਸੰਬੰਧ ਰਖਦੇ ਹਨ । ਕੀ ਕਦੀ ਸਾਡੀਆਂ ਇਹਨਾਂ ਸਾਹਿਤ ਸਭਾਵਾਂ ਅਥਵਾ ਲੇਖਿਕਾ ਨੇ ਕਦੀ ਇਨ੍ਹਾਂ ਦਲਿਤ ਲੋਕਾਂ ਦੇ ਇਕੱਠ ਸਾਹਵੇਂ ਆਪਣੀਆਂ ਕਲਾ ਕ੍ਰਿਤਾ ਦਾ ਪ੍ਰਦਰਸ਼ਨ ਕੀਤਾ ? ਕਦਾਚਿਤ ਨਹੀਂ । ਕੀ ਕੋਈ ਸਾਹਿਤ ਸਭਾ ਦਲਿਤ ਸਾਹਿਤ ਸਭਾ ਦੇ ਨਾਮਕਰਨ ਹੇਠ ਉਸਰੀ ? ਕੀ ਇਹਨਾਂ ਪੀੜਿਕ ਜਮਾਤਾਂ ਦੀਆਂ ਝੁਗੀਆਂ ਕੋਲ ਜਾਕੇ ਸਾਡੇ ਨਾਟਕਕਾਰਾਂ ਨੇ ਆਪਣੇ ਨਾਟਕਾਂ ਅਥਵਾ ਡਰਾਮਿਆਂ ਰਾਹੀਂ ਪ੍ਰਦਰਸ਼ਨ ਕੀਤੀ ? ਮੂਲ ਰੂਪ ਵਿਚ ਸਾਡਾ ਅਜੋਕਾ ਸਾਹਿਤ ਲੇਖਕ ਤੋਂ ਲੇਖਕ ਤੱਕ ਦਾ ਸਫ਼ਰ ਤਹਿ ਕਰ ਰਿਹਾ ਹੈ । ਜਿਨ੍ਹਾਂ ਲੋਕਾਂ ਨੂੰ ਅਸੀਂ ਜਗਾਉਣ ਜਾ ਰਹੇ ਹਾਂ ਉਹ ਤਾਂ ਹਾਲਾਂ ਤਕ ਸਾਹਿਤ ਪ੍ਰਤੀ ਓ ਅ ਵੀ ਨਹੀਂ ਜਾਣਦੇ। ਕਵਿਤਾ ਤੇ ਨਿਰਾ ਵਾਰਤਕ ਦਾ ਸੰਕਟ ਹੀ ਬਣਕੇ ਰਹਿ ਗਈ ਹੈ ।

ਉਪਰੋਕਤ ਤੱਥ ਦੀ ਪੁਸ਼ਟੀ ਮੈਂ ਇੱਕ ਹੰਢਾਈ ਹੋਈ ਉਦਾਹਰਣ ਰਾਹੀਂ ਕਰ ਰਿਹਾ ਹਾਂ । ਪਟਿਆਲੇ ਦੇ ਕਾਲਜ ਵਿੱਚ ਬਾਲਗ ਸਿਖਿਆ ਕੇਂਦਰ ਚਲਾਉਣ ਹਿੱਤ ਇੱਕ ਕਾਨਫਰੰਸ ਹੋ ਰਹੀ ਸੀ । ਵੀਚਾਰ ਵਿਸਰਸ਼ ਹੁੰਦੀ ਰਹੀ । ਚਾਹ ਵਰ੍ਹਤੀਂਦੀ ਰਹੀ ਰਹੀ । ਮਨ ਪ੍ਰਚਾਵੇ ਲਈ ਕਾਲਜ ਦੇ ਵਿਦਿਆਰਥੀ । ਵਿਦਿਆਰਥਣਾਂ ਗੀਤ ਵਗੈਰਾ ਪੇਸ਼ ਕਰਦੇ ਰਹੇ । ਮੈਂ ਸੋਚਦਾ ਸਾਂ ਕਿ ਪ੍ਰਬੰਧਕਾਂ ਨੇ ਲਾਗਲੇ ਪਿੰਡਾਂ ਵਿੱਚੋਂ ਕੁਝ ਅਨਪੜ੍ਹ ਸਿਆਣੇ ਚੇਟਕ ਲਾਉਣ ਲਈ ਜ਼ਰੂਰ ਬੁਲਾਏ ਹੋਣਗੇ, ਕਿਉਂਕਿ ਕਾਨਫਰੰਸ ਦਾ ਮੂਲ ਮੁੱਦਾ ਜੁ ਅਨਪੜ੍ਹਾਂ ਨੂੰ ਪੜ੍ਹਾਉਣ ਦਾ ਸੀ । ਸਿਧਾਂਤਿਕ ਜਹੀ ਇਹ ਕਾਨਫਰੰਸ ਸ਼ਾਮ ਤੱਕ ਉਠ ਗਈ । ਮੈਂ ਸੋਚਦਾ ਹਾਂ ਕਿ ਕੀ ਇਹ ਕਾਨਫਰੰਸ ਅਥਵਾ ਸੈਮੀਨਾਰ ਕਿਸੇ ਪਿੰਡ ਦੀ ਧਰਮਸ਼ਾਲਾ ਜਾਂ ਸਕੂਲ ਵਿਖੇ ਨਹੀਂ ਸੀ ਕੀਤਾ ਜਾ ਸਕਦਾ ? ਤਾਂ ਕਿ ਘੱਟੋ ਘੱਟ ਲੋਕਾਂ ਵਿੱਚ ਚੇਤਨਤਾ ਤਾਂ ਆਵੇ । ਕੀ ਇਹ ਮਹਿਜ ਇੱਕ ਵਿਖਾਵਾ ਲਈ ?

ਕਿਉਂਕਿ ਨਾਟਕ ਹੀ ਸਾਹਿਤ ਦਾ ਅਜਿਹਾਂ ਰੂਪ ਹੈ ਜਿਹੜਾ ਸਰੋਤੇ ਉਪਰ ਸਿਧੇ ਤੌਰ ਤੇ ਅਸਰ ਕਰਦਾ ਹੈ। ਕੋਈ ਵੀ ਦਰਸ਼ਕ ਜਦੋਂ ਪਰਦੇ ਉਪਰ ਸਮਾਜ ਦੇ ਕੁਹਜ ਨੂੰ ਤੱਕਦਾ ਹੈ ਤਾਂ ਉਸ ਦੇ ਮਨ ਵਿੱਚ ਇਸ ਘਿਨਾਉਣੇਪਨ ਪ੍ਰਤੀ ਵਿਦਰੋਹ ਉਪਜਦਾ ਹੈ ਪਰ ਬਹੁਤੇ ਨਾਟਕਾਂ ਤੇ ਡਰਾਮਾ ਮੰਡਲੀਆਂ ਦਾ ਸਿਰਫ਼ ਚੰਡੀਗੜ੍ਹ ਹੀ ਖਿਡਾਏ ਜਾਣਾ ਕੀ ਸਾਹਿਤ ਦਾ ਅੰਤਿਮ ਲਕਸ਼ ਹੈ। ਜਾਂ ਫਿਰ ਪਟਿਆਲੇ ਜਾਂ ਹੋਰ ਸ਼ਹਿਰਾਂ ਵਿੱਚ ਸ਼ਹਿਰਾਂ ਦੇ ਕਈ ਉੱਘੇ ਸਥਾਨਾਂ ਵਿੱਚ ਸਭਾਵਾਂ ਦੇ ਇਕੱਠ ਨਾਟਕਾਂ ਦੀ ਪ੍ਰਦਰਸ਼ਨੀ ਆਦਿ ਕਿਉਂ ਜ਼ਰੂਰੀ ਹੈ। ਜਿਥੇ ਮੰਨੋਰੰਜਨ ਦੇ ਫਿਲਮਾਂ ਤੋਂ ਬਿਨਾਂ ਹੋਰ ਵੀ ਬਹੁਤੇਰੇ ਸਾਧਨ ਹਨ। ਕੀ ਆਮ ਵਿਅਕਤੀ ਪਟਿਆਲੇ ਜਾਂ ਚੰਡੀਗੜ੍ਹ ਆਦਿ ਸ਼ਹਿਰਾਂ ਵਿੱਚ ਇਹਨਾਂ ਦੇ ਥੀਏਟਰਾਂ ਵਿਚਲੇ ਕਿਰਦਾਰ ਨੂੰ ਵੇਖ ਸਕਦਾ ਹੈ। ਫਿਰ ਜੇਕਰ ਸਾਡਾ ਸਾਹਿਤ ਜਿਨ੍ਹਾਂ ਲੋਕਾਂ ਲਈ ਲਿਖਿਆ ਜਾ ਰਿਹਾ ਹੈ, ਜੇਕਰ ਅਸੀਂ ਉਨ੍ਹਾਂ ਸਾਹਵੇਂ ਪੇਸ਼ ਨਹੀਂ ਕਰਾਂਗੇ, ਤਾਂ ਕੀ ਸਾਹਿਤਕ ਚੇਤਨਤਾ ਉਹਨਾਂ ਲੋਕਾਂ ਵਿਚ ਆ ਸਕੇਗੀ ? ਜਿਸ ਕਿਸਮ ਦੇ ਸਮਾਜ ਦੀ ਉਸਾਰੀ ਸਾਡੇ ਲੇਖਕ ਭਾਈ ਕਲਾ ਕਿਰਤਾਂ ਵਿਚ ਕਲਪ ਰਹੇ ਹਨ ਕੀ ਉਹ ਸੰਕਟ ਹੈ ?

ਵਰਗ ਚੇਤਨਾ ਲਈ ਪਿੰਡਾਂ ਵਿਚ ਲਾਇਬਰੇਰੀਆਂ ਹੋਣੀਆਂ ਜ਼ਰੂਰੀ ਹਨ। ਕੀ ਇਹਨਾਂ ਮਾਤਭਾਸ਼ਾ ਦੇ ਮੁਦੱਈ ਅਥਵਾ ਵਿਸ਼ਵ-ਕਾਨਫਰੰਸੀਆਂ ਨੇ ਕਦੀ ਬਹਿਕੇ ਸੋਚਿਐ ਕਿ ਪਿੰਡਾਂ ਵਿਚ ਵੀ ਪੜ੍ਹੇ ਲਿਖੇ ਲੋਕ ਹਨ ਉਹਨਾਂ ਲਈ ਲਾਇਬਰੇਰੀ ਦਾ ਹੋਣਾ ਜਮਾਤੀ ਚੇਤਨਾ ਦਾ ਅੰਗ ਹੈ। ਸਾਡਾ ਸਾਹਿਤ ਉਦੋਂ ਹੀ ਕਾਰਗਰ ਸਾਬਿਤ ਹੋ ਸਕਦਾ ਹੈ ਜਦੋਂ ਇਹ ਲੋਕਾਂ ਲਈ ਹੋਵੇ, ਲੋਕਾਂ ਦਾ ਹੋਵੇ, ਲੋਕਾਂ ਨੂੰ ਯੋਗ ਢੰਗਾਂ ਰਾਹੀਂ ਮੁਹੱਈਆ ਹੋ ਸਕੇ।

ਤੀਸਰੇ ਨੁਕਤੇ ਵਿੱਚ ਉਠਾਈ ਗਈ ਗੱਲ ਕਾਫ਼ੀ ਧਿਆਨ ਮੰਗਦੀ ਹੈ। ਨਿਮਨ ਪੱਧਰ ਦੇ ਪਾਠਕ। ਨਿਮਨ ਪੱਧਰ ਦਾ ਸਭਿਆਚਾਰ ਇਹ ਕੁਝ ਮਿਲਾਕੇ ਪੰਜਾਬੀ ਸਾਹਿਤ ਨੂੰ ਢਾਅ ਲਾ ਰਹੇ ਹਨ। ਮਾਰਧਾੜ ਵਾਲੀਆਂ ਫਿਲਮਾਂ ਅਸ਼ਲੀਲ ਅਥਵਾ ਲੱਚਰ ਸਾਹਿਤ ਦਿਨ-ਬ-ਦਿਨ ਜ਼ੋਰ ਫੜ ਰਿਹਾ ਹੈ। ਬਨੇਰਿਆ ਤੇ ਵੱਜਦੇ ਰੇਡਿਓ ਰਾਹੀਂ ਸਾਡੇ ਨਾਤੇ ਰਿਸ਼ਤੇ ਭੰਡੇ ਜਾ ਰਹੇ ਹਨ। ਸਾਡਾ ਕੋਈ ਵੀ ਅਜੇਹਾ ਰਿਸ਼ਤਾ ਨਹੀਂ ਜਿਸ ਉਪਰ ਇਹਨ੍ਹਾਂ 'ਲੋਕ ਸਾਹਿਤ ਦੇ ਬਾਦਸ਼ਾਹਾਂ' ਨੇ ਚਿੱਕੜ ਨਾ ਉਛਾਲਿਆ ਹੋਵੇ। ਕੀ ਇਹ ਸਾਡੇ ਸਭਿਆਚਾਰ ਦਾ ਪਤਨ ਨਹੀਂ ? ਕੀ ਕਦੀ ਸਾਡੇ ਸਿਆਣੇ ਪਾਠਕਾਂ/ਲੇਖਿਕਾਂ ਆਮ ਆਦਮੀਆਂ ਨੇ ਬਹਿਕੇ ਇਸ ਡੂੰਘੀਂ ਪੁੱਟੀ ਜਾਂਦੀ ਖਾਈ ਬਾਰੇ ਸੋਚਿਐ। ਦੂਸਰੇ ਪਾਸੇ ਇਹੀ ਲੇਖਿਕ ਸਾਡੇ ਵਿਚਕਾਰ ਸਨਮਾਨੇ ਜਾ ਰਹੇ ਹਨ। ਕੀ ਇਹ ਸਾਡੀ ਬੌਧਿਕਤਾ ਦਾ ਦਿਵਾਲਾ ਨਹੀਂ ਨਿਕਲਿਆ ਹੋਇਆ। ਜਦੋਂ ਕੋਈ ਉਚੀ ਜਹੀ ਹੇਕ ਲਾਕੇ ਕਹਿੰਦਾ ਹੈ, "ਛੱਡੀ ਧੀ ਤਾਂ ਜੱਟੋ ਤੁਨਗੀ ਨਾਲ ਮਲੰਗਾਂ ਦੇ", ਇੱਕ ਬੰਨੇ ਤਾਂ ਜੇਬ 'ਚੋ ਕੱਢ ਕੇ ਇਹ ਪੰਜਾਂ ਦਾ ਨੋਟ ਫੜਾਉਣਗੇ ਮੂਹੋਂ ਕਹਿਣਗੇ, 'ਬੱਲੇ ਬੱਲੇ ਆਹ ਤਾਂ ਕਮਾਲ ਕਰ ਤੀ ਬਈ'। ਇਹ ਹੈ ਸਾਡਾ ਪੰਜਾਬੀਪੁਣਾ।

ਇਸ ਦੇ ਨਾਲ ਨਾਲ ਪੰਜਾਬੀ ਫਿਲਮਾਂ ਵੀ ਧੜੇ ਧੜੀ ਮਾਰਕੀਟ ਵਿੱਚ ਆ ਰਹੀਆ ਹਨ। ਪੇਤਲੀ ਨਜ਼ਰ ਮਾਰਿਆਂ ਇਹਨਾਂ ਵਿਚ ਕੁਝ ਵੀ ਪੰਜਾਬੀਪੁਣੇ ਵਾਲਾ ਨਜ਼ਰੀਂ ਨਹੀਂ ਪੈਂਦਾ। ਨਾਨਕ ਸਿੰਘ ਦੇ ਨਾਵਲਾਂ ਦੇ ਪਾਤਰਾਂ ਵਾਂਗ ਜੇ ਕਰ ਇਹ ਜਮਾਤੀ ਵੰਡ ਬਾਰੇ ਕੋਈ ਮਾੜੀ ਜਹੀ ਗੱਲ ਕਰਦੇ ਵੀ ਹਨ ਤਾਂ ਨਾਲ ਰੁਮਾਂਸ ਦਾ ਇਹੋ ਜਿਹਾ ਤਾਣਾ ਬੁਣਦੇ ਹਨ ਕਿ ਦਰਸ਼ਕ ਜਮਾਤੀ ਲੁੱਟ-ਖਸੁੱਟ ਭੁੱਲ ਕੇ ਹੀਰੋ-ਹੀਰੋਇਨ ਦੇ ਰੁਮਾਂਸ ਦਾ ਇਕ ਭਾਗ ਬਣ ਜਾਂਦਾ ਹੈ। ਕੀ ਕਦੀ ਇਹਨਾਂ ਪਿੰਡਾਂ ਵਿਚਲੇ ਘਰਾਂ ਜਾਂ ਫਿਰ ਲੋਕਾਂ ਦੇ ਹਾਲ ਚਿਤਰਿਆ ? ਸਰਪੰਚ ਦਾ ਘਰ ਵਿਖਾਉਣਗੇ, ਜਿਵੇਂ ਸਰਪੰਚ ਨਾ ਹੋ ਗਿਆ ਸਗੋਂ ਕੇਂਦਰ ਦਾ ਆਈ ਏਸ. ਔਫੀਸਰ ਹੋ ਗਿਆ।

ਉਪਰੋਕਤ ਨੁਕਤਿਆਂ ਬਾਰੇ ਮੈਂ ਜਿਹੜੀ ਤੱਛ ਜਹੀ ਵੀਚਾਰ ਕੀਤੀ ਹੈ ਉਮੀਦ ਕਰਦਾ ਹਾਂ ਕਿ ਪਾਠਕ ਇਸ ਬਹਿਸ ਨੂੰ ਅਗਾਂਹ ਤੋਰ ਕੇ. ਲੇਖਿਕਾਂ/ਸਭਾਵਾਂ ਨੂੰ ਜਗਾਉਣ ਦੀ ਕੋਸ਼ਿਸ਼ ਕਰਨਗੇ।

**ਅਧਿਆਪਕ ਵਰਗ ਬਾਰੇ :**

ਕਿਉਂਕਿ ਅਧਿਆਪਕ ਕੌਮ ਦਾ ਨਿਰਮਾਤਾ ਹੈ, ਇਕ ਅਜਿਹਾ ਪ੍ਰੇਰਨਾ ਸਰੋਤ ਹੈ ਜਿਸ ਪਾਸ ਚੇਤਨਤਾ ਦਾ ਅਮੁੱਕ ਖਜ਼ਾਨਾ ਹੈ। ਜੇਕਰ ਚੁਫੇਰੇ ਵੰਡਦਾ ਰਵ੍ਹੇ ਤਾਂ ਉਮਰ ਭਰ ਮੁਕਦਾ ਨਹੀਂ। ਪਰ ਕੀ ਅਧਿਆਪਕ ਇਸ ਯੋਗ ਹੈ ਕਿ ਉਹ ਸਮਾਜਿਕ 'ਚੇਤਨਤਾ' ਜਗਾ ਸਕੇ ? ਯੋਗਤਾ ਹੁੰਦੇ ਹੋਇਆਂ ਕੀ ਉਹ ਆਪਣਾ ਫਰਜ਼ ਨਿਭਾ ਰਿਹਾ ਹੈ ? ਜੇਕਰ ਉਹ ਇਸ ਚੇਤਨਾ-ਪ੍ਰਵਾਹ ਵਿਚ ਯਥਾਯੋਗ ਕਰਮਸ਼ੀਲ ਨਹੀਂ ਹੁੰਦਾ ਤਾਂ ਇਸ ਦਾ ਕੀ ਕਾਰਣ ਹੈ।

ਸਾਹਿਤ, ਕਲਾ, ਇਤਿਹਾਸ ਅਤੇ ਸਭਿਆਚਾਰ ਪ੍ਰਤੀ, ਸੁਹਿਰਦਤਾ ਨਾਲ ਪੇਸ਼ ਆਉਣ ਵਾਲੇ ਵਿਅਕਤੀਆਂ ਵਿਚੋਂ ਅਧਿਆਪਕ ਦਾ ਅਹਿਮ ਯੋਗਦਾਨ ਹੈ। ਪਰ ਕੀ ਅਧਿਆਪਕ ਇਸ ਭ੍ਰਿਸ਼ਟਾਚਾਰ ਪ੍ਰਤੀ ਵਿਦਰੋਹ ਦੀ ਭਾਵਨਾ ਨਾਲ ਪੇਸ਼ ਆਉਂਦਾ ਹੈ ? ਕੀ, ਉਹ ਇਸ 'ਚੋਰ ਕਲਚਰ' ਤੋਂ ਸੰਤੁਸ਼ਟ ਹਨ ? ਮੂਲ ਰੂਪ ਵਿਚ ਅਧਿਆ-ਪਕ ਆਪਣੇ ਪੇਸ਼ੇ ਨਾਲ ਹੀ ਸੰਤੁਸ਼ਟ ਨਹੀਂ ਉਸ ਨੇ ਇਸ 'ਚੋਰ ਸਿਸਟਮ' ਨਾਲ ਕੀ ਇਕਸੁਰ ਹੋਣਾ ਹੋਇਆ। ਦਰਅਸਲ ਅਧਿਆਪਕ ਵਰਗ ਵੱਖ ਵੱਖ ਸ਼੍ਰੇਣੀਆਂ ਵਿਚ ਵੰਡਿਆ ਹੋਣ ਕਰਕੇ ਏਕਾਤਮਕ ਪੱਖ ਤੋਂ ਨਿਰਾਧਾਰ ਨਜ਼ਰ ਆਉਂਦਾ ਹੈ। ਮੁੱਖ ਰੂਪ ਵਿਚ ਸਿਖਿਆ ਖੇਤਰ ਵਿਚ ਅਧਿਆਪਕ ਅਕਾਦਮਿਕ ਤੇ ਸਕੂਲ ਪੱਧਰ (Academic and Non-Academic) ਤੇ

ਯਤਨਸ਼ੀਲ ਹਨ ।

ਸਕੂਲ ਪੱਧਰ ਤੇ ਅਧਿਆਪਕ ਏਡਾ ਰਮਣੀਕ ਅਥਵਾ ਪ੍ਰਗਤੀਸ਼ੀਲ ਨਹੀਂ ਹੁੰਦਾ ਕਿਉਂਕਿ ਸਮੇਂ ਸੰਥਾਨ ਤੇ ਹਾਲਾਤ ਦੀ ਅਣਹੋਂਦ ਕਾਰਣ ਇਕ ਅਧਿਆਪਕ ਆਖਰ ਸਿਰਫ਼ ਪੜ੍ਹਾਉਣ ਵਾਲੀ ਮਸ਼ੀਨ ਬਣਕੇ ਰਹਿ ਜਾਂਦਾ ਹੈ । ਇਹ ਵੀ ਜ਼ਰੂਰੀ ਨਹੀਂ ਕਿ ਸਾਰੇ ਅਧਿਆ-ਪਕ ਹਾਲਾਤ ਅੱਗੇ ਸਿਰ ਝੁਕਾ ਕੇ ਆਪਣੀਆਂ ਕਿਰਿਆ-ਤਮਕ ਰੁਚੀਆਂ ਨੂੰ ਦਫ਼ਨ ਕਰ ਦੇਣ । ਨਤੀਜੇ ਵਜੋਂ ਅਧਿਆਪਕ ਜਥੇਬੰਦੀਆਂ ਤੇ ਹੋਰ ਅਨੇਕਾਂ ਸਭਾਵਾਂ ਅਧਿਆਪਕ ਦੀ ਚਿੰਤਨ ਧਾਰਾ ਦਾ ਸਬੂਤ ਹਨ । ਪਰ ਫਿਰ ਵੀ ਕਾਲਿਜ ਅਤੇ ਯੂਨੀਵਰਸਿਟੀ 'ਚ ਪੜ੍ਹਾਉਂਦੇ ਅਧਿਆਪਕਾਂ ਵਿਚ ਕੋਈ ਏਡੀ ਤਕੜੀ ਸਮਰੂਪਤਾ ਨਹੀਂ । ਸਕੂਲ ਵਿਚ ਕੰਮ ਕਰਦੇ ਅਧਿਆਪਕ ਆਪੋ ਆਪਣੀਆਂ ਯੂਨੀਅਨਾਂ ਵੱਖ ਵੱਖ ਵਿਸ਼ਿਆਂ ਅਥਵਾ ਕਾਡਰਾਂ ਦੇ ਲਿਹਾਜ਼ ਨਾਲ ਉਸਾਰੀ ਫਿਰਦੇ ਹਨ । ਪ੍ਰਾਇਮਰੀ ਅਧਿਆਪਕ ਯੂਨੀਅਨ ਵਾਲੇ ਇਕੋ ਸਾਖ ਦੇ ਪੱਤੇ ਹੋਣ ਦੇ ਨਾਤੇ ਸੈਕੰਡਰੀ ਅਧਿਆਪਕਾ ਨਾਲ ਕੋਈ ਏਡਾ ਵਧੀਆ ਵਿਵਹਾਰ ਹੀ ਨਹੀਂ ਕਰਦੇ । ਕਿਧਰੇ ਸਾਇੰਸ ਅਧਿਆਪਕ ਆਪਣੀਆਂ ਮੰਗਾਂ ਦੀ ਆਵਾਜ਼ ਬੁਲੰਦ ਕਰਦੇ ਸਨ, ਕਿਧਰੇ ਭਾਸ਼ਾ ਅਧਿਆਪਕ ਆਪਣਾ ਰਾਗ ਅਲਾਪ ਰਹੇ ਹਨ । ਮਾਸਟਰ ਕਾਡਰ ਵਾਲੇ ਆਪਣੀ ਡਫਲੀ ਵੱਖਰੀ ਤਾਨ 'ਚ ਵਜਾ ਰਹੇ ਹਨ ।

ਇਹਨਾਂ ਯੂਨੀਅਨਾਂ ਦਾ ਮੂਲ ਮੁੱਦਾ ਕਾਫ਼ੀ ਹੱਦ ਤੱਕ ਵਿਅਕਤੀ ਵਿਸ਼ੇਸ਼ ਦੇ ਹਿੱਤਾਂ ਨਾਲ ਮੇਲ ਖਾਂਦਾ ਹੈ । ਬਦਲੀਆਂ ਦੇ ਦਿਨਾਂ ਵਿਚ ਅਪਣੇ ਅਸਰ ਰਸੂਖ ਵਾਲੇ ਅਧਿਆਪਕ ਯੋਗ ਥਾਵਾਂ ਤੇ ਨਿਯੁਕਤ ਕਰਾਉਣੇ ਇਹਨਾਂ ਯੂਨੀਅਨਾਂ ਦਾ ਮੁੱਖ ਕੰਮ ਬਣਕੇ ਰਹਿ ਗਿਐ ।

ਚਲੋ ਮੰਨ ਲਓ ਕਿ ਕਾਲਜ ਯੂਨੀਵਰਸਿਟੀ, ਪ੍ਰਾਇਮਰੀ ਤੇ ਸੈਕੰਡਰੀ ਅਧਿਆਪਕਾਂ ਵਿਚ ਯੋਗਤਾ, ਕੰਮ ਆਦਿ ਵਿਚ ਢੇਰ ਅੰਤਰ ਹੈ । ਪਰ ਜਿਸ ਸਿਸਟਮ ਵਿਚ ਇਹ ਅਧਿਆਪਕ ਕੰਮ ਕਰਦੇ ਹਨ ਜੇਕਰ ਉਹ ਸਿਸਟਮ ਹੀ ਦੂਸ਼ਿਤ ਹੋ ਚੁਕਿਆ ਹੋਵੇ ਤਾਂ ਉਸ-ਵਕਤ ਕੀ, ਇਹਨਾਂ ਦਾ ਫਰਜ਼ ਨਹੀਂ ਬਣਦਾ ਕਿ ਇਕ ਮੁੱਠ ਹੋ ਕੇ ਆਵਾਜ਼ ਬੁਲੰਦ ਕਰਨ । ਕੀ ਡਿਗਦੇ ਹੋਏ ਸਿਖਿਆ ਦੇ ਮਿਆਰ ਦਾ ਅਸਰ ਪ੍ਰਾਇਮਰੀ ਪੱਧਰ ਤੇ ਹੀ ਘਾਤਕ ਹੈ ? ਯੂਨੀਵਰਸਿਟੀ ਪੱਧਰ ਤੇ ਨਹੀਂ । ਕੀ ਇਮਤਿਹਾਨਾਂ ਸੰਬੰਧੀ ਘਿਨਾਉਣੀਆਂ ਤਸਵੀਰਾਂ ਦਾ ਪੇਸ਼ ਹੋਣਾ ਸਮੁੱਚੇ ਸਿਖਿਆ ਸਿਸਟਮ ਉਪਰ ਕਲੰਕ ਨਹੀਂ ਜਿਸਦਾ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਇਕ ਅੰਗ ਹਨ ।

ਵਿਦਿਅਕ ਅਦਾਰਿਆਂ ਵਿਚ ਧੜਾਧੜ ਦਾਖਲੇ ਤੇ ਉਸ ਪਿਛੋਂ ਬੇਰੁਜ਼ਗਾਰੀ ਦਾ ਵਧਦੇ ਜਾਣਾ । ਕੀ ਅੱਜ ਦੇ ਸਿਸਟਮ ਦਾ ਇਕ ਅੰਗ ਨਹੀਂ ? ਫਿਰ ਪ੍ਰਾਇਮਰੀ ਤੋਂ ਯੂਨੀਵਰਸਿਟੀ ਪੱਧਰ ਤੱਕ ਇਸ ਵਿਰੁਧ ਕੋਈ ਆਵਾਜ਼ ਕਿਉਂ ਨਹੀਂ ? ਅਸੀਂ ਆਪਣੀ ਔਲਾਦ ਨੂੰ ਸਿਖਿਆ ਦੇ ਘਟੀਆ ਮਿਆਰ ਰਾਹੀਂ ਜਿਸ ਡੂੰਘੀ ਖੱਡ ਵਿਚ ਸੁੱਟਣ ਜਾ ਰਹੇ ਹਾਂ, ਉਸ ਬਾਰੇ ਅਸੀਂ ਚਿੰਤਕ ਕਿਉਂ ਨਹੀਂ ?

ਲੱਗਦਾ ਹੈ ਅੱਜ ਦੇ ਅਧਿਆਪਕ ਦੇ ਸਿਰ ਉਪਰ ਸਹਿਮ ਦੀ ਤਲਵਾਰ ਲਟਕ ਰਹੀ ਹੈ । ਜਾਂ ਫਿਰ ਇਹ ਅਜੋਕੇ ਚੋਰ ਕਲਚਰ' ਨਾਲ ਇਕਸੁਰ ਹੋ ਗਿਐ । ਅਧਿਆਪਕ ਦੇ ਪੇਸ਼ੇ ਵਿਚ ਉਨਤੀ ਦੇ ਘੱਟ ਮੌਕਿਆਂ ਦੀ ਅਣਹੋਂਦ ਵੀ ਇਸ ਵਰਗ ਦੀ ਨਿਰਾਸ਼ਾ ਦਾ ਕਾਰਣ ਹੋ ਸਕਦੀ ਹੈ । ਸਮਾਜ ਵਿਚ ਬਦਲਦੀਆਂ ਕਦਰਾਂ ਕੀਮਤਾਂ ਨੇ ਵੀ ਅਧਿਆਪਕੀ ਸ਼ੁਹਰਤ ਨੂੰ ਦੂਜੈਲੀ ਭਾਵਨਾ ਵਿਚ ਬਦਲ ਕੇ ਰੱਖ ਦਿੱਤਾ ਹੈ । ਸਰਕਾਰੀ ਪੱਧਰ ਤੇ ਇਕ ਸਕੂਲ ਦੇ ਅਧਿਆਪਕ ਵਿਚ ਕਿਰਿਆਤਮਕਤਾ ਜਗਾਈ ਰੱਖਣ ਲਈ ਕਿੰਨੇ ਕੁ ਸੈਮੀਨਾਰ, ਕਾਨਫਰੰਸਾਂ ਆਦਿ ਕੀਤੀਆਂ ਜਾਂਦੀਆਂ ਹਨ ? ਨਾ-ਮਾਤਰ ।

ਅਜੋਕਾ ਅਧਿਆਪਕ ਮਾਨਸਿਕ ਤੌਰ ਤੇ ਸੁਚੇਤ ਨਹੀਂ । ਅਪਣੇ ਘਰ ਤੋਂ 50 ਕਿਲੋਮੀਟਰ ਦੂਰ ਬੈਠਾ ਇਕ ਅਧਿਆਪਕ ਘਰ ਦੀ ਅਣਹੋਂਦ ਵਧੇਰੇ ਮਹਿਸੂਸ ਕਰੇਗਾ । ਜਦੋਂ ਉਹ ਆਂਤਰਿਕ ਤੌਰ ਤੇ ਹੀ ਸੰਤੁਸ਼ਟ ਨਹੀਂ ਉਸ ਨੇ ਬਦਲਦੇ ਹਾਲਾਤਾਂ ਨਾਲ ਭਲਾ ਕੀ ਦੋ ਚਾਰ ਹੋਣਾ ਹੈ । ਅੱਜ ਦਾ ਅਧਿਆਪਕ ਮਾਯੂਸੀ ਦੀਆਂ ਤੰਗ ਗਲੀਆਂ ਵਿਚ ਘਿਸਰ ਰਿਹਾ ਹੈ । ਸਕੂਲਾਂ ਵਿਚ ਕੋਈ ਮਨੋਰੰਜਨ ਦਾ ਸਾਧਨ ਨਹੀਂ, ਕੋਈ ਤਕੜੀ ਲਾਇਬਰੇਰੀ ਨਹੀਂ, ਉਚ ਪੱਧਰ ਦਾ ਪੰਜਾਬੀ ਸਾਹਿੱਤ ਨਹੀਂ, ਪੰਜਾਬੀ ਪਰਚਿਆਂ ਦੀ ਅਣਹੋਂਦ ਹੈ । ਵਿਹਲੇ ਪੀਰੀਅਡਾਂ ਵਿਚ ਕੋਈ ਉਸਾਰੂ ਰੁਚੀ ਪ੍ਰਦਾਨ ਕਰਨ ਦਾ ਸਾਧਨ ਨਹੀਂ । ਕਿੰਨੇ ਕੁ ਸਕੂਲ ਹਨ ਜਿਨ੍ਹਾਂ ਵਿਚ ਸਮਾਜਵਾਦੀ ਦ੍ਰਿਸ਼ਟੀਕੋਣ ਵਾਲੇ ਪੇਪਰ ਅਥਵਾ ਸਾਹਿਤਕ ਭੁੱਖ ਮਿਟਾਉਣ ਵਾਲੇ ਪੇਪਰ ਜਾਂਦੇ ਹਨ ।

ਉਂਝ ਅਧਿਆਪਕ ਦਾ ਕਲਾ, ਸਾਹਿਤ, ਸਭਿਆ-ਚਾਰ ਤੇ ਇਤਿਹਾਸ ਅੰਦਰ ਦੇਣ ਨੂੰ ਮੁਕੰਮਲ ਨਕਾਰਿਆ ਨਹੀਂ ਜਾ ਸਕਦਾ । ਇਕ ਸਿਰਜਣਾਤਮਕ ਰੁਚੀਆਂ ਵਾਲਾ ਅਧਿਆਪਕ ਘੋਰ ਹਨੇਰੇ ਵਿਚ ਵੀ ਰਾਹ ਲੱਭ ਲਏਗਾ, ਪਰ ਜਦੋਂ ਅਧਿਆਪਕ ਜਥੇਬੰਦੀ ਦੇ ਮੂਹਰਲੇ ਆਗੂ ਹੀ ਸਮਕਾਲੀਨ 'ਚੋਰ ਕਲਚਰ' ਨਾਲ ਸਮਝੌਤੇ ਕਰਨ ਲੱਗ ਪੈਣ, ਉਥੇ ਸਭਿਆਚਾਰਕ ਕ੍ਰਾਂਤੀ ਬਾਰੇ ਸੋਚਣਾ ਅਸਲੋਂ ਅਤਕਥਨੀ ਗੱਲ ਹੋਏਗੀ ।

ਦਰਅਸਲ ਅਧਿਆਪਕ ਵੀ ਇਕ ਨਹੀਂ ।' ਰੰਗ, ਨਸਲ ਤੇ ਜਾਤਾਂ 'ਚ ਵੰਡਿਆ ਹੋਇਆ ਅੱਜ ਇਹ ਅਪਣੀ

ਸਬੂਤੀ ਹੋਂਦ ਤੋਂ ਇਨਕਾਰੀ ਹੈ। ਪਰ ਫਿਰ ਵੀ ਜਿਸ ਕਦਰ ਅਧਿਆਪਕ ਹਰ ਪੱਖ ਤੋਂ ਸਮਾਜਿਕ, ਰਾਜਨੀਤਕ, ਧਾਰਮਿਕ ਤੇ ਸਭਿਆਚਾਰਕ ਚੇਤਨਾ ਲਿਆਉਣ ਦੇ ਕਾਬਿਲ ਹੈ, ਉਸ ਸੰਭਵਨਾ ਬਾਰੇ ਮੁੜ ਸਾਨੂੰ ਵੀਚਾਰਨਾ ਪਏਗਾ। ਜਰਜਰੀਆਂ ਸੋਚਾਂ ਨੂੰ ਠਕੋਰਨਾ ਹੋਵੇਗਾ। ਏਕਾਤਮਿਕਤਾ ਦਾ ਸਬੂਤ ਦਿੰਦਿਆਂ ਹੋਇਆਂ ਇਕ ਵਾਰ ਇਸ ਸਮਾਜ ਦੇ ਗਲੀਜ਼ਪੁਣੇ ਨੂੰ ਦੂਰ ਕਰਨਾ ਹੋਏਗਾ ਤਦ ਅਸੀਂ ਆਪਣੇਂ ਸਿਰੋਂ ਕਰਜ਼ ਉਤਾਰ ਸਕਾਂਗੇ!

ਗੁਰਮੀਤ—ਕੱਲਰ ਮਾਜਰੀ

## 2. 'ਚੋਰ-ਕਲਚਰ' ਦੀ ਕੜੀ : ਫੌਜੀ ਅਫਸਰਸ਼ਾਹੀ

ਸਮਤਾ (ਦਸੰਬਰ '83) ਵਿਚ ਚੋਰ 'ਕਾਂਗਰਸ ਕਲਚਰ' ਵੱਲ ਇਸ਼ਾਰਾ ਕੀਤਾ ਗਿਆ ਹੈ, ਜੋ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਦੀ ਸਮੁੱਚੀ ਰਾਜਨੀਤਕ (ਤੇ ਧਾਰਮਿਕ), ਸਮਾਜਿਕ ਤੇ ਸਭਿਆਚਾਰਕ ਜ਼ਿੰਦਗੀ ਵਿਚ ਕੋਹੜ ਵਾਂਗ ਫੈਲ ਗਿਆ ਹੈ। ਬੀਮਾਰੀ ਭਾਵੇਂ ਕੋਈ ਤੇ ਕਿੰਨੀ ਵੀ ਨਾਮੁਰਾਦ ਕਿਉਂ ਨਾ ਹੋਵੇ ਇਸ ਪਰਜਾਤੰਤਰੀ (ਲੋਕਰਾਜੀ ਸਾਮਰਾਜ) ਦੇਸ਼ ਵਿਚ, ਜਿੱਥੋਂ ਜ਼ਿੰਦਗੀ ਦੀਆਂ ਸਭ ਨੇਹਮਤਾਂ, ਕੀ ਸਿਹਤ ਤੇ ਵਿਦਿਆ, ਪਿਆਰ ਤੇ ਪੈਸਾ, ਤਾਕਤ ਤੇ ਖੁਸ਼ਹਾਲੀ ਅਤੇ ਲਾ ਕਿਸਮਤਾਂ ਤੱਕ, ਉਚੀਆਂ-ਸੁੱਚੀਆਂ ਸ਼ਰੇਣੀਆਂ ਦੀ ਅਜਾਰੇਦਾਰੀ ਬਣ ਚੁੱਕੀ ਹੈ, 'ਪਹੁੰਚਾਂ' ਵਾਲੇ ਲੋਕਾਂ ਦਾ ਤਾਂ ਵਾਲ ਵੀ ਵਿੰਗਾ ਨਹੀਂ ਹੋਣ ਲੱਗਾ, ਉਨ੍ਹਾਂ ਲਈ ਤਾਂ ਹਰ ਬੀਮਾਰੀ, ਚਾਹੇ ਉਹ ਮਨੁੱਖੀ ਜਾਂ ਕੁਦਰਤੀ, ਕਿਸੇ ਵੀ ਰੂਪ 'ਚ ਹੋਵੇ, ਜੰਗ ਜਾਂ ਫਿਰਕਾਪ੍ਰਸਤੀ, ਸੋਕਾ ਜਾਂ ਹੜ੍ਹ, ਭੁਚਾਲ ਜਾਂ, 'ਕਾਲ, ਪਲੇਗ ਜਾਂ ਕੋਹੜ, ਕੁਝ ਵੀ, ਵਰਦਾਨ ਸਾਬਤ ਹੁੰਦੀ ਹੈ। ਤੇ ਇਸੇ ਸਭ ਕੁਝ ਦੀ ਖੱਟੀ ਖਾ ਕੇ ਰਾਜ-ਗੱਦੀ ਉਤੇ ਕਾਬਜ਼ ਹੋ ਚੁੱਕੀਆਂ ਤਾਕਤਾਂ (ਤੇ ਉਨ੍ਹਾਂ ਦੀਆਂ ਸਿੱਧੀਆਂ-ਅਸਿੱਧੀਆਂ ਭਾਈਵਾਲ ਸ਼ਕਤੀਆਂ ਵੀ) ਨਿਸ ਦਿਨ ਪ੍ਰਫੁੱਲਤ ਹੋ ਰਹੀਆਂ ਹਨ। ਤੇ ਸਮਾਜ ਦੀਆਂ ਮੱਧ ਵਰਗੀ ਤੇ ਕਿਰਤੀ ਸ਼ਰੇਣੀਆਂ, ਲਾਚਾਰ ਤੇ ਸਤਹੀਣ, ਜਿਨ੍ਹਾਂ ਦੀ ਪੈਰ ਪੈਰ ਉਤੇ ਮਿਹਨਤ ਤੇ ਆਬਰੂ ਲੁੱਟੀ ਜਾ ਰਹੀ ਹੈ, ਇਹ ਸਬਰ ਕਰਕੇ ਬੈਠੀਆਂ ਨੇ ਕਿ 'ਕਦੀ ਤਾਂ ਦਿਨ ਬਦਲਣਗੇ'। ਉਨ੍ਹਾਂ ਦੀ ਸੋਚ ਮੁਤਾਬਕ, ਉਨ੍ਹਾਂ ਦੀ ਹਯਾਤੀ ਵਿਚ ਉਹ ਦਿਨ ਹੋਣੀ ਵਾਂਗ ਲਿਖਿਆ ਹੋਇਆ ਹੈ, ਜਦੋਂ ਭੁੱਲੇ-ਭਟਕੇ ਰਾਮ (ਨਵੇਂ ਤੇ ਪੁਰਾਣੇ, ਭੌਤਿਕ ਤੇ ਰਸਾਇਣਕ, ਦੋਹਰੇ ਤੇ ਤੀਹਰੇ ਇਨਕਲਾਬਾਂ ਦੇ 'ਸਿਰਲੱਥ ਘੁਲਾਟੀਏ), ਆਪਣੀ ਸੱਚੀ ਪੁਜਾਰਨ ਤੇ ਭਗਵਾਨ ਦੀ ਮੂਰਤ ਭੀਲਣੀ (ਦੱਬੀ-ਕੁਚਲੀ ਜੰਤਾ) ਦੇ ਜੂਠੇ ਬੇਰਾਂ ਨੂੰ ਖੁਸ਼ ਹੋ ਕੇ ਖਾਣਗੇ, ਪਰ ਹਾਲਾਂ ਉਨ੍ਹਾਂ ਨੂੰ ਸੀਤਾ ਦੀਆਂ ਅਗਨ-ਪ੍ਰੀਖਿਆਵਾਂ (ਵੱਖੋ-ਵੱਖ 'ਇਨਕਲਾਬੀ ਨੀਤੀਆਂ ਤੇ ਪ੍ਰਣਾਲੀਆਂ ਦੀ ਪੁਣ-ਛਾਣ) ਤੋਂ ਤਾਂ ਜ਼ਰਾ ਫੁਰਸਤ ਮਿਲੇ।

ਇਹ 'ਚੋਰ ਕਲਚਰ' ਹੀ ਹੈ, ਜਿਥੇ ਧਰਿੰਦਰ (ਬ੍ਰਹਮਚਾਰੀ ?) ਜਹੇ ਗੁੰਡਿਆਂ ਦੇ ਸਰਦਾਰਾਂ (ਸਵਾਮੀਆਂ ?) ਨੂੰ ਰਾਜ-ਪ੍ਰੋਹਿਤ ਦਾ ਪੱਦ ਹਾਸਲ ਹੈ। ਇਹ ਮਹਾਤਮਾ, ਜੋ ਜਦੋਂ ਜੀਅ ਚਾਹੇ (ਦਿਨ ਹੋਵੇ ਜਾਂ ਰਾਤ), ਦਿੱਲੀ ਤੇ ਮੰਤਲਾਈ (ਜੰਮੂ ਨੇੜੇ ਜਿੱਥੇ ਉਹਦਾ ਯੋਗਾ-ਆਸ਼ਰਮ ਸਥਿੱਤ ਹੈ) ਵਿਚਾਲੇ ਜਹਾਜ਼ ਰਾਹੀਂ ਐਮਰਜੈਂਸੀ ਉਡਾਨਾਂ ਭਰਦਾ ਰਹਿੰਦਾ ਹੈ, ਦੇਸ਼ ਨੂੰ ਅੰਦਰੂਨੀ ਜਾਂ ਬਾਹਰੀ ਕੋਈ ਵਿਆਪਕ ਉਲਝਣ ਪੇਸ਼ ਆ ਜਾਏ ਤਾਂ ਰਾਜ-ਪ੍ਰਬੰਧ ਦੇ ਚਾਲਕਾਂ ਨਾਲ ਸਿਰ ਜੋੜ ਕੇ ਬਹਿੰਦਾ ਹੈ, ਰਾਜ ਘਰਾਣੇ ਵਿਚ ਕੋਈ ਨਿਹਾਇਤ ਪਰਿਵਾਰਕ ਝਗੜਾ ਉੱਠ ਖਲੋਵੇ ਤਾਂ ਘਰ ਦੇ ਮੁੱਖੀਏ ਵਾਂਗ ਹੁਕਮ ਚਲਾਉਂਦਾ ਹੈ। ਅੱਜ ਕੱਲ੍ਹ ਅਖਬਾਰਾਂ ਵਿਚ ਇਸ 'ਯੋਗ' ਮਨੁੱਖ ਦੀ ਬੜੀ ਚਰਚਾ ਹੈ। ਪਤਾ ਚੱਲਿਆ ਹੈ ਕਿ ਮੰਤਲਾਈ ਵਾਲੇ ਆਸ਼ਰਮ (!) ਦੇ ਨੇੜੇ-ਤੇੜੇ ਇਸ ਦੀ ਨਜਾਇਜ਼ ਹਥਿਆਰਾਂ ਦੀ ਫੈਕਟਰੀ ਦਾ ਭੇਦ ਖੁੱਲ੍ਹ ਗਿਆ ਹੈ। ਸਾਡੀ ਸਰਵ-ਉਚ ਨਿਆਂ-ਪ੍ਰਣਾਲੀ ਦੇ ਹੰਢੇ-ਵਰਤੇ ਤੇ ਕਾਬਲ ਜੱਜਾਂ ਦੀ ਨੀਂਦ ਹਰਾਮ ਹੈ। ਉਹ ਦਿਨ-ਰਾਤ ਨਿਆਂ ਦੀਆਂ ਮੋਟੀਆਂ-ਮੋਟੀਆਂ ਪੋਥੀਆਂ ਦੀ ਫਰੋਲਾ-ਫਰਾਲੀ 'ਚ ਰੁਝੇ ਹੋਏ ਨੇ ਕਿ ਸਵਾਮੀ ਜੀ ਦੀ ਚਿੱਟੀ-ਦਸਤਾਰ ਨੂੰ ਦਾਗ ਲੱਗਣੋਂ ਬਚਾਉਣ ਦਾ ਕਿਧਰੋਂ ਤਾਂ ਕੋਈ ਗੁਰ ਲੱਭੇ। (ਤੁਹਾਡੀ ਜਾਣਕਾਰੀ ਲਈ! ਭਾਵੇਂ ਗਰਮੀ ਹੋਵੇ ਜਾਂ ਭਰ ਸਿਆਲ, ਬ੍ਰਹਮਚਾਰੀ ਜੀ ਦਿੱਲੀ ਤੇ ਕਸ਼ਮੀਰ ਬੈਠੇ ਵੀ ਦੇਹ ਉਤੇ ਬੱਸ ਇਕ ਪਟਕਾ ਤੇ ਧੋਤੀ ਹੀ ਪਹਿਨਦੇ ਨੇ) ਤੇ ਨਜਾਇਜ਼ ਹਥਿਆਰਾਂ ਤੇ ਅਸਲੇ ਦੇ ਐਡੇ ਵਡੇ ਸਕੈਂਡਲ, ਇਹ ਸਭ ਜੇਕਰ ਰਾਜ-ਘਰਾਣੇ, ਜਿਥੇ ਦੁਨੀਆਂ ਦੇ ਬਹੁਤ ਹੀ ਅਧੁਨਿਕ ਤੇ ਸੂਖਮ ਗੁਪਤ ਸੂਹੀਏ ਯੰਤਰਾਂ ਦੀਆਂ ਮੰਡੀਆਂ ਲੱਗੀਆਂ ਹੋਈਆਂ ਨੇ, ਦੇ ਅਹਾਤੇ ਵਿਚ ਸ਼ਰੇਆਮ ਹੋ ਰਿਹਾ ਹੈ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ। (ਸਵਾਮੀ) ਧਰਿੰਦਰ ਕੋਈ ਖੇਤ ਦੀ ਮੂਲੀ ਨਹੀਂ, ਜੀਹਦੀ ਕਿਸੇ ਨੂੰ ਕੋਈ ਵਾਕਫ਼ੀ ਨਾ ਹੋਵੇ। ਸਾਡੇ ਦੇਸ਼ ਦੀ ਸਮੁੱਚੀ ਰਾਜਨੀਤੀ (ਤੇ ਰਾਜ-ਘਰਾਣੇ) ਵਿਚ 'ਬ੍ਰਹਮਚਾਰੀ' ਦੀ ਭੂਮਿਕਾ ਤੇ ਸਰਦਾਰੀ ਨੂੰ ਕੌਣ ਨਹੀਂ ਜਾਣਦਾ। ਕਹਿੰਦੇ ਨੇ ਗੱਲ ਤਾਂ ਉਦੋਂ ਵਿਗੜੀ, ਜਦੋਂ ਜੰਮੂ-ਕਸ਼ਮੀਰ (ਰਿਆਸਤ) ਦੇ ਦਿਲ-ਦਾਦੇ ਫ਼ਾਰੂਖ ਅਤੇ ਇੰਦਰਾ ਬੀਬੀ ਦੇ (ਮਾਂ-ਪੁੱਤ ਜਹੇ) ਰਿਸ਼ਤਿਆਂ 'ਚ ਜ਼ਰਾ ਜ਼ਿਆਦਾ ਹੀ ਤਰੇੜ ਆ ਗਈ। ਧਰਿੰਦਰ, ਜੋ ਬੀਬੀ ਅਤੇ ਫ਼ਾਰੂਖ ਦੋਹਾਂ ਦੇ ਨੇੜੇ ਸੀ, ਇਸ ਤਿੜਕੇ ਹੋਏ ਰਿਸ਼ਤੇ ਦਾ ਸ਼ਿਕਾਰ ਬਣਿਆ। ਸੁਣਿਆ ਹੈ ਕਿ ਫਾਰੂਖ, ਬ੍ਰਹਮਚਾਰੀ ਦੇ ਗੁਪਤ ਕਾਰਿਆਂ ਤੋਂ ਪਹਿਲਾਂ ਹੀ ਭੇਦੀ ਸੀ। ਪਰ ਕਿਉਂਕਿ 'ਚੋਰ ਕਲਚਰ' ਦੀ ਸਾਂਝੀ ਰਾਜਨੀਤਕ ਖੇਡ ਵਿਚ ਬੜਾ ਕੁਝ ਵਿਚਾਰਨਾ (ਤੇ ਢੱਕਣਾ) ਪੈਂਦਾ ਹੈ, ਇਸ ਲਈ ਸਭ ਕੁਝ ਸਲਾਹ ਨਾਲ ਹੀ ਚੱਲਦਾ ਰਿਹਾ। ਦਰਅਸਲ ਸ਼ੇਖ

ਸਾਬ੍ਹ ਨੇ ਬ੍ਰਹਮਚਾਰੀ ਨੂੰ ਸ਼ਰੇ-ਬਾਜ਼ਾਰ ਨੰਗਾ ਕਰਨ ਦੀ ਕੁਤਾਹੀ ਕਰਕੇ ਬੜਾ ਭਾਰੀ ਖਤਰਾ ਮੁੱਲ ਲਿਆ ਹੈ, ਕਿਉਂਕਿ ਬੀਬੀ ਦੇ ਹੱਥਾਂ 'ਚ ਸਿਰ ਤੋਂ ਦੀ ਉਲਰਿਆ ਕੁਹਾੜਾ ਕਦੇ ਵੀ ਉਹਨਾਂ ਪੈਰਾਂ ਵਿਚ ਵਜ ਸੁਕਦਾ ਹੈ।

ਇਹ 'ਚੋਰ ਕਲਚਰ' ਹੀ ਹੈ, ਜਿੱਥੇ ਦੁਨੀਆਂ ਵਿਚ ਦੂਜੀ-ਤੀਜੀ ਵੱਡੀ, ਸਾਡੀ ਸੈਨਾ ਦਾ ਉੱਚਾ ਅਫ਼ਸਰ, ਲੈਫਟੀਨੈਂਟ ਜਨਰਲ ਸਿਨ੍ਹਾ, ਫੌਜ ਦਾ ਕਮਾਂਡਰ, (ਚੀਫ ਆਫ਼ ਆਰਮੀ ਸਟਾਫ਼) ਬਣਦਾ ਬਣਦਾ ਰਹਿ ਗਿਆ, ਜੋ ਕਿ ਉਹਦਾ ਹੱਕ ਸੀ। ਸਿਨ੍ਹਾ ਦੇ ਆਪਣੇ ਸ਼ਬਦਾਂ ਵਿਚ ਉਸ ਨਾਲ ਬਹੁਤ ਵੱਡਾ ਧੱਕਾ ਕੀਤਾ ਗਿਆ ਹੈ। ਇਸੇ ਲਈ ਉਸ ਨੇ ਤੁਰੰਤ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਅਨਲੱਕੀ ਫੈਲੋ ਸਿਨ੍ਹਾ! ਕਹਿੰਦੇ ਦਿੱਲੀ ਆਉਣ ਤੋਂ ਪਹਿਲਾਂ, ਜਦੋਂ ਉਹ ਸ਼ਿਮਲਾ ਵਿਖੇ ਪੱਛਮੀ ਕਮਾਂਡ ਦਾ ਇੰਚਾਰਜ ਸੀ, ਉਹਦੇ ਕੁਝ ਕੁ ਆਰਟੀਕਲ ਕਿਧਰੇ ਛਪਦੇ ਰਹੇ ਨੇ, ਜਿਨ੍ਹਾਂ ਤੋਂ ਇਹ ਪ੍ਰਭਾਵ ਲਿਆ ਗਿਆ ਕਿ ਜੇਕਰ ਉਸ ਨੂੰ ਚੀਫ-ਕਮਾਂਡਰ ਬਣਾ ਦਿੱਤਾ ਜਾਂਦਾ ਤਾਂ ਰਾਜਨੀਤਕ ਨੁਕਤੇ-ਨਜ਼ਰ ਤੋਂ ਗ਼ਲਤ ਸਾਬਤ ਹੁੰਦਾ। (ਖਬਰੇ ਉਹ ਕੱਲ ਨੂੰ ਮਿਲਟਰੀ ਡਿਕਟੇਟਰ ਬਣ ਬੈਠਦਾ ? ਜਾਂ ਹਿੰਦੁਸਤਾਨ ਵਿਚ ਪ੍ਰੋਲੇਤਾਰੀ ਇਨਕਲਾਬ ਦਾ ਮੋਢੀ ਬਣਦਾ ??) ਕਈਆਂ ਨੇ ਤਾਂ ਇਹ ਵੀ ਕਿਹਾ ਕਿ ਜੇਕਰ ਸਿਨ੍ਹਾ ਕਮਾਂਡਰ ਇਨ ਚੀਫ (ਫੌਜ ਦਾ ਮੁਖੀ) ਬਣ ਜਾਂਦਾ ਤਾਂ ਕੀ ਦੇਸ਼ ਤੇ ਕੀ ਫੌਜ, ਸੱਭੋ ਕੁਝ ਸਹੀ ਚੱਲ ਰਿਹਾ ਸੀ, ਹੁਣ ਜੇਕਰ ਉਸ ਨਾਲ ਬੇਇਨਸਾਫੀ ਹੋਈ ਹੈ ਤਾਂ ਕਪੜਿਆਂ ਤੋਂ ਬਾਹਰ (ਵਲੰਟੀਅਰ ਰੀਟਾਇਰਮੈਂਟ) ਹੋ ਗਿਆ। ਚੀਫ ਕਮਾਂਡਰ ਬਣ ਕੇ ਰੀਟਾਇਰ ਹੁੰਦਾ ਤਾਂ ਕਿਧਰੇ ਐਮਬੈਸਡਰ ਜਾਂ ਕਿਸੇ ਪ੍ਰਾਂਤ ਦਾ ਗਵਰਨਰ ਬਣਦਾ, ਬੁਢਾਪਾ ਸ਼ਾਨ ਨਾਲ ਗੁਜ਼ਰਨਾ ਸੀ। ਸਾਰੀ ਕਮਾਈ ਬੇਚਾਰੇ ਦੀ ਮਿੱਟੀ 'ਚ ਰੁਲ ਗਈ।

ਭ੍ਰਿਸ਼ਟਾਚਾਰੀ ਤੇ ਅਤਿਆਚਾਰ ਦੀਆਂ ਨੀਹਾਂ ਉੱਤੇ ਉੱਸਰੀ ਸਾਡੀ ਅਜੋਕੀ ਮਾਇਆਵਾਦੀ ਸਥਾਪਤੀ (establishment) ਦੀ ਲੰਮੀ ਜ਼ੰਜੀਰ ਵਿਚ ਇਕ ਕੜੀ ਹੈ : ਫੌਜ ਦੀ ਉੱਚ-ਅਫਸਰਸ਼ਾਹੀ। ਇਹ ਚਿੱਟੇ ਹਾਥੀ ਕਿਵੇਂ ਛੋਟੇ ਰੈਂਕ ਵਾਲਿਆਂ ਦੇ ਹੱਕਾਂ ਨੂੰ ਲੁੱਟ ਕੇ ਅਤੇ ਸਹੂਲਤਾਂ ਨੂੰ ਖੋਹ ਕੇ ਆਪਣਾ ਢਿੱਡ ਭਰਦੇ ਨੇ, ਇਸ ਨੁਕਤੇ ਤੋਂ ਇਕ ਲੇਖ 'ਫੌਜ ਬਨਾਮ ਉਮਰ ਕੈਦ' ਸਮਤਾ ਦੇ ਜੂਨ '83 ਅੰਕ ਵਿਚ ਛਪਿਆ ਸੀ। ਇਥੇ ਤਾਂ 'ਚੋਰ ਕਲਚਰ' ਵਿਚ ਫੌਜ ਦੀ ਉੱਚ-ਅਫਸਰਸ਼ਾਹੀ ਦੀ ਭਾਈਵਾਲੀ ਵਾਲੇ ਕਿਰਦਾਰ ਨੂੰ ਹੀ ਛੁਹਣਾ ਹੈ।

ਅੱਜ-ਕੱਲ੍ਹ ਅਖ਼ਬਾਰਾਂ ਵਿਚ ਫੌਜੀ ਅਫ਼ਸਰਾਂ 'ਲਾਰਕਿਨਜ਼ ਭਰਾਵਾਂ' ਦਾ ਬੜਾ ਬੋਲ-ਬਾਲਾ ਹੈ। ਪਾਰਲੀਮੈਂਟ ਵਿਚ ਹੰਗਾਮੇਂ ਮੱਚ ਰਹੇ ਨੇ। ਸਰਕਾਰੀ ਤੇ ਵਿਰੋਧੀ ਦੋਹਾਂ ਧਿਰਾਂ ਦੇ ਮੈਂਬਰ ਹੁਕਮਾਂ ਕੋਲੋਂ ਮੰਗ ਕਰ ਰਹੇ ਨੇ ਕਿ ਇਨ੍ਹਾਂ ਦੇਸ਼-ਧਰੋਹੀਆਂ ਦੀਆਂ ਕਾਲੀਆਂ ਕਰਤੂਤਾਂ ਉਤੇ ਭਰਵੀਂ ਬਹਿਸ ਹੋਵੇ ਤੇ ਘੋਖ-ਪੜਤਾਲ ਕਰਕੇ ਪੂਰੇ ਸੱਚ ਨੂੰ ਉਘਾੜਿਆ ਜਾਵੇ। ਸਪੀਕਰ ਸਾਬ੍ਹ ਵਾਸਤੇ ਪਾ ਰਹੇ ਨੇ ਕਿ ਕੌਮੀ ਸਕਿਉਰਿਟੀ ਦੇ ਹਿੱਤਾਂ ਹੇਠ (ਜੋ ਪਹਿਲੋਂ ਹੀ ਭਾਰੀ ਖਤਰੇ 'ਚ ਹਨ ?) ਅਸੀਂ ਇਸ (ਨਾਜ਼ੁਕ ?) ਅਮਲੇ ਦੀ ਘੋਖ-ਪੜਤਾਲ ਨੂੰ ਖੁੱਲ੍ਹੇਆਮ ਨਸ਼ਰ ਨਹੀਂ ਕਰ ਸਕਦੇ। ਉਹ ਯਕੀਨ ਨਾਲ ਕਹਿੰਦੇ ਹਨ ਕਿ ਦੋਸ਼ੀਆਂ ਉਤੇ ਪੂਰਾ ਐਕਸ਼ਨ ਲਿਆ ਜਾਵੇਗਾ ਤੇ (ਵਾਜਬ ?) ਦੰਡ ਵੀ ਦਿੱਤਾ ਜਾਏਗਾ।

ਲਾਰਕਿਨਜ਼ ਭਰਾਵਾਂ ਨੂੰ ਅੰਗਰੇਜ਼ੀ ਰਾਜ ਦੇ ਅੰਤਲੇ ਸਾਲਾਂ ਵਿਚ ਬਿਦੇਸ਼ਾਂ ਵਿਖੇ ਫੌਜੀ ਟਰੇਨਿੰਗ ਦਿੱਤੀ ਗਈ ਸੀ। ਤਿੰਨ ਦਹਾਕਿਆਂ ਤੋਂ ਵੱਧ ਇਨ੍ਹਾਂ ਸਾਡੀ ਫੌਜ ਵਿਚ ਨੌਕਰੀ (ਸਰਦਾਰੀ) ਕੀਤੀ, ਡਿਫੈਂਸ ਦੇ ਨੁਕਤੇ ਤੋਂ ਨਿਹਾਇਤ ਸੂਖਮ ਤੇ ਗੁਪਤ, ਵੱਖ ਵੱਖ ਥਾਵਾਂ ਤੇ ਅਹੁਦਿਆਂ ਉੱਤੇ ਬਿਰਾਜਮਾਨ ਰਹੇ, ਭਰਵੀਆਂ ਤਨਖਾਹਾਂ ਹੂੰਝਦੇ ਰਹੇ (ਤੇ ਓਦੂੰ ਕਈ ਗੁਣਾਂ ਵੱਧ ਫੰਡ ਤੇ ਪ੍ਰਸ਼ਾਸਨੀ ਘਪਲਿਆਂ ਰਾਹੀਂ ਮਾਲ ਤੇ ਰੁਪਿਆ ਹੜੱਪਦੇ ਰਹੇ ਹੋਣਗੇ!) ਰੀਟਾਇਰ ਹੋਣ ਉਪਰੰਤ ਹਜ਼ਾਰਾਂ ਰੁਪੈ ਪੈਨਸ਼ਨਾਂ ਪਾਉਣ ਬਾਅਦ ਵੀ ਜਦ ਪੇਟ ਨਾ ਭਰਿਆ ਤਾਂ ਡੀਫੈਂਸ ਦੀਆਂ ਗੁਪਤ ਲਾਇਬਰੇਰੀਆਂ ਵਿਚ ਆ ਕੇ ਗੁੱਝੇ ਭੇਦ ਇਕੱਠੇ ਕਰਦੇ ਰਹੇ। ਤੇ ਫਿਰ ਉਨ੍ਹਾਂ ਭੇਦਾਂ ਨੂੰ ਸੀ. ਆਈ. ਏ. ਦੇ ਏਜੰਟਾਂ ਕੋਲ ਬਹੁਤ ਮਹਿੰਗੇ ਸੌਦੇ 'ਚ ਵੇਚਦੇ ਰਹੇ।

'ਚੋਰ ਕਲਚਰ' ਦੀ ਝਲਕ ਤਾਂ ਮੈਨੂੰ ਉਦੋਂ ਮਿਲੀ ਸੀ ਜਦੋਂ ਅੱਜ ਤੋਂ ਕਈ ਸਾਲ ਹੋਏ, ਪਹਿਲੀ ਮਈ (ਜਿਸ ਨੂੰ ਦੁਨੀਆਂ ਭਰ ਦੇ ਕਿਰਤੀ ਲੋਕ, 'ਮਿਹਨਤਕਸ਼ਾਂ ਦਾ ਦਿਨ' ਨਾਂ ਹੇਠ ਮਨਾਉਂਦੇ ਨੇ) ਨੂੰ ਹੈਡਕੁਆਟਰਜ਼ ਦਿੱਲੀ ਵਿਖੇ ਆਫੀਸਰਜ਼ ਮੈੱਸ ਵਿਚ **Husband's Night** (ਪਤੀਆਂ ਦੀ ਸ਼ਾਮ) ਮਨਾਈ ਜਾ ਰਹੀ ਸੀ। ਸਾਡੀ ਕੁਝ ਜਣਿਆਂ ਦੀ ਉਥੇ **Lighting** ਅਰੇਂਜਮੈਂਟ ਉੱਤੇ ਡਿਊਟੀ ਸੀ। ਪਾਰਟੀ ਮੈੱਸ ਦੇ ਵਿਸ਼ਾਲ, ਠੰਢੇ ਤੇ ਕੂਲੇ ਲਾਅਨ ਵਿਚ ਹੋ ਰਹੀ ਸੀ। ਆਰਮੀ, ਏਅਰਫੋਰਸ ਤੇ ਨੇਵੀ ਦੇ ਤਿੰਨੋਂ ਫੌਜਾਂ ਦੇ ਮੁੱਖੀ, ਉੱਚੇ ਫੌਜੀ ਅਫ਼ਸਰ ਤੇ ਝਿਲਮਿਲ ਕਰਦੀਆਂ ਬੀਵੀਆਂ (?) ਤੋਂ ਛੁੱਟ, ਦਿੱਲੀ ਪ੍ਰਸ਼ਾਸ਼ਨ ਦੇ ਹੋਰ ਬਹੁਤ ਸਾਰੇ ਦੇਸੀ ਬਦੇਸ਼ੀ ਅਧਿਕਾਰੀ ਤੇ ਅਫ਼ਸਰ ਸ਼ਾਮਲ ਸਨ। (ਲਾਰਕਿਨਜ਼ ਭਰਾਵਾਂ ਦੀ ਜੋੜੀ ਵੀ ਵਿਚੇ ਹੀ ਹੋਵੇਗੀ। ਪਰ ਚੋਰਾਂ ਵਿਚ ਚੋਰ ਕਿਵੇਂ ਕਿਵੇਂ ਪਹਿਚਾਣੇ ਜਾਣ ?) ਐਨਾ ਵੱਧੀਆਂ ਇੰਤਜ਼ਾਮ ਤੇ ਭਰਾਵਾਂ ਇਕੱਠ, ਤੌਬਾ! ਤੌਬਾ! (ਸਾਨੂੰ ਕੋਈ ਭੁੱਲਿਆ-ਭਟਕਿਆ ਕਿਧਰੋਂ ਮਿਲਣ ਆ ਜਾਵੇ ਤਾਂ ਬੈਰਕਾਂ ਵਿਚ ਨਹੀਂ ਵੜਨ ਦਿੰਦੇ।) ਮਸਾਂ ਜਾ ਕੇ ਰਾਤ ਦੇ ਇਕ ਵਜੇ ਰੰਗ ਬੱਝਣ ਲੱਗਾ, ਰੰਗ ਬਰੰਗੀਆਂ-ਸਤਰੰਗੀਆਂ ਲਾਈਟਾਂ ਬੁੱਝ-ਬੁੱਝ ਜਾਣ, ਬੰਦ ਹੋਣ, ਫਿਰ ਦੇਰ ਨਾਲ ਜਗਣ।

ਏਨੇ ਨੂੰ ਹਨੇਰੀ ਆ ਗਈ। ਬੜੀ ਫੁਰਤੀ ਨਾਲ ਸੱਭ ਕੁਝ ਮੈੱਸ ਦੇ ਲੰਮੇ-ਚੌੜੇ ਹਾਲ ਵਿਚ ਸ਼ਿਫਟ ਕਰ ਦਿੱਤਾ ਗਿਆ। ਸੁਰਾਂ ਫਿਰ ਜਾਗ ਪਈਆਂ, ਨਜ਼ਰਾਂ ਫਿਰ ਉਲਝ ਗਈਆਂ, ਪੈਰ ਥਿਰਕਦੇ ਰਹੇ, ਮੁਸਕਾਨਾਂ ਭਿੜਦੀਆਂ ਰਹੀਆਂ ਤੇ ਅਸੀਂ ਲਾਈਟਾਂ ਨੂੰ ਬੜੇ ਨਿਯੰਤਰਨ ਨਾਲ (ਜਾਗਦੀਆਂ ਮਿਟਦੀਆਂ ਭਾਵਨਾਵਾਂ ਵਾਂਗ) ਆਫ-ਆਨ ਕਰਦੇ ਰਹੇ। ਦਸ ਜਣੇ ਬਾਹਰ ਜਾਣ ਵੀਹ ਅੰਦਰ ਨੂੰ ਤੁਰੇ ਆਉਣ। ਸ਼ਰਾਬ ਦੀਆਂ ਵੱਖ-ਵੱਖ ਵੰਨਗੀਆਂ ਤੇ ਸਿਗਰਟਾਂ-ਸਿਗਾਰਾਂ ਦੇ ਉਡਦੇ ਗੁਬਾਰਾਂ ਦੀ ਗੰਧ ਦਿਮਾਗ ਨੂੰ ਚੜ੍ਹਦੀ ਰਹੀ। ਪਰ ਕੀ ਕਰ ਸਕਦੇ ਸਾਂ? ਕਰੀਬ ਸਾਢੇ ਤਿੰਨ ਵਜੇ (ਤੜਕੇ) ਜਾ ਕੇ ਪਾਰਟੀ ਖ਼ਤਮ ਹੋਈ। ਉਸ ਦਿਨ 'ਚੋਰ ਕਲਚਰ' ਨੂੰ ਸਾਖ਼ਸ਼ਾਤ ਦੇਖ ਜਿੰਨੀ ਕੁ ਦਿਲ 'ਚ ਨਫਰਤ ਭਰੀ, ਉਦੂੰ ਕਿਤੇ ਵੱਧ ਫੌਜ ਜਹੇ ਮਹਿਕਮੇ ਦੀ ਕਾਰਗੁਜ਼ਾਰੀ ਤੋਂ ਹੈਰਾਨੀ ਹੋਈ।

ਫੌਜ ਦੇ ਉੱਚ-ਅਫਸਰਾਂ ਦਾ ਨਵਾਂ-ਨਵਾਂ ਫੜਿਆ ਗਿਆ ਜਾਸੂਸੀ ਸਕੈਂਡਲ ਬੜਾ ਹੀ ਸਨਸਨੀਖ਼ੇਜ਼ ਹੈ। ਤੇ ਇਹ ਸੋਚਣ ਲਈ ਮਜਬੂਰ ਕਰਦਾਂ ਹੈ ਕਿ ਉਹ ਅਫਸਰ, ਜੋ ਸਰਕਸ ਦੇ ਹਾਥੀਆਂ ਵਾਂਗ ਸਲਾਮੀਆਂ ਲੈਣ ਤੇ ਖ਼ੂਬਸੂਰਤ ਅਤੇ ਕੋਮਲ ਬੀਵੀਆਂ ਨੂੰ ਸੈਰਾਂ ਕਰਵਾਉਣ ਦੀ ਖੱਟੀ ਖਾਂਦੇ ਹਨ, ਆਪਣੇ ਦੇਸ਼ ਦੀ ਸੁਰੱਖਿਆ ਲਈ ਕਿੰਨੇ ਘਾਤਕ ਹਨ। ਇਨ੍ਹਾਂ ਨੂੰ ਹੀ ਆਧੁਨਿਕ ਹਥਿਆਰਾਂ ਦੀ ਨਿਰਖ-ਪਰਖ ਤੇ ਖ਼ਰੀਦੋ-ਫ਼ਰੋਖ਼ਤ ਵਾਸਤੇ ਵਿਦੇਸ਼ੀ ਮੁਲਕਾਂ ਵਿਚ ਭੇਜਿਆ ਜਾਂਦਾ ਹੈ, ਸੌਦਾ ਬਣ ਜਾਏ ਤਾਂ ਅੰਦਰਖਾਤੇ ਲੱਖਾਂ ਹੀ ਡਾਲਰ ਵਿਦੇਸ਼ੀ ਅਕਾਊਂਟ 'ਚ ਜਮ੍ਹਾਂ ਹੋ ਜਾਂਦੇ ਹਨ। ਦਿੱਲੀ ਵਿਚ ਉਚੀ ਕੁਰਸੀ ਸਾਂਭੀ ਬੈਠਿਆਂ Ultra-modern ਕਾਲੋਨੀਆਂ 'ਚ ਤਾਂ ਫਲੈਟ ਹਿੱਸੇ ਆ ਹੀ ਜਾਂਦੇ ਨੇ, ਪਰ ਰਾਜਧਾਨੀ ਵਿਚ ਬੈਠੇ (ਬਿਠਾਇਆਂ!) ਲਖਨਊ ਤੇ ਹੈਦਰਾਬਾਦ ਵਿਖੇ ਬੰਗਲੇ ਕਿਵੇਂ ਉਸਰ ਜਾਂਦੇ ਹਨ, ਇਹ ਤਾਂ ਮਾਈ ਹੀ ਜਾਣਦੀ ਹੈ। ਤੇ ਰੱਬ ਹੀ ਜਾਣੇਂ, ਇਹ ਫੌਜੀ ਅਫਸਰ, ਜਿਨ੍ਹਾਂ ਵਿਚ ਦੋ ਸਕੇ ਭਰਾ ਮੇਜਰ ਜਨਰਲ ਐਫ.ਡੀ. ਲਾਰਕਿਨਜ਼ (ਰੀਟਾਇਰਡ), ਏਅਰ ਵਾਈਸ ਮਾਰਸ਼ਲ ਕੇ.ਐਚ. ਲਾਰਕਿਨਜ਼ (ਰੀਟਾਇਰਡ), ਲੈਫਟੀਨੈਂਟ ਕਰਨਲ ਜਸਵੀਰ ਸਿੰਘ (ਰੀਟਾਇਰਡ) ਅਤੇ ਚੌਥਾ ਸਿਵਲ ਦਾ ਦਿੱਲੀ ਵਿਚ ਹੀ ਸਥਿਤ, ਬਹੁਤ ਵੱਡਾ ਬਿਜ਼ਨੈਸਮੈਨ ਜਸਪਾਲ ਸਿੰਘ ਗਿੱਲ ਸ਼ਾਮਲ ਹਨ, ਕਿੰਨੇ ਕੁ ਚਿਰ ਤੋਂ 'ਡਾਲਰਾਂ ਦਾ ਧੰਦਾ' ਕਰ ਰਹੇ ਸਨ। ਇਹ ਵੀ ਕੀ ਪਤਾ ਹੋਰ ਕਿੰਨੇ ਕੁ, ਕੌਣ-ਕੌਣ ਤੇ ਕਿੱਥੇ-ਕਿੱਥੇ ਇਹੀ 'ਕਮਾਈਆਂ' ਵਿਚ ਰੁੱਝੇ ਹੋਏ ਹਨ।

ਸਾਡੇ ਲੋਕਰਾਜੀ (ਮਾਇਆਵਾਦੀ) ਦੇਸ਼ ਵਿਚ, ਜਿਥੇ 'ਚੋਰ ਕਲਚਰ' ਦੀ ਦਾਦੀ, ਬ੍ਰਾਹਮਣਵਾਦ ਦੀ ਮਾਂ 'ਬੀਬੀ ਇੰਦਰਾ' ਰਾਜ ਗੱਦੀ ਉਤੇ, ਮੋਟੀ-ਠੁੱਲੀ ਤੇ ਬੁੱਢੀ ਨੈਣ ਵਾਂਗ ਮਰੁੜਾ ਮਾਰ ਕੇ ਬੈਠੀ ਹੋਵੇ, ਇਰਦ-ਗਿਰਦ ਸੰਜੇ-ਰਾਜੀਵ ਜਹੇ ਰਾਜੇ ਬੈਠੇ, ਜੋ ਹਾਲਾਂ ਕੱਲ੍ਹ ਗਲੀਆਂ 'ਚ ਪਤੰਗ ਉਡਾਉਂਦੇ ਫਿਰਦੇ ਸਨ, ਅੱਜ ਹੋਣਹਾਰ ਵਾਰਿਸ ਬਣ ਟਹਿਲ ਰਹੇ ਹੋਣ, ਜਿੱਥੇ ਅੰਤੁਲੇ ਸਵਰਾਜ ਜਹੇ ਠੱਗ, ਰਾਜ-ਦਰਬਾਰੀ ਭੰਡਾਂ-ਮਰਾਸੀਆਂ ਦਾ ਰੋਲ ਨਿਭਾਂ ਰਹੇ ਹੋਣ, ਅਤੇ ਸਵਾਮੀ! ਧਰਿੰਦਰ (ਬ੍ਰਹਮਚਾਰੀ?) ਜਹੇ ਸੂਰਮੇ, ਹੱਥਾਂ 'ਚ ਇੰਮਪੋਰਟਿੰਡ ਬੰਦੂਕਾਂ ਲਈ ਸ਼ਾਹ-ਦੁਆਰ 'ਤੇ ਖੜੇ ਪਹਿਰਾ ਦੇ ਰਹੇ ਹੋਣ, ਤਾਂ ਲੁੱਟੀ-ਪੁੱਟੀ ਤੇ ਦੱਬੀ-ਕੁਚਲੀ ਜਾ ਰਹੀ ਪਰਜਾ ਕੀ ਕਰੇ? ਇਹ ਤਾਂ ਹੁਣ ਲੋੜ ਨੂੰ, 'ਸੱਚ' ਰੱਖਣ ਵਾਲਿਆਂ ਦਾ ਫਰਜ਼ ਬਣਦਾ ਹੈ ਕਿ ਕੀਤਾ ਕੀ ਜਾਏ? ਅਸੀਂ ਤਾਂ ਗੱਦੀ ਉਤੇ ਬੈਠੇ ਰਾਜੇ (ਜਾਂ ਰਾਣੀ!) ਦੇ ਗੁਣ ਗਾਉਣ ਵਾਲਿਆਂ 'ਚੋਂ ਹਾਂ।

—ਇਕ ਪਾਠਕ

## 3. ਪ੍ਰੋ. ਭਾਰਦਵਾਜ ਦੀ ਦੇਣ

ਸਮਤਾ ਵਿਚ ਪ੍ਰੋ. ਭਾਰਦਵਾਜ ਦੇ ਪੰਜਾਬ ਦੀ ਮੌਜੂਦਾ ਆਰਥਕ ਤੇ ਰਾਜਨੀਤਕ ਸਥਿਤੀ ਅਤੇ ਇਸ ਵੱਲ ਕੇਂਦਰ ਦੇ ਰਵੱਈਏ ਬਾਰੇ ਲੇਖ ਛਪਦੇ ਰਹੇ ਹਨ। ਪੰਜਾਬੀ ਵਿਚ ਇਸ ਕਿਸਮ ਦਾ ਜਿਹੜਾ ਕੰਮ ਪ੍ਰੋ. ਸਾਹਿਬ ਨੇ ਕੀਤਾ ਹੈ ਉਹ ਸ਼ਾਇਦ ਇਕ ਸੰਸਥਾ ਵੀ ਨਾ ਕਰ ਸਕਦੀ। ਇਕ ਟੈਕਨੀਕਲੀ ਬੰਦੇ ਨੇ ਆਪਣੇ ਖੇਤਰ ਤੋਂ ਬਾਹਰਲੇ ਵਿਸ਼ਿਆਂ ਬਾਰੇ ਬੜੀ ਮਿਹਨਤ ਕੀਤੀ ਹੈ ਅਤੇ ਕਈ ਛੁਪੀਆਂ ਤੇ ਛੁਪਾਈਆਂ ਜਾ ਰਹੀਆਂ ਹਕੀਕਤਾਂ ਨੂੰ ਨੰਗਿਆਂ ਕੀਤਾ ਹੈ। ਨਿਰਸੰਦੇਹ ਇਹਨਾਂ ਪ੍ਰਾਪਤੀਆਂ ਲਈ ਪ੍ਰੋ. ਸਾਹਿਬ ਦਾ ਧੰਨਵਾਦ ਕਰਨਾ ਬਣਦਾ ਹੈ। ਪਰ ਅਫਸੋਸ ਹੈ ਕਿ ਭਾਰਦਵਾਜ ਦੀ ਇਸ ਘਾਲਣਾ ਵੱਲ ਬੜੀ ਤੰਗ ਨਜ਼ਰ ਤੇ ਕੱਟੜ ਕਿਸਮ ਦੀ ਪਹੁੰਚ ਅਪਣਾਈ ਗਈ ਹੈ। ਭਾਰਦਵਾਜ ਦੀ ਅਖੌਤੀ ਮਾਰਕਸਵਾਦੀ ਕਹਿਣ ਵਾਲੇ ਆਪ 'ਖੂਹ ਦੇ ਡੱਡੂ ਪੁਣੇ' ਨੂੰ ਗਲੋਂ ਉਤਾਰਨ ਲਈ ਕਿਉਂ ਤਿਆਰ ਨਹੀਂ।

"ਅਖੇ ਭਾਰਦਵਾਜ ਲੱਛੇਦਾਰ ਸ਼ੈਲੀ ਰਾਹੀਂ ਸਰਮਾਏਦਾਰ ਜਮਾਤ ਦੀ ਸੇਵਾ ਕਰ ਰਿਹਾ।"

ਹਰ ਬੁਕ ਸੇਟਾਲ ਤੇ ਨੰਗੀਆਂ ਤਸਵੀਰਾਂ ਵਾਲੇ ਚਟਪਟੇ ਮੈਗਜ਼ੀਨ ਤੇ ਨਾਵਲ ਧੜਾਧੜ ਵਿਕ ਰਹੇ ਤੇ ਵੇਚੇ ਜਾ ਰਹੇ ਹਨ। ਇਸ ਰੁਝਾਨ ਨੂੰ ਰੋਕਣ ਲਈ ਕੀ ਕੀਤਾ ਜਾ ਰਿਹੈ? ਜੇ ਪ੍ਰੋ. ਸਾਹਿਬ ਨੇ ਪੂੰਜੀਵਾਦੀ ਨੀਤੀਆਂ ਦੇ ਪਾਜ ਉਘਾੜਦਾ ਕੋਈ ਖੋਜ ਭਰਪੂਰ ਲੇਖ ਦਿਤਾ ਤਾਂ ਉਹ ਸਰਮਾਏਦਾਰੀ ਦੀ ਸੇਵਾ ਹੋ ਗਈ! ਅਜੀਬ ਗੱਲ ਹੈ।

ਪ੍ਰੋ. ਸਾਹਿਬ ਦੀ ਸ਼ੈਲੀ ਸਰਲ ਤੇ ਵਿਅੰਗਮਈ ਹੈ ਜਿਹੜੀ ਅੰਕੜੇ ਭਰਪੂਰ ਵਿਸ਼ੇ ਨੂੰ ਬੋਝਲ ਨਹੀਂ ਬਣਨ ਦਿੰਦੀ। ਕਿੰਨੀ ਹਰਮਨ ਪਿਆਰੀ ਹੋਈ ਹੈ ਪ੍ਰੋ. ਸਾਹਿਬ

ਦੀ ਲੇਖਣੀ । ਇਹ ਉਹਨਾਂ ਦੀ 'ਸ਼ਰਾਰਤ' ਨਹੀਂ ਬਲਕਿ ਵਡੱਤਣ ਹੈ । ਉਪਰੋਕਤ ਸੱਜਣ ਪ੍ਰੋ. ਭਾਰਦਵਾਜ ਦੇ ਵਿਅੰਗ ਨੂੰ ਸਮਝਣ ਵਿਚ ਅਸਲੋਂ ਅਸਮਰੱਥ ਰਹੇ ਹਨ ।

ਪੰਜਾਬੀ ਕਿਰਸਾਨੀ ਦੀਆਂ ਜਿਹੜੀਆਂ ਮੰਗਾਂ ਅਕਾਲੀ ਦਲ ਨੇ ਉਭਾਰੀਆਂ ਹਨ ਇਹ ਭਖਵੀਆਂ ਮੰਗਾਂ ਹਨ । ਜਦੋਂ ਕੇਮਿਊਨਿਸਟ ਕੁਝ ਨਹੀਂ ਕਰ ਰਹੇ ਤਾਂ ਸਰਮਾਏਦਾਰੀ ਖਾਸੇ ਵਾਲੀ ਅਕਾਲੀ ਪਾਰਟੀ ਨੂੰ ਤਾਂ ਇਸ ਦਾ ਕਰੈਡਿਟ ਜਾਵੇਗੀ ਹੀ । ਇਸਤੇ ਗਾਲ੍ਹਾਂ ਕੱਢਣ ਦਾ ਕੀ ਮਤਲਬ । ਸਿਰਫ ਚਿੱਠੀ ਛਪਵਾਉਣ ਤੇ ਆਲੋਚਨਾ ਦਾ ਝੱਸ ਪੂਰਾ ਕਰਨ ਖਾਤਰ ਇਸ ਕਿਸਮ ਦੀ ਨੁਕਤਾਚੀਨੀ ਉਸਾਰੂ ਤੇ ਸਾਰਥਕ ਬਹਿਸ ਦੀ ਥਾਂ ਤੁਅੱਸਬਬਾਜ਼ੀ ਤੱਕ ਸੁੰਗੜਕੇ ਰਹਿ ਜਾਂਦੀ ਹੈ । ਕੱਟੜਤਾ ਚਾਹੇ ਉਹ ਕਿਸੇ ਵੀ ਕਿਸਮ ਦੀ ਹੋਵੇ ਹਾਨੀਕਾਰਕ ਹੁੰਦੀ ਹੈ । ਮਿਹਰਬਾਨੀ ਕਰਕੇ ਇਸ ਕੱਟੜਤਾ ਦੀ ਲਪੇਟ ਵਿਚ ਪ੍ਰੋ. ਭਾਰਦਵਾਜ ਨੂੰ ਨਾ ਘਸੀਟੋ । ਉਹਨਾਂ ਨੂੰ ਸੁਹਿਰਦਤਾ ਤੇ ਫਰਾਖਦਿਲੀ ਨਾਲ ਸਮਝਣ ਦੀ ਲੋੜ ਹੈ ।

—ਤਰਲੋਚਨ ਸਮ ਧੌਂਵੀ

## 4. ਕੁਝ ਵਿਚਾਰ

ਆਨੰਦਪੁਰ ਦੇ ਮਤੇ ਬਾਰੇ ਪ੍ਰੋ. ਭਾਰਦੁਆਜ ਹੁਰਾਂ ਨੇ ਦਲੀਲ ਭਰਪੂਰ ਜਵਾਬ ਦਿੱਤਾ ਸਾਰਿਆਂ ਦੀ ਆਲੋਚਨਾ ਦੀ ਉਮੀਦ ਹੈ ਇਸ ਬਾਰੇ ਬਹਿਸ ਅਗੇ ਤੁਰੇਗੀ—ਪਰ ਬਹਿਸ ਦੇ ਪਧਰ ਬਾਰੇ ਉਮੀਦ ਕੀਤੀ ਜਾਂਦੀ ਹੈ, ਕਿ ਸੁਲਝੇ ਹੋਏ ਕਮਿਊਨਿਸਟ ਇਸ ਨੂੰ ਗਾਲੀ ਗਲੋਚ ਤੋਂ ਉਤੇ ਹੀ ਰੱਖਣਗੇ ਨਹੀਂ ਤਾਂ ਕਈ ਵਾਰ ਬਹੁਤ ਬਚਕਾਨੀਆਂ ਹਰਕਤਾਂ ਹੋ ਜਾਂਦੀਆਂ ਨੇ ਜਿਵੇਂ ਐਤਕੀ ਕਈਆਂ ਨੇ ਸੁਰੱਖ ਰੇਖਾ 'ਚੇ ਪ੍ਰੋ. ਹੁਰਾਂ ਨੂੰ ਅਕਾਲੀਆਂ ਦਾ ਟੁਕੜਬੋਚ ਦਸਿਆ ਹੈ । ਜਦੋਂ ਬੰਦੇ ਕੋਲ ਦਲੀਲ ਮੁੱਕ ਜਾਂਦੀ ਹੈ ਉਦੋਂ ਹੀ ਉਹ ਛਿਥਾ ਪੈ ਕੇ ਗਾਲ ਦਾ ਪ੍ਰਯੋਗ ਕਰਦਾ ਹੈ ।

ਪਿਛੇ ਜਿਹੇ ਗੁਰਨਾਮ ਸਿੰਘ ਹੁਰਾਂ ਦੀ ਇਕ ਕਹਾਣੀ ਬਾਰੇ ਵੀ ਵਾਦ ਵਿਵਾਦ ਛਿੜਿਆ ਸੀ । ਪਹਿਲੀ ਗੱਲ ਇਹ ਕੋਈ ਐਡੀ ਵੱਡੀ ਘਟਨਾ ਨਹੀਂ-ਕਮਿਊਨਿਸਟ ਵੀ ਸਿਰਫ ਬੰਦੇ ਹੀ ਹੁੰਦੇ ਨੇ । ਜੇ ਕਮਿਊਨਿਸਟਾਂ 'ਚ ਵੀ ਸਿੱਖ ਕਮਿਊਨਿਸਟ ਹਿੰਦੂ ਕਮਿਊਨਿਸਟ, ਜਦ ਕਮਿਊਨਿਸਟ ਚਮਾਰ ਕਮਿਊਨਿਸਟ ਹੋਣ ਤਾਂ ਇਹ ਬਹੁਤ ਸ਼ਰਮ ਦੀ ਗਲ ਹੈ । ਵੈਸੇ ਇਹ ਇਕ ਅੱਧਾ ਕੇਸ ਹੋ ਸਕਦਾ ਹੈ ਪਰ ਹੈ ਨਹੀਂ । ਖਰ ਨਾਲ ਹੀ ਇਕ ਮਨੋਵਿਗਿਆਨਕ ਨੁਕਤਾ ਇਹ ਹੈ ਇਹ ਸੱਜਣ (ਸ. ਗੁਰਨਾਮ ਸਿੰਘ ਹੁਰੀਂ) ਜਦੋਂ ਵੀ ਕਲਮ ਚੁਕਦੇ ਹਨ ਕਮਿਊਨਿਸਟਾਂ ਨੂੰ ਇਸੇ ਨੁਕਤੇ ਤੇ ਭੰਡਦੇ ਹਨ । ਇਹੁ ਏਨਾ ਦੀ ਆਪਣੇ ਹੀ ਇਕ ਹੀ ਗਲ ਤੇ ਬਾਰ ਬਾਰ ਅੜਨਾ ਕਿਸੇ ਹੀਣ ਭਾਵਨਾ ਕਰਕੇ ਤੇ ਨਹੀਂ ? ਮੈਂ ਵੈਸੇ ਇਨ੍ਹਾਂ ਮਿਤਰਾਂ ਨੂੰ ਜਾਣਦਾ ਨਹੀਂ । ਪਰ ਪਤਾ ਨਹੀਂ ਕਿਉਂ ਇਹ ਹਰ ਵਾਰ ਜ਼ਾਤ ਪਾਤ ਦਾ ਸ਼ਿਕਾਰ ਹੋ ਜਾਂਦੇ ਹਨ ।

ਨਿਘ ਨਾਲ ਤੁਹਾਡਾ ਹਿਤੈਚਿੰਤਕ

**ਹਰਚਰਨ ਬੈਂਸ**

## 5. ਵਤਨੋਂ ਦੂਰ

ਅਸੀਂ ਆਪ ਜੀ ਦਾ ਮਾਸਿਕ ਪਰਚਾ 'ਸਮਤਾ' ਕਾਫ਼ੀ ਸਮੇਂ ਤੋਂ ਪੜ੍ਹਦੇ ਆ ਰਹੇ ਹਾਂ । ਜਿਸ ਵਿੱਚ ਹਰ ਇੱਕ ਸਮੱਗਰੀ ਬੜੀ ਸਲਾਹੁਣ ਯੋਗ ਹੁੰਦੀ ਹੈ ।

ਇਸ ਮਹੀਨੇ ਦਸੰਬਰ 83 ਦਾ ਵੀ ਸਮਤਾ ਪੜ੍ਹਿਆ । ਜਿਸ ਨੂੰ ਪੜ੍ਹਕੇ ਬਹੁਤ ਖੁਸ਼ੀ ਹੋਈ ਕਿ ਤੁਸੀਂ 'ਵਤਨੋਂ ਦੂਰ' ਪਰਚੇ ਮੰਗਾਉਣ ਦਾ ਪ੍ਰਬੰਧ ਕਰ ਰਹੇ ਹੋ । ਜੋ ਕਿ ਇੱਕ ਬਹੁਤ ਵਧੀਆ ਕਦਮ ਚੁਕਿਆ ਹੈ । ਇਸ ਨਾਲ ਸਾਰੇ ਸਾਥੀਆਂ ਨੂੰ ਬਾਹਰ ਦੀ ਵੀ ਜਾਣਕਾਰੀ ਮਿਲਦੀ ਰਿਹਾ ਕਰੇਗੀ ।

ਅਸੀਂ ਵੀ ਪਰਚਾ 'ਵਤਨੋਂ ਦੂਰ' ਪੜ੍ਹਨ ਦੇ ਚਾਹਵਾਨ ਹਾਂ । ਸੋ ਕਿਰਪਾ ਕਰਕੇ ਸਾਨੂੰ ਵੀ 1-1 ਪਰਚਾ "ਵਤਨੋਂ ਦੂਰ" ਭੇਜਣ ਦੀ ਕ੍ਰਿਪਾਲਤਾ ਕਰਿਆ ਕਰਨੀ । ਆਪ ਜੀ ਦੀ ਬੜੀ ਮਿਹਰਬਾਨੀ ਹੋਵੇਗੀ ।

**ਸੁਖਜੀਤ ਸਿੰਘ ਸੰਧੂ-ਅਜਮੇਰ ਸਿੰਘ ਸੰਧੂ (ਭੰਦੇੜ)**

## 6. ਕੀ ਭਾਰਤ ਟੁਕੜੇ 2 ਹੋ ਜਾਵੇਗਾ ।

ਸੁਰਿੰਦਰ ਕੋਲੇ ਦੇ ਇਸ ਲੇਖ ਤੇ ਸਾਥੀ ਜਗਰੂਪ ਦੀ ਇੱਕ ਟਿੱਪਣੀ ਪੜ੍ਹੀ । ਸਾਥੀ ਜੋ ਕਹਿੰਦੇ ਕਿ ਪੰਜਾਬ 'ਚ ਵੱਖ 2 ਰੰਗ ਦੇ ਕਾਮਰੇਡ ਇਹਨਾਂ ਲਹਿਰਾਂ ਨੂੰ (ਜੋ ਪੰਜਾਬ, ਅਸਾਮ, ਮਨੀਪੁਰ, ਮੀਜ਼ੋਰਮ—) ਨੂੰ ਵੱਖਵਾਦੀ ਲਹਿਰਾਂ ਕਹਿੰਦੇ ਹਨ. ਉਹ ਕੋਈ ਬਹੁਤ ਜ਼ਿਆਦਾ ਗਲਤ ਵੀ ਨਹੀਂ । ਲਗਦੈ ਸਾਥੀ ਦੀ ਦੂਰਦਰਸ਼ੀ ਸੋਚਣੀ ਮਾਰ ਖਾ ਗਈ ਕਿਉਂਕਿ ਜਿੱਥੋਂ ਤੱਕ ਅਕਾਲੀ ਮੋਰਚੇ ਦੀਆਂ ਮੰਗਾਂ ਦਾ ਸੰਬੰਧ ਹੈ ਉਹ ਜਾਇਜ਼ (ਕਾਫ਼ੀ ਹੱਦ ਤੱਕ) ਹਨ, ਪਰ ਇਸ ਦੇ ਨਾਲ ਦਰਬਾਰ ਸਾਹਿਬ ਅੰਮ੍ਰਿਤਸਰ ਵੱਲੋਂ ਝਾਤੀ ਮਾਰੀਏ ਤਾਂ ਖਾਲਿਸਤਾਨ ਦੇ ਪੈਂਫਲੇਟ ਪੜ੍ਹਣ ਨੂੰ ਮਿਲਦੇ ਹਨ । ਤੇ ਸਾਥੀ ਸ਼ਾਇਦ ਖਾਲਿਸਤਾਨ ਨੂੰ ਠੀਕ ਹੀ ਕਹਿੰਦਾ । ਸਾਥੀ ਇਹ ਮੋਰਚਾ ਕੋਈ ਕੌਮ ਦੀ ਮੁਕਤੀ ਲਈ ਨਹੀਂ ਬਲਕਿ ਇਹ ਤੇ ਕੁਰਸੀ ਯੁੱਧ ਹੈ ਜਿਵੇਂ ਕਿ ਆਉਣ ਵਾਲੇ ਸਮੇਂ ਵੀ ਸਪਸ਼ਟ ਹੋ ਜਾਵੇਗਾ । ਜਿੱਥੋਂ ਤੱਕ ਲਹਿਰਾਂ ਦੀਆਂ ਮੰਗਾਂ ਦਾ ਸੰਬੰਧ ਹੈ ਜਾਇਜ਼ ਨੇ, ਪਰ ਜੇ ਸਾਥੀ ਜਾਂ ਕੋਈ ਹੋਰ ਸੋਚੇ ਕਿ ਖਾਲਿਸਤਾਨ, ਬਲੋਚਸਤਾਨ—ਨਾਲ ਕੌਮਾਂ ਦੀ ਲੁੱਟ ਖਤਮ ਹੋ ਜਾਊ ਤਾਂ ਗ਼ਲਤ ਹੈ, ਉਹ ਆਪ (ਲੀਡਰ) ਲੁੱਟਣ ਲਈ ਸਿਰਫ ਐਸਾ ਕਰਨਗੇ । ਸਿਰਫ ਵੱਖਰੇ ਹੋਣ ਨਾਲ ਤਾਂ ਲੁੱਟ ਖ਼ਤਮ ਨਹੀਂ ਹੋਣ ਲੱਗੀ, ਨਾਲੇ

Post Office No. P/AR—133
Registered with the Registrar, News Papers, Vide No. MA/12397-D dated 14.8.80

ਖਾਲਿਸਤਾਨ (ਜਿਵੇ ਕਿ ਸਾਥੀ ਦਾ ਇਰਾਦਾ ਹੈ) ਤੋਂ ਬਾਅਦ ਜੱਟਸਤਾਨ, ਮੱਜ਼ਬੀਸਤਾਨ, ਪਾਪਾਸਤਾਨ—ਪਤਾ ਨਹੀਂ ਕੀ 2 ਬਣ ਸਕਦੈ। ਇਹ ਕ੍ਰਿਆ ਅੱਗੇ ਵੱਧਦੀ ਹੀ ਰਹਿਣੀ ਐ।

ਸੋ ਅਸਲ ਲੋੜ ਹੈ ਇਹਨਾਂ ਨੂੰ ਇਨਕਲਾਬੀ ਦਿਸ਼ਾ ਦੇਣ ਦੀ। ਇਹ ਜੋ ਵੱਡੀਆਂ ਕੌਮਾਂ, ਛੋਟੀਆਂ ਨੂੰ ਲੁੱਟਦੀਆਂ ਹਨ, ਇਹ ਸਾਰੀ ਇਸ ਲੁੱਟੂ ਪ੍ਰਬੰਧ ਦੀ ਦੇਣ ਹੈ ਕਿਉਂਕਿ ਇਸ 'ਚ ਵੀ ਵੱਧ ਵੋਟਾਂ ਦਾ ਸਵਾਰਥ ਹੈ, ਤੇ ਇਨ੍ਹਾਂ ਦਾ ਹੱਲ ਤਾਂ ਲਟੂ ਪ੍ਰਬੰਧ ਨੂੰ ਖਤਮ ਕਰਕੇ ਹੀ ਹੋ ਸਕਦੈ। ਆਪਾ ਨੂੰ ਸਿੰਧ, ਬਲੋਚ ਜਾਂ ਖਾਲਿਸਤਾਨ ਦੀ ਹਮਾਇਤ ਨਹੀਂ ਕਰਨੀ ਚਾਹੀਦੀ, ਇਸ ਤਰ੍ਹਾਂ ਤੇ ਚੱਪੇ 2 ਤੇ ਦੇਸ਼ ਹੋਵੇਗਾ ਤੇ ਲੁੱਟ ਵੀ ਖਤਮ ਨਹੀਂ ਹੋਵੇਗੀ। ਸੋ, ਲੋੜ ਹੈ ਦੋਰੋੜ ਨੂੰ ਖਤਮ ਕਰਨ ਦੀ ਤੇ ਇਨਕਲਾਬੀ ਲਹਿਰਾਂ ਚਲਾਉਣ ਦੀ ਨਾ ਕਿ ਖਾਲਿਸਤਾਨ ਬਣਾਉਣ ਦੀ।

**ਚਰਨ ਸਿੰਘ**

---

ਇਕ ਰੀਪੋਰਟ :

**ਪੰਜਾਬ ਲੋਕ ਸਭਿਆਚਾਰ (ਪਲਸ) ਮੰਚ ਵਲੋਂ ਵਿਦਰੋਹੀ ਸੁਰ ਦੇ ਨਾਟਕ (THEATRE OF PROTEST) ਦਾ ਇਕ ਮੇਲਾ** 25 ਦਸੰਬਰ ਨੂੰ ਦੇਸ਼ ਭਗਤ ਹਾਲ, ਜਲੰਧਰ ਵਿਚ ਕੀਤਾ ਗਿਆ। ਤਿੰਨ ਨਾਟਕ 'ਟੋਆ', 'ਡਰਨਾ', ਅਤੇ 'ਹਰ ਇਕ ਨੂੰ ਜੀਣ ਦਾ ਹੱਕ ਚਾਹੀਦੈ' ਕੀਤੇ ਗਏ। ਜਲੰਧਰ ਦੇ ਸ਼ਹਿਰੀਆਂ ਲਈ ਇਹ ਨਾਟਕ ਆਪਣੇ ਆਪ ਵਿਚ ਇਕ ਨਵਾਂ ਤਜਰਬਾ ਸੀ। ਹਰ ਇਕ ਨਾਟਕ ਦਾ ਸੁਨੇਹਾ ਸਪਸ਼ਟ ਸੀ ਅਤੇ ਨਾਟਕੀ ਸ਼ੈਲੀ ਵੀ ਇਹੋ ਜਿਹੀ ਅਪਣਾਈ ਗਈ ਸੀ ਕਿ ਦਰਸ਼ਕ ਦੀ ਸੋਚ ਪੂਰੀ ਤਰ੍ਹਾਂ ਹਲੂਣੀ ਜਾਵੇ।

'ਟੋਆ' ਨਾਟਕ ਕ੍ਰਿਸ਼ਨ ਚੰਦਰ ਦੀ ਇਕ ਕਹਾਣੀ ਤੇ ਆਧਾਰਤ ਹੈ। ਇਕ ਗ਼ਰੀਬ ਬੰਦਾ ਟੋਏ ਵਿਚ ਡਿਗਿਆ ਹੈ। ਇਹ ਹਿੰਦੁਸਤਾਨ ਦੇ ਉਹਨਾ ਕਰੋੜਾਂ ਲੋਕਾਂ ਦਾ ਪ੍ਰਤੀਕ ਹੈ, ਜੋ ਗਰੀਬੀ ਦੇ ਟੋਏ ਵਿਚ ਡਿੱਗੇ ਹੋਏ ਹਨ। ਇਹਨਾਂ ਨੂੰ ਇਸ ਟੋਏ ਵਿਚੋਂ ਕੌਣ ਬਾਹਰ ਕੱਢੇਗਾ ਇਹ ਇਸ ਨਾਟਕ ਦਾ ਵਿਸ਼ਾ ਹੈ। ਸਰਕਾਰੀ ਕਰਮਚਾਰੀ ਆਂਦੇ ਹਨ। ਉਹ ਟੋਏ ਦੀ ਮਿਣਤੀ ਕਰਦੇ ਹਨ, ਪਰ ਟੋਏ ਵਿਚ ਡਿੱਗੇ ਹੋਏ ਗਰੀਬ ਨੂੰ ਬਾਹਰ ਨਹੀਂ ਕੱਢਦੇ ਕਿਉਂਕਿ ਇਹ ਉਹਨਾਂ ਦਾ ਕੰਮ ਨਹੀਂ। ਪੁਲੀਸ ਕਾਂਸਟੇਬਲ ਆਂਦਾ ਹੈ, ਉਹ ਟੋਏ ਵਿਚ ਡਿੱਗੇ ਬੰਦੇ ਦਾ ਚਾਲਾਨ ਕਰਦਾ ਹੈ, ਪਰ ਟੋਏ ਵਿਚੋਂ ਬਾਹਰ ਨਹੀਂ ਕੱਢਦਾ। ਬਾਹਰਲੇ ਦੇਸ਼ਾਂ ਵਿਚੋਂ ਅਖਬਾਰ ਨਵੀਸ ਆਂਦਾ ਹੈ, ਉਹ ਗਰੀਬ ਨਾਲ ਇੰਟਰਵਿਊ ਕਰਦਾ ਹੈ, ਪਰ ਉਸਨੂੰ ਟੋਏ ਵਿਚੋਂ ਬਾਹਰ ਕੱਢਣਾ ਉਹਦਾ ਕੰਮ ਨਹੀਂ। ਉਹ ਸਵਾਲ ਪੁੱਛਦਾ ਹੈ "ਰੂਸ ਅਤੇ ਅਮਰੀਕਾ ਵਿਚੋਂ ਉਹ ਕਿਸਨੂੰ ਚੰਗਾ ਸਮਝਦੇ ?" ਟੋਏ ਵਿਚੋਂ ਜਵਾਬ ਆਂਦਾ ਹੈ, "ਜਿਹੜਾ ਸਾਨੂੰ ਬਾਹਰ ਕੱਢੇ।" ਧਾਰਮਕ ਸਾਧੂ ਆਂਦਾ ਹੈ ਉਹ ਵੀ ਗਰੀਬ ਨੂੰ ਟੋਏ ਵਿਚੋਂ ਨਹੀਂ ਕਢਦਾ। ਉਹ ਇਹੋ ਅਸ਼ੀਰਵਾਦ ਦੇਂਦਾ ਹੈ, "ਬੱਚਾ, ਸਾਰਾ ਸੰਸਾਰ ਹੀ ਇਕ ਟੋਆ ਹੈ, ਇਸ ਲਈ ਬਾਹਰ ਆ ਕੇ ਕੀ ਕਰੇਂਗਾ, ਮੇਰੀ ਇਹੋ ਅਸ਼ੀਰਵਾਦ ਹੈ, ਜਿਥੇ ਵੀ ਰਹਿ ਸੁੱਖੀ ਰਹਿ।" ਮੰਤਰੀ ਨੇ ਆਉਣਾ ਹੈ। ਸਰਕਾਰੀ ਕਰਮਚਾਰੀ ਟੋਏ ਤੇ ਫੱਟਾ ਰੱਖਕੇ ਮੰਤਰੀ ਕੋਲੋਂ ਛੁਪਾ ਲੈਂਦੇ ਹਨ। ਮੰਤਰੀ ਨੂੰ ਸਭ ਪਤਾ ਹੈ ਪਰ ਉਹ ਜਾਣ ਬੁਝਕੇ ਅਣਦਿੱਖ ਕਰ ਰਿਹਾ ਹੈ। ਅੰਤ ਵਿਚ ਸੂਤਰਧਾਰ ਵਲੋਂ ਪੁਛਿਆ ਇਹ ਸਵਾਲ "ਕੌਣ ਇਹਨੂੰ ਬਾਹਰ ਕੱਢੇਗਾ ?" ਅੱਜ ਸਮੇਂ ਦਾ ਸਵਾਲ ਬਣ ਗਿਆ ਹੈ। ਇਹ ਨਾਟਕ ਸਿਆਸੀ ਥੀਏਟਰ ਦੀ ਇਕ ਵਧੀਆ ਮਿਸਾਲ ਹੈ।

ਦੂਜਾ ਨਾਟਕ 'ਡਰਨਾ' ਪਿੰਡਾਂ ਵਿਚ ਟਾਊਟ ਕਿਸਮ ਦੇ ਲੋਕਾਂ ਦਾ ਖੰਡਨ ਹੈ ਜੋ ਚੌਧਰੀਆਂ ਦੀ ਮਦਦ ਨਾਲ ਸਰਪੰਚ ਵੀ ਬਣ ਜਾਂਦੇ ਹਨ। ਖੇਤਾਂ ਵਿਚ ਖਲੋਤਾ 'ਡਰਨਾ' ਜੋ ਉਸ ਜ਼ੁਲਮ ਦਾ ਚਸ਼ਮਦੀਦ ਗਵਾਹ ਹੈ, ਜਦੋਂ ਗਰੀਬਾਂ ਦੀ ਕੁੜੀ ਦੀ ਇਜ਼ਤ ਸਰਦਾਰਾਂ ਦੇ ਕਾਕਿਆਂ ਕੋਲੋਂ ਲੁੱਟੀ ਜਾਂਦੀ ਹੈ, ਨਾਟਕ ਦਾ ਕਥਾਕਾਰ ਬਣਦਾ ਹੋਇਆ, ਅਖੀਰ ਵਿਚ ਲੋਕਾਂ ਦੇ ਪੱਖ ਵਿਚ ਹਰਕਤ ਵਿਚ ਆਉਂਦਾ ਹੈ। ਇਹ ਪ੍ਰਤੀਕ ਹੈ, ਉਸ ਅਮਲ ਦਾ, ਜਦੋਂ ਸਦੀਆਂ ਤੋਂ ਚੁੱਪ ਖਲੋਤੀ ਜੰਤਾ ਹਰਕਤ ਵਿਚ ਆਏਗੀ ਅਤੇ ਸਮਾਜ ਦੋਖੀ ਅਨੰਸਰ ਨੂੰ ਮਾਰਕੇ ਭਜਾਏਗੀ।

"ਹਰ ਇਕ ਨੂੰ ਜੀਣ ਦਾ ਹੱਕ ਚਾਹੀਦੈ" ਇਸ ਸਮਾਗਮ ਦਾ ਸਾਰਿਆਂ ਨਾਲੋਂ ਪ੍ਰਭਾਵਸ਼ਾਲੀ ਨਾਟਕ ਸੀ, ਜੋ ਇਕ ਵਿਸ਼ੇਸ਼ ਢੰਗ ਨਾਲ ਸਮਾਜ ਵਿਚ ਹੋ ਰਹੀਆਂ ਕੁਰੀਤੀਆਂ ਨੂੰ ਨਸ਼ਰ ਕਰਦਾ ਹੈ, ਪੁਲਸ ਸਿਪਾਹੀ ਵਲੋਂ ਗਰੀਬ ਰਿਕਸ਼ੇ ਵਾਲੇ ਦੀ ਅਜਾਈਂ ਮਾਰਕੁਟ, ਦਾਜ ਦੇ ਲਾਲਚੀਆਂ ਵਲੋਂ ਕੁੜੀਆਂ ਨੂੰ ਸਾੜਕੇ ਮਾਰਨਾ, ਅਮੀਰਾਂ ਵਲੋਂ ਵਿਆਹ ਸ਼ਾਦੀਆਂ ਤੇ ਹੋਛਾ ਵਿਖਾਵਾ ਆਦਿਕ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕੀਤਾ ਗਿਆ ਕਿ ਦਰਸ਼ਕਾਂ ਨੂੰ ਇਹਨਾਂ ਵਿਰੋਧ ਘਿਰਣਾ ਪੈਦਾ ਹੋਏ। ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਟਿਪਣੀ ਇਸ ਨਾਟਕ ਦਾ ਵਿਸ਼ੇਸ਼ ਭਾਗ ਸੀ। ਪਲਸ ਮੰਚ ਇਹੋ ਜਿਹੇ ਪ੍ਰੋਗਰਾਮ ਬਾਰੇ ਵਧਾਈ ਦਾ ਪਾਤਰ ਹੈ।

ਜਲੰਧਰ ਤੋਂ ਇਕ ਦਰਸ਼ਕ

---

## ਇਕ ਸਾਹਿਤਕ ਗੋਸ਼ਟੀ

29 ਜਨਵਰੀ 1984, ਐਤਵਾਰ ਨੂੰ ਦੁਪਹਿਰ ਇਕ ਵਜੇ ਅਦਾਰਾ ਸਮਤਾ ਵਲੋਂ ਦੋ ਕਹਾਣੀ ਲੇਖਕਾਂ, ਸ. ਕਿਰਪਾਲ ਕਜ਼ਾਕ ਅਤੇ ਸ. ਮੁਖਤਿਆਰ ਸਿੰਘ ਦੀ ਕਹਾਣੀ ਕਲਾ ਉਤੇ ਇਕ ਗੋਸ਼ਟੀ ਕੀਤੀ ਜਾ ਰਹੀ ਹੈ। ਇਹਨਾਂ ਕਹਾਣੀ ਲੇਖਕਾਂ ਦੀਆਂ ਕਹਾਣੀਆਂ ਬਾਰੇ ਪ੍ਰੋ. ਸਬਿੰਦਰਜੀਤ ਸਾਗਰ ਅਤੇ ਡਾ. ਸ਼ਹਰਯਾਰ ਪੇਪਰ ਪੜ੍ਹਣਗੇ। ਸਾਰੇ ਸਾਹਿਤਕਾਰਾਂ ਨੂੰ ਖੁੱਲ੍ਹਾ ਸੱਦਾ ਹੈ।

ਸਥਾਨ—ਗੁਰੂ ਖ਼ਾਲਸਾ ਨਿਵਾਸ, ਨਜ਼ਦੀਕ ਗੰਗਾ ਵਾਲੀ ਬਿਲਡਿੰਗ, ਅੰਮ੍ਰਿਤਸਰ।
ਸਮਾਂ—1 ਵਜੇ ਦੁਪਹਿਰ